## ਪਾਠ – 1
## ਜੈ ਭਾਰਤ ਮਾਤਾ (ਲੇਖਕ– ਸ਼ਿਵ ਕੁਮਾਰ ਬਟਾਲਵੀ)

**1. ਪ੍ਰਸ਼ਨ/ ਉੱਤਰ**

**ਪ੍ਰਸ਼ਨ ੳ. ਇਸ ਪਾਠ ਵਿਚ ਕਿਹੜੇ-ਕਿਹੜੇ ਦੇਸ਼ ਭਗਤਾਂ ਦਾ ਜ਼ਿਕਰ ਆਇਆ ਹੈ?**

ਉੱਤਰ : ਇਸ ਕਵਿਤਾ ਵਿਚ ਰਾਜਾ ਪੋਰਸ, ਸ਼ਿਵਾਜੀ, ਰਾਣਾ ਪ੍ਰਤਾਪ, ਰਾਣੀ ਝਾਂਸੀ, ਜ਼ਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦ, ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਿਰ, ਗਦਰੀ ਬਾਬੇ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਊਧਮ ਸਿੰਘ ਤੇ ਲਾਲਾ ਲਾਜ਼ਪਤ ਰਾਏ ਆਦਿ ਦੇਸ਼ ਭਗਤਾਂ ਦਾ ਜ਼ਿਕਰ ਆਇਆ ਹੈ।

**ਪ੍ਰਸ਼ਨ ਅ. ਇਸ ਕਵਿਤਾ ਵਿਚ ਦੇਸ਼ ਦੀ ਅਜ਼ਾਦੀ ਦੇ ਇਤਿਹਾਸ ਨਾਲ਼ ਸੰਬੰਧਤ ਕਿਹੜੀਆਂ-ਕਿਹੜੀਆਂ ਥਾਂਵਾਂ ਦਾ ਵਰਣਨ ਹੈ?**

ਉੱਤਰ : ਇਸ ਕਵਿਤਾ ਵਿਚ ਦੇਸ਼ ਦੀ ਅਜ਼ਾਦੀ ਦੇ ਇਤਿਹਾਸ ਨਾਲ਼ ਸੰਬੰਧਤ ਥਾਂਵਾਂ ਜ਼ਲ੍ਹਿਆਂ ਵਾਲਾ ਬਾਗ਼, ਕਾਮਾਗਾਟਾ ਮਾਰੂ ਸਾਕੇ ਨਾਲ਼ ਸੰਬੰਧਤ ਪਾਣੀ (ਬਜਬਜ ਘਾਟ) ਤੇ ਝਾਂਸੀ ਦਾ ਵਰਣਨ ਹੈ।

**2. ਹੇਠਾ ਲਿਖੀਆਂ ਸਤਰਾਂ ਦਾ ਭਾਵ ਸਪਸ਼ਟ ਕਰੋ:**

ਲਹੂਆਂ ਦੇ ਸੰਗ ਲਿਖੀ ਗਈ ਹੈ,
ਅਣਖ ਤੇਰੀ ਦੀ ਲੰਮੀ ਗਾਥਾ।

**ਅਰਥ :** ਭਾਰਤ ਮਾਤਾ ਦੀ ਅਣਖ ਅਤੇ ਅਜ਼ਾਦੀ ਦੀ ਰਾਖੀ ਖ਼ਾਤਰ ਦੇਸ਼ ਭਗਤਾਂ ਵਲੋਂ ਦਿੱਤੀਆਂ ਕੁਰਬਾਨੀਆਂ ਦੀ ਕਹਾਣੀ ਬਹੁਤ ਲੰਮੀ ਹੈ।

ਫਾਂਸੀ ਦੇ ਫੱਟਿਆਂ ’ਤੇ ਬੈਠੀ,
ਤਵਾਰੀਖ਼ ਪਈ ਆਖੇ,
ਜੈ ਭਾਰਤ, ਜੈ ਭਾਰਤ ਮਾਤਾ।

**ਅਰਥ :** ਭਾਰਤ ਮਾਤਾ ਦੀ ਅਣਖ ਅਤੇ ਅਜ਼ਾਦੀ ਦੀ ਰਾਖੀ ਖ਼ਾਤਰ ਅਨੇਕਾਂ ਸੂਰਮੇ ਫਾਂਸੀ ਉੱਤੇ ਚੜ੍ਹ ਗਏ। ਅਜਿਹੇ ਸੂਰਮਿਆਂ ਦੀ ਮਾਂ ਭਾਰਤ ਦੀ ਜੈ-ਜੈਕਾਰ ਕਰਦੇ ਹਾਂ।

**3. ਔਖੇ ਸ਼ਬਦਾਂ ਦੇ ਅਰਥ:**

ਸੰਗ : ਨਾਲ਼
ਤਵਾਰੀਖ਼ : ਇਤਿਹਾਸ , ਬੀਤੇ ਸਮੇਂ ਦੀ ਵਾਰਤਾ
ਗਾਥਾ : ਕਥਾ, ਕਹਾਣੀ
ਅਣਖ : ਸ੍ਵੈਮਾਨ, ਗ਼ੈਰਤ
ਚੰਡੀ : ਦੁਰਗਾ ਦੇਵੀ, ਤਲਵਾਰ
ਖੰਡਰ : ਡਿੱਗੀ-ਢੱਠੀ ਇਮਾਰਤ, ਖ਼ੋਲੇ
ਛਾਬਾ : ਤੱਕੜੀ ਦਾ ਇੱਕ ਪਲੜਾ, ਡੂੰਘੀ ਟੋਕਰੀ
ਅਮਰ : ਜੋ ਮਰੇ ਨਾ, ਸਦੀਵੀ, ਚਿਰੰਜੀਵ
ਸਾਕਾ : ਇਤਿਹਾਸ ਵਿਚ ਵਾਪਰੀ ਅਹਿਮ ਘਟਨਾ

## ਪਾਠ – 2
## ਪੇਮੀ ਦੇ ਨਿਆਣੇ (ਲੇਖਕ-ਪ੍ਰਿੰ. ਸੰਤ ਸਿੰਘ ਸੇਖੋਂ)

**1. ਪ੍ਰਸ਼ਨ/ ਉੱਤਰ**

**ਪ੍ਰਸ੍ਨ ੳ. ਲੇਖਕ ਅਤੇ ਉਸ ਦੀ ਭੈਣ ਨੂੰ ਬਚਪਨ ਵਿਚ ਹਰ ਰੋਜ਼ ਕਿੱਥੇ ਜਾਣਾ ਪੈਂਦਾ ਸੀ ਅਤੇ ਕਿਉਂ?**

ਉੱਤਰ : ਲੇਖਕ ਅਤੇ ਉਸ ਦੀ ਭੈਣ ਨੂੰ ਹਰ ਰੋਜ਼ ਇਕ ਵਾਰੀ ਡਰਾਉਣੀ ਜਰਨੈਲੀ ਸੜਕ ਪਾਰ ਕਰ ਕੇ ਖੇਤ ਵਿਚ ਜਾਣਾ ਪੈਂਦਾ ਸੀ, ਕਿਉਂਕਿ ਉੱਥੇ ਉਨ੍ਹਾਂ ਨੇ ਕੰਮ ਕਰਦੇ ਬਾਪੂ ਅਤੇ ਕਾਮੇ ਨੂੰ ਰੋਟੀ ਫੜਾਉਣੀ ਹੁੰਦੀ ਸੀ ।

**ਪ੍ਰਸ੍ਨ ਅ. ਬੱਚਿਆਂ ਨੂੰ ਕਿਹੜੀ ਗੱਲ ਭੈ-ਸਾਗਰ ਲਗਦੀ ਸੀ ਅਤੇ ਕਿਉਂ?**

ਉੱਤਰ : ਬੱਚਿਆਂ ਨੂੰ ਜਰਨੈਲੀ ਸੜਕ ਨੂੰ ਪਾਰ ਕਰਨਾ ਭੈ-ਸਾਗਰ ਲਗਦਾ ਸੀ, ਕਿਉਂਕਿ ਉਸ ਉੱਤੋਂ ਜਾਂਗਲੀਆਂ, ਪਠਾਣਾਂ, ਰਾਸ਼ਿਆਂ ਤੇ ਹੋਰਨਾਂ ਪ੍ਰਦੇਸੀਆਂ ਦਾ ਕਾਫ਼ੀ ਲਾਂਘਾ ਹੁੰਦਾ ਸੀ ਅਤੇ ਉਨ੍ਹਾਂ ਨੂੰ ਰਾਸ਼ਿਆਂ ਤੋਂ ਡਰ ਆਉਂਦਾ ਰਹਿੰਦਾ ਸੀ।

**ਪ੍ਰਸ੍ਨ ੲ. ਲੇਖਕ ਕਿਹੜੀਆਂ ਗੱਲਾਂ ਨੂੰ ਨਰਕ ਤੇ ਕਿਹੜੀਆਂ ਨੂੰ ਸੁਰਗ ਆਖਦਾ ਹੈ?**

ਉੱਤਰ : ਲੇਖਕ ਖੇਡ ਨੂੰ ਸੁਰਗ ਆਖਦਾ ਹੈ, ਸਭ ਤੋਂ ਵੱਡਾ ਨਰਕ ਉਨ੍ਹਾਂ ਲਈ ਮਦਰੱਸਾ (ਸਕੂਲ) ਸੀ। ਭਾਂਵੇ ਖੇਤ ਉਹਨਾਂ ਲਈ ਸੁਰਗ ਸੀ ਪਰ ਖੇਤ ਰੋਟੀ ਦੇਣ ਜਾਣ ਲਈ ਉਨ੍ਹਾਂ ਨੂੰ ਨਰਕ ਵਿਚੋਂ ਲੰਘਣਾ ਪੈਂਦਾ।

**ਪ੍ਰਸ੍ਨ ਸ. ਲੇਖਕ ਅਤੇ ਉਸ ਦੀ ਭੈਣ ਨੂੰ ਸੜਕ ਪਾਰ ਕਰਨ ਦੇ ਡਰ ਨੂੰ ਦਬਾਉਣ ਲਈ ਕਿਹੜਾ ਤਰੀਕਾ ਸੋਚਿਆ?**

ਉੱਤਰ : ਲੇਖਕ ਅਤੇ ਉਸ ਦੀ ਭੈਣ ਨੇ ਸੜਕ ਪਾਰ ਕਰਨ ਦੇ ਡਰ ਨੂੰ ਦਬਾਉਣ ਲਈ ਪਹਿਲਾਂ ਕਹਾਣੀ ਸੁਣਾਉਣ ਅਤੇ ਫਿਰ ‘ਵਾਹਿਗੁਰੂ’ ਦੇ ਨਾਂ ਦਾ ਸਹਾਰਾ ਲੈਣ ਦਾ ਤਰੀਕਾ ਸੋਚਿਆ। ਪਰ ਦੋਹਾਂ ਦਾ ਡਰ ਫਿਰ ਉਸੇ ਤਰ੍ਹਾਂ ਹੀ ਕਾਇਮ ਰਿਹਾ । .

**ਪ੍ਰਸ੍ਨ ਹ. ਭੈਣ-ਭਰਾ ਸੜਕ ਪਾਰ ਕਰਨ ਵਿਚ ਕਿਵੇਂ ਸਫਲ ਹੋਏ?**

ਉੱਤਰ : ਅੰਤ ਜਦੋਂ ਭੈਣ-ਭਰਾ ਦੇ ਸੜਕ ਪਾਰ ਕਰਨ ਦੇ ਡਰ ਨੂੰ ਦਬਾਉਣ ਦੇ ਸਾਰੇ ਤਰੀਕੇ ਫੇਲ੍ਹ ਹੋ ਗਏ, ਤਾਂ ਰੋਂਦੇ ਭਰਾ ਨੂੰ ਉਸ ਦੀ ਭੈਣ ਨੇ ਕਿਹਾ ਕਿ ਉਹ ਕਹਿਣਗੇ ਕਿ ਉਹ ਪੇਮੀ ਦੇ ਨਿਆਣੇ ਹਨ, ਰਾਸ਼ਾ ਉਨ੍ਹਾਂ ਨੂੰ ਨਾ ਫੜੇ। ਇਸ ਤਰ੍ਹਾਂ ਉਹ ਪੇਮੀ ਦਾ ਨਾਂ ਲੈ ਕੇ ਸੜਕ ਪਾਰ ਕਰਨ ਵਿਚ ਸਫਲ ਹੋ ਗਏ।

**2. ਔਖੇ ਸ਼ਬਦਾਂ ਦੇ ਅਰਥ:**

ਬੀਰ : ਵੀਰ, ਭਰਾ
ਘੁਮਾਉਂ ਕੁ : ਘੁਮਾਂ ਕੁ, ਅੱਠ ਕਨਾਲ਼ ਥਾਂ
ਪਠੋਰੇ : ਮੇਮਣੇ, ਲੇਲੇ, ਛੇਲੇ
ਸੂਫ਼ : ਕਾਲ਼ੇ ਰੰਗ ਦਾ ਕੱਪੜਾ
ਵਾਕੁਰ : ਵਾਂਗ
ਵਾਸਕਟ : ਫ਼ਤੂਹੀ, ਕੋਟੀ (ਬਿਨਾਂ ਬਾਹਾਂ ਤੋਂ)
ਭੈ-ਸਾਗਰ : ਭਵ-ਸਾਗਰ, ਸੰਸਾਰ
ਭਲੱਪਣ : ਭਲਿਆਈ, ਭਲਾਮਾਣਸੀ
ਮਦਰਸਾ : ਸਕੂਲ, ਪਾਠਸ਼ਾਲਾ
ਬੇਕਰਾਰ : ਬੇਚੈਨ, ਵਿਆਕਲ
’ਕਰਾਰ : ਇਕਰਾਰ, ਕੌਲ, ਪ੍ਰਣ, ਵਚਨ
ਢਾਰਸ : ਦਿਲਾਸਾ, ਧੀਰਜ, ਤਸੱਲੀ
ਠਠੰਬਰ ਕੇ : ਡੌਰ-ਭੌਰ ਹੋ ਕੇ, ਡਰ ਕੇ

**3. ਵਾਕਾਂ ਵਿਚ ਵਰਤੋਂ :**

1. **ਮੁਸ਼ਕਲ ਘਾਟੀ** (ਔਖਾ ਕੰਮ)- ਭੈਣ-ਭਰਾ ਨੂੰ ਡਰਾਉਣੀ ਜਰਨੈਲੀ ਸੜਕ ਨੂੰ ਪਾਰ ਕਰਨਾ ਇਕ ਮੁਸ਼ਕਲ ਘਾਟੀ ਪ੍ਰਤੀਤ ਹੁੰਦਾ ਸੀ ।
2. **ਸ਼ਰਨ** (ਆਸਰਾ)- ਗੁਰੂ-ਘਰ ਵਿਚ ਹਰ ਇੱਕ ਨੂੰ ਸ਼ਰਨ ਮਿਲਦੀ ਹੈ ।
3. **ਮੰਤਵ** (ਉਦੇਸ਼)- ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਮੰਤਵ ਦੇਸ਼ ਅਜ਼ਾਦ ਕਰਵਾਉਣਾ ਸੀ।
4. **ਰੁਝੇਵੇਂ** (ਕੰਮ)- ਬੰਦਾ ਮੁੱਕ ਜਾਂਦਾ ਪਰ ਉਸ ਦੇ ਰੁਝੇਵੇਂ ਨਹੀਂ ਮੁੱਕਦੇ ।
5. **ਗੁਸਤਾਖ਼ੀ** (ਸ਼ਰਾਰਤ)- ਮੋਹਨ ਨੇ ਸਕੂਲ ਵਿਚ ਅਨੁਸਾਸ਼ਨ ਤੋੜਣ ਦੀ ਗੁਸਤਾਖ਼ੀ ਕੀਤੀ ਤਾਂ ਉਸ ਨੂੰ ਅਧਿਆਪਕ ਵਲੋਂ ਸਜ਼ਾ ਮਿਲੀ।
6. **ਦਿਲਾਸਾ** (ਧੀਰਜ)- ਹਾਰ ਚੁੱਕੇ ਵਿਅਕਤੀ ਨੂੰ ਵੀ ਦਿਲਾਸਾ ਮਿਲਣ ਤੇ ਮਿਹਨਤ ਕਰਨ ਦੀ ਪ੍ਰੇਰਨਾ ਮਿਲਦੀ ਹੈ।
7. **ਠਠੰਬਰ ਕੇ** (ਡਰ ਕੇ)- ਰਾਸ਼ੇ ਵਰਗਾ ਆਦਮੀ ਦੇਖ ਕੇ ਭੈਣ-ਭਰਾ ਠਠੰਬਰ ਕੇ ਖਲੋ ਗਏ।

**8. ਘਾਤ ਲਾਈ ਖਲੋਤਾ** (ਹਮਲਾ ਕਰਨ ਲਈ ਉਹਲੇ ਵਿਚ ਬੈਠਾ)- ਪੁਲਿਸ ਚੋਰ ਨੂੰ ਫੜਨ ਲਈ ਘਾਤ ਲਾਈ ਬੈਠੀ ਸੀ।

**ਵਿਆਕਰਨ :**

**ਨਾਂਵ ਕੀ ਹੁੰਦਾ ਹੈ ਅਤੇ ਇਸਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਓ ।**

ਕਿਸੇ ਵਿਅਕਤੀ, ਚੀਜ਼, ਸਥਾਨ, ਗੁਣ, ਭਾਵ ਆਦਿ ਦਾ ਬੋਧ ਕਰਾਉਣ ਵਾਲੇ ਸ਼ਬਦਾਂ ਨੂੰ ਨਾਂਵ ਕਿਹਾ ਜਾਂਦਾ ਹੈ; ਜਿਵੇਂ- ਪਿੰਡ, ਏਕਮ, ਸੋਨਾ, ਜਮਾਤ, ਰੇਤ, ਖੁਸ਼ੀ ਆਦਿ।

**ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ:**

1. ਆਮ ਨਾਂਵ ਜਾਂ ਜਾਤੀ ਵਾਚਕ ਨਾਂਵ
2. ਖ਼ਾਸ ਨਾਂਵ ਜਾਂ ਨਿੱਜਵਾਚਕ ਨਾਂਵ
3. ਇਕੱਠਵਾਚਕ ਨਾਂਵ
4. ਭਾਵਵਾਚਕ ਨਾਂਵ
5. ਪਦਾਰਥਵਾਚਕ ਨਾਂਵ

**1. ਆਮ ਨਾਂਵ ਜਾਂ ਜਾਤੀਵਾਚਕ ਨਾਂਵ :** ਜਿਹੜੇ ਸ਼ਬਦ ਕਿਸੇ ਚੀਜ਼, ਜੀਵ ਜਾਂ ਸਥਾਨ ਆਦਿ ਦੀ ਪੂਰੀ ਜਾਤੀ ਜਾਂ ਸ੍ਰੇਣੀ ਦਾ ਬੋਧ ਕਰਾਉਣ, ਉਨ੍ਹਾਂ ਨੂੰ ਆਮ ਨਾਂਵ ਆਖਿਆ ਜਾਂਦਾ ਹੈ; ਜਿਵੇਂ- ਸੜਕ, ਪਠਾਣ, ਆਦਮੀ, ਮਦਰੱਸਾ ਆਦਿ ।

**2. ਖ਼ਾਸ ਨਾਂਵ ਜਾਂ ਨਿੱਜਵਾਚਕ ਨਾਂਵ :** ਜਿਹੜੇ ਸ਼ਬਦ ਕਿਸੇ ਖ਼ਾਸ ਵਿਅਕਤੀ, ਚੀਜ਼ ਜਾਂ ਸਥਾਨ ਦੇ ਨਾਂ ਦਾ ਬੋਧ ਕਰਾਉਣ, ਉਨ੍ਹਾਂ ਨੂੰ ਖ਼ਾਸ ਨਾਂਵ ਆਖਿਆ ਜਾਂਦਾ ਹੈ; ਜਿਵੇਂ- ਗੁਰਪ੍ਰੀਤ ਸਿੰਘ, ਸ਼੍ਰੀ ਅੰਮ੍ਰਿਤਸਰ ਸਾਹਿਬ, ਹਿਮਾਲਾ, ਮਾਊਂਟ ਐਵਰੈਸਟ, ਬਿਆਸ ਆਦਿ ।

## ਪਾਠ -3
## ਛਿੰਞ ਛਰਾਹਾਂ ਦੀ (ਲੇਖਕ-ਅਮਰੀਕ ਸਿੰਘ ਦਿਆਲ)

**1. ਪ੍ਰਸ਼ਨ/ਉੱਤਰ**

**ਪ੍ਰਸ਼ਨ ੳ. 'ਛਿੰਞ ਛਰਾਹਾਂ ਦੀ' ਦਾ ਮੇਲਾ ਕਿੱਥੇ ਅਤੇ ਕਦੋਂ ਲੱਗਦਾ ਹੈ? ਇਸ ਮੇਲੇ ਦਾ ਇਹ ਨਾਂ ਕਿਵੇਂ ਪਿਆ?**

ਉੱਤਰ : 'ਛਿੰਞ ਛਰਾਹਾ ਦੀ' ਦਾ ਮੇਲਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਤੋਂ ਚੜ੍ਹਦੇ ਪਾਸੇ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿਚ ਵਸੇ 'ਬੀਤ' ਦੇ ਇਲਾਕੇ ਦੇ ਪਿੰਡ ਅਚਲਪੁਰ ਵਿਖੇ ਹਰ ਸਾਲ ਮੱਘਰ ਮਹੀਨੇ ਦੇ ਜੇਠੇ (ਪਹਿਲੇ) ਐਤਵਾਰ ਤੋਂ ਸ਼ੁਰੂ ਹੋ ਕੇ ਚਾਰ ਦਿਨ ਚਲਦਾ ਹੈ। ਛੇ ਰਾਹਾਂ ਦਾ ਕੇਂਦਰ-ਬਿੰਦੂ ਹੋਣ ਕਰਕੇ ਇਸ ਮੇਲੇ ਦਾ ਨਾਂ 'ਛਿੰਞ ਛਰਾਹਾਂ ਦੀ' ਪੈ ਗਿਆ।

**ਪ੍ਰਸ਼ਨ ਅ. ਇਸ ਮੇਲੇ ਵਿਚ ਕਿਹੜੀਆਂ-ਕਿਹੜੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ?** ਉੱਤਰ : ਇਸ ਮੇਲੇ ਵਿਚ ਪਹੁੰਚਣ ਵਾਲੇ ਲੋਕ ਸਭ ਤੋਂ ਪਹਿਲਾਂ ਸਿੱਧ ਬਾਬਾ ਬਾਲਕ ਨਾਥ ਦੇ ਮੰਦਰ ਵਿਖੇ ਮੱਥਾ ਟੇਕਦੇ ਹਨ, ਮੰਨਤਾਂ ਮੰਨਦੇ ਤੇ ਸੁੱਖਣਾ ਲਾਹੁੰਦੇ ਹਨ। ਮੇਲੇ ਵਾਲੇ ਐਤਵਾਰ ਤੋਂ ਮਹੀਨਾ ਪਹਿਲਾਂ ਚਾਰ ਜੱਗ ਕਰਾਏ ਜਾਂਦੇ ਹਨ। ਘਰਾਂ ਵਿਚ ਮਾਹਾਂ ਦੀ ਦਾਲ ਜ਼ਰੂਰ ਬਣਦੀ ਹੈ।

**ਪ੍ਰਸ਼ਨ ੲ. ਕਿਰਸਾਣੀ ਜੀਵਨ ਅਤੇ ਆਮ ਲੋਕਾਂ ਦਾ ਇਸ ਮੇਲੇ ਨਾਲ ਸੰਬੰਧ ਕਿਵੇਂ ਜੁੜਿਆ ਹੋਇਆ ਹੈ?**

ਉੱਤਰ : ਇਸ ਮੇਲੇ ਦਾ ਕਿਰਸਾਣੀ ਜੀਵਨ ਨਾਲ ਵੀ ਡੂੰਘਾ ਸੰਬੰਧ ਹੈ। ਇਨ੍ਹਾਂ ਦਿਨਾਂ ਵਿਚ ਕਿਰਸਾਣ ਮੱਕੀ ਦੀ ਸੰਭਾਲ ਅਤੇ ਕਣਕ ਦੀ ਬਿਜਾਈ ਦਾ ਕੰਮ ਖ਼ਤਮ ਕਰ ਕੇ ਮੇਲੇ ਵਿਚ ਹਿੱਸਾ ਲੈਣ ਲਈ ਵਿਹਲੇ ਹੁੰਦੇ ਹਨ। ਉੱਥੇ ਪੁਰਾਣੇ ਸਮੇਂ ਵਿਚ ਇਸ ਮੇਲੇ ਵਿਚ ਮਿੱਟੀ ਦੇ ਭਾਂਡਿਆਂ ਤੇ ਨਿੱਤ ਵਰਤੋਂ ਦੀਆਂ ਬਹੁਤ ਸਾਰੀਆਂ ਚੀਜਾਂ ਦਾ ਬਜ਼ਾਰ ਲੱਗ ਜਾਂਦਾ ਸੀ। ਬਾਜ਼ਾਰ ਦੂਰ ਹੋਣ ਕਾਰਨ ਲੋਕ ਇਥੋਂ ਸਾਲ ਭਰ ਜੋਗਾ ਸਮਾਨ ਖਰੀਦ ਲੈਂਦੇ ਸਨ।

**ਪਸ਼ਨ ਸ. ਸਮੇਂ ਦੇ ਬੀਤਣ ਨਾਲ ਇਸ ਮੇਲੇ ਵਿਚ ਕਿਹੜਾ ਅੰਤਰ ਦੇਖਣ ਨੂੰ ਮਿਲਿਆ?**

ਉੱਤਰ : ਸਮੇਂ ਦੇ ਬੀਤਣ ਨਾਲ ਇਸ ਮੇਲੇ ਦਾ ਰੰਗ ਬਦਲ ਗਿਆ ਹੈ। ਹੁਣ ਇਸ ਵਿੱਚ ਪੁਰਾਣੀ ਤਕਨੀਕ ਵਾਲੀਆਂ ਫੋਟੋਗ੍ਰਾਫ਼ਰਾਂ ਦੀਆਂ ਦੁਕਾਨਾਂ ਨਹੀਂ ਦਿਖਾਈ ਦਿੰਦੀਆਂ । ਬਲਦਾਂ ਦੀ ਲਗਦੀ ਭਾਰੀ ਮੰਡੀ ਵੀ ਕਈ ਸਾਲਾਂ ਤੋਂ ਗਾਇਬ ਹੈ। ਸ਼ਿੰਗਾਰੇ ਹੋਏ ਊਠਾਂ ਦੀ ਮੰਡੀ ਵੀ ਹੁਣ ਰਵਾਇਤ ਮਾਤਰ ਰਹਿ ਗਈ ਹੈ।

**ਪ੍ਰਸ਼ਨ ਹ. ਪੁਰਾਣੇ ਸਮਿਆਂ ਵਿਚ ਇਸ ਮੇਲੇ ਪ੍ਰਤੀ ਲੋਕਾ ਦਾ ਉਤਸ਼ਾਹ ਕਿਹੋ-ਜਿਹਾ ਹੁੰਦਾ ਸੀ?**

ਉੱਤਰ : ਛਿੰਞ ਛਰਾਹਾਂ ਦੀ ਮੇਲੇ ਨੂੰ ਮਨਾਉਣ ਲਈ ਆਲੇ ਦੁਆਲੇ ਦੇ ਪਿੰਡਾਂ ਵਿੱਚ ਕਈ-ਕਈ ਦਿਨ ਪਹਿਲਾਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਕੱਚੇ ਘਰਾਂ ਨੂੰ ਲਿੱਪਿਆ-ਪੋਚਿਆ ਅਤੇ ਬੈਠਕਾਂ ਨੂੰ ਸ਼ਿੰਗਾਰਿਆ ਜਾਂਦਾ ਸੀ। ਮੇਲੇ ਤੋਂ ਪਹਿਲਾਂ ਹੀ ਮਹਿਮਾਨਾਂ ਦਾ ਆਉਣਾ ਸ਼ੁਰੂ ਹੋ ਜਾਂਦਾ ਸੀ । ਪ੍ਰਾਹੁਣਚਾਰੀ ਲਈ ਲੋਕ ਪੱਬਾਂ ਭਾਰ ਹੋ ਜਾਂਦੇ ਸਨ।

**ਪ੍ਰਸ਼ਨ ਕ. 'ਛਰਾਹਾਂ ਦੀ ਛਿੰਞ' ਮੇਲੇ ਦਾ ਦ੍ਰਿਸ਼ ਵਰਣਨ ਕਰੋ ।**

ਉੱਤਰ : ਇਸ ਮੇਲੇ ਵਿਚ ਸ਼ਾਮਿਲ ਹੋਣ ਲਈ ਪੰਜਾਬ ਤੇ ਹਿਮਾਚਲ ਦੇ ਲੋਕ ਦੂਰੋਂ-ਦੂਰੋਂ ਪਹੁੰਚਦੇ ਹਨ।ਅਸਮਾਨ ਛੂਹਦੇ ਚੰਡੋਲ ਮੇਲੇ ਦਾ ਸ਼ਿੰਗਾਰ ਹੁੰਦੇ ਹਨ। ਮੁਟਿਆਰਾਂ ਦੀ ਮੁਨਿਆਰੀ ਦੀਆਂ ਦੁਕਾਨਾਂ 'ਤੇ ਭੀੜ ਜੁੜੀ ਹੁੰਦੀ ਹੈ ਤੇ ਗੱਭਰੂ ਟੋਲੀਆਂ ਬਣਾ ਕੇ ਘੁੰਮ ਰਹੇ ਹੁੰਦੇ ਹਨ। ਪਿਛਲੇ ਡੇਢ ਕੁ ਦਹਾਕੇ ਤੋਂ ਤਿੰਨ-ਰੋਜ਼ਾ ਖੇਡ ਤੇ ਸਭਿਆਚਾਰਕ ਮੇਲਾ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ ।

**2. ਔਖੇ ਸ਼ਬਦਾਂ ਦੇ ਅਰਥ :**

ਸ਼ੁਕੀਨ : ਸ਼ੌਕੀ, ਬਾਂਕੇ, ਬਣ-ਠਣ ਕੇ ਰਹਿਣ ਵਾਲੇ

ਟੋਟਕਾ : ਜਾਦੂ-ਅਸਰ ਗੀਤ

ਵਿਰਾਸਤੀ : ਉਹ ਚੀਜ਼, ਜੋ ਪੁਰਖਿਆਂ ਤੋਂ ਮਿਲੀ ਹੋਵੇ

ਮੰਨਤ : ਕਿਸੇ ਕਾਮਨਾ ਪੂਰਤੀ ਲਈ ਸੁੱਖੀ ਸੁੱਖ, ਮਨੌਤ

ਦਰਪਣ : ਮੂੰਹ ਦੇਖਣ ਵਾਲਾ ਸ਼ੀਸ਼ਾ

ਮਕਬੂਲੀਅਤ : ਪ੍ਰਸਿੱਧੀ, ਪ੍ਰਵਾਨਗੀ, ਮਸ਼ਹੂਰੀ

ਮੁਹਾਲ : ਔਖਾ, ਕਠਿਨ, ਮੁਸ਼ਕਲ

ਮਹਿਜ਼ : ਕੇਵਲ, ਸਿਰਫ਼

ਬਰਕਰਾਰ : ਕਾਇਮ, ਸਥਿਰ, ਜਿਉਂ ਦਾ ਤਿਉਂ

ਸਰਸ਼ਾਰ : ਭਰਪੂਰ, ਭਰਿਆ ਹੋਇਆ

**3. ਹੇਠ ਲਿਖੇ ਸ਼ਬਦਾਂ ਦੀ ਵਾਕਾਂ ਵਿਚ ਵਰਤੋਂ**

**1. ਘੁੱਗ ਵਸਦੇ** (ਸੰਘਣੀ ਅਬਾਦੀ ਵਾਲੇ )- ਅੱਤਵਾਦ ਦੇ ਦੌਰ ਨੇ ਘੁੱਗ ਵਸਦੇ ਪਿੰਡਾਂ ਨੂੰ ਉਜਾੜ ਦਿੱਤਾ।

**2. ਆਪ-ਮੁਹਾਰੇ** (ਬੇਕਾਬੂ ਹੋਏ)- ਨੌਜਵਾਨ ਆਪ-ਮੁਹਾਰੇ ਮੇਲਿਆਂ ਵਿਚ ਪਹੁੰਚ ਜਾਂਦੇ ਹਨ।

**3. ਸਸ਼ੋਭਿਤ** (ਸੁੰਦਰ, ਸਜਿਆ ਹੋਇਆ)- ਫ਼ਰੀਦਕੋਟ ਵਿਚਕਾਰ ਬਾਬਾ ਸ਼ੇਖ ਫ਼ਰੀਦ ਗੁਰੂਦੁਆਰਾ ਸੁਸ਼ੋਭਿਤ ਹੈ ।

**4. ਨਤਮਸਤਕ ਹੋਣਾ** (ਸਤਿਕਾਰ ਨਾਲ ਸਿਰ ਝੁਕਾ ਕੇ ਖੜੇ ਹੋਣਾ)- ਸ੍ਰੀ ਹਰਿਮੰਦਰ ਸਾਹਿਬ ਵਿਚ ਹਰ ਰੋਜ਼ ਹਜ਼ਾਰਾਂ ਸ਼ਰਧਾਲੂ ਨਤਮਸਤਕ ਹੁੰਦੇ ਹਨ ।

**5. ਸਰਸ਼ਾਰ ਕਰ ਦੇਣਾ** (ਅਨੰਦ ਨਾਲ ਭਰ ਦੇਣਾ)- ਸਭਿਆਚਾਰਕ ਮੇਲੇ ਰੂਹ ਨੂੰ ਸਰਸ਼ਾਰ ਕਰ ਦਿੰਦੇ ਹਨ ।

**6. ਪ੍ਰਦਰਸ਼ਨੀ** (ਨੁਮਾਇਸ਼)- ਬਾਬਾ ਫ਼ਰੀਦ ਮੇਲੇ ਵਿਚ ਪੁਰਾਤਨ ਸਮਾਨ ਦੀ ਪ੍ਰਦਰਸ਼ਨੀ ਲਗਦੀ ਹੈ।

**7. ਪੱਬਾਂ ਭਾਰ ਹੋਣਾ** (ਤਤਪਰ ਹੋਣਾ)- ਸੰਸਾਰ ਕੱਪ ਜਿੱਤ ਕੇ ਆਈ ਟੀਮ ਦੇ ਸੁਆਗਤ ਲਈ ਪੂਰਾ ਦੇਸ਼ ਪੱਬਾਂ ਭਾਰ ਸੀ।

**8. ਹਫ਼ੜਾ-ਦਫ਼ੜੀ** (ਘਬਰਾ ਕੇ ਜਿਧਰ ਮੂੰਹ ਆਏ ਦੌੜਨਾ)- ਮੇਲੇ ਵਿਚ ਲੜਾਈ ਹੋਣ ਕਾਰਨ ਹਫ਼ੜਾ-ਦਫ਼ੜੀ ਮਚ ਗਈ ।

**9. ਅਸਮਾਨ ਛੂੰਹਦੇ** (ਬਹੁਤ ਉੱਚੇ)- ਵੱਡੇ ਸ਼ਹਿਰਾਂ ਵਿਚ ਅਸਮਾਨ ਛੂੰਹਦੀਆਂ ਬਿਲਡਿੰਗਾਂ ਬਣੀਆਂ ਹੋਈਆਂ ਹਨ ।

**10. ਦੂਣ-ਸਵਾਇਆ ਹੋਣਾ** (ਬਹੁਤ ਵਧ ਜਾਣਾ )- ਮੇਲੇ ਵਿਚ ਝੂਲੇ ਲੱਗੇ ਦੇਖ ਬੱਚਿਆਂ ਦਾ ਚਾਅ ਦੂਣ-ਸਵਾਇਆ ਹੋ ਜਾਂਦਾ ਹੈ।

**4. ਵਿਆਕਰਨ**

**3. ਵਸਤੂਵਾਚਕ ਨਾਂਵ :** ਜਿਹੜੇ ਸ਼ਬਦਾਂ ਤੋਂ ਤੋਲਣ, ਮਿਣਨ ਜਾਂ ਮਾਪੀਆਂ ਜਾਣ ਵਾਲੀਆਂ ਵਸਤੂਆਂ ਦੇ ਨਾਂ ਦਾ ਬੋਧ ਹੋਵੇ, ਉਨ੍ਹਾਂ ਨੂੰ ਵਸਤੂਵਾਚਕ ਨਾਂਵ ਆਖਿਆ ਜਾਂਦਾ ਹੈ; ਜਿਵੇਂ- ਪਾਣੀ, ਤੇਲ, ਸੋਨਾ, ਚਾਂਦੀ, ਕੱਪੜਾ, ਮਿੱਟੀ ਆਦਿ।

**4. ਇਕੱਠਵਾਚਕ ਨਾਂਵ :** ਜਿਹੜੇ ਸ਼ਬਦ ਮਨੁੱਖਾਂ, ਜੀਵਾਂ ਜਾਂ ਵਸਤਾਂ ਦੇ ਗਿਣਨਯੋਗ ਇਕੱਠ ਜਾਂ ਸਮੂਹ ਦਾ ਗਿਆਨ ਕਰਵਾਉਣ, ਉਨ੍ਹਾਂ ਨੂੰ ਇਕੱਠਵਾਚਕ ਨਾਂਵ ਆਖਦੇ ਹਨ; ਜਿਵੇਂ- ਜੰਞ, ਜਮਾਤ, ਮੇਲਾ, ਢਾਣੀ, ਡਾਰ, ਫ਼ੌਜ, ਇੱਜੜ ਆਦਿ।

**5. ਭਾਵਵਾਚਕ ਨਾਂਵ :** ਜਿਹੜੇ ਸ਼ਬਦਾਂ ਤੋਂ ਕਿਸੇ ਭਾਵ, ਗੁਣ ਜਾਂ ਹਾਲਤ ਆਦਿ ਦਾ ਗਿਆਨ ਹੋਵੇ, ਉਨ੍ਹਾਂ ਨੂੰ ਭਾਵਵਾਚਕ ਨਾਂਵ ਆਖਿਆ ਜਾਂਦਾ ਹੈ; ਜਿਵੇਂ- ਹਾਸਾ, ਰੋਣਾ, ਸ਼ਰਧਾ, ਸੱਚ, ਖ਼ੁਸ਼ੀ, ਗਮੀ, ਪਿਆਰ ਆਦਿ ।

## ਪਾਠ – 4
## ਸ਼੍ਰੀ ਗੁਰੂ ਅਰਜਨ ਦੇਵ ਜੀ (ਲੇਖਕ-ਡਾ. ਹਰਜਿੰਦਰ ਕੌਰ)

**1. ਪ੍ਰਸ਼ਨ/ ਉੱਤਰ**

**ਪ੍ਰਸ਼ਨ ੳ. ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ? ਉਨ੍ਹਾਂ ਦੇ ਮਾਤਾ-ਪਿਤਾ ਦਾ ਕੀ ਨਾਂ ਸੀ?**

ਉੱਤਰ : ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਈ: ਨੂੰ ਹੋਇਆਂ। ਉਨ੍ਹਾਂ ਦੇ ਪਿਤਾ ਜੀ ਦਾ ਨਾਂ ਗੁਰੂ ਰਾਮ ਦਾਸ ਜੀ ਅਤੇ ਮਾਤਾ ਜੀ ਦਾ ਨਾਂ ਬੀਬੀ ਭਾਨੀ ਸੀ।

**ਪ੍ਰਸ਼ਨ ਅ. ਗੁਰੂ ਅਰਜਨ ਦੇਵ ਜੀ ਨੇ ਮੁੱਢਲੀ ਵਿੱਦਿਆ ਕਿੱਥੋ ਪ੍ਰਾਪਤ ਕੀਤੀ?**

ਉੱਤਰ : ਗੁਰੂ ਅਰਜਨ ਦੇਵ ਜੀ ਨੇ ਮੁੱਢਲੀ ਵਿੱਦਿਆ ਬਾਬਾ ਬੁੱਢਾ ਜੀ ਤੋਂ ਪ੍ਰਾਪਤ ਕੀਤੀ।

**ਪ੍ਰਸ਼ਨ ੲ. ਗੁਰੂ ਅਰਜਨ ਦੇਵ ਜੀ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਕਿਸ ਨੇ ਦਿੱਤਾ ਅਤੇ ਆਪ ਇਸ ਕਥਨ ਉੱਤੇ ਕਿਵੇਂ ਖਰੇ ਉੱਤਰੇ?**

ਉੱਤਰ : ਗੁਰੂ ਅਰਜਨ ਦੇਵ ਜੀ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਆਪ ਦੇ ਨਾਨਾ ਗੁਰੂ ਅਮਰਦਾਸ ਜੀ ਨੇ ਦਿੱਤਾ। ਗੁਰ ਗ੍ਰੰਥ ਸਾਹਿਬ ਵਿਚ ਦਰਜ ਕੁੱਲ 5894 ਸ਼ਬਦਾਂ ਵਿਚੋਂ 2218 ਦੀ ਰਚਨਾ ਕਰ ਕੇ ਆਪ ਇਸ ਕਥਨ ਉੱਤੇ ਖਰੇ ਉੱਤਰੇ।

**ਪ੍ਰਸ਼ਨ ਸ. ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਕਿਹੜੀ ਹੈ? ਉਸ ਬਾਰੇ ਕੁੱਝ ਸਤਰਾਂ ਲਿਖੋ।**

ਉੱਤਰ : 'ਸੁਖਮਨੀ' ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਹੈ। ਇਸ ਵਿਚ ਬਹੁਤ ਸਰਲ ਢੰਗ ਨਾਲ ਨਾਮ ਸਿਮਰਨ, ਸੰਤ, ਭਗਤ ਬ੍ਰਹਮ-ਗਿਆਨੀ ਤੇ ਜੀਵਨ-ਜੁਗਤ ਆਦਿ ਸੰਬਧੀ ਵਿਚਾਰ ਪੇਸ਼ ਕੀਤੇ ਗਏ ਹਨ ।

**ਪ੍ਰਸ਼ਨ ਹ. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕੰਮ ਕਿਸ ਨੇ ਕੀਤਾ ਅਤੇ ਇਹ ਕਾਰਜ ਕਦੋਂ ਸੰਪੂਰਨ ਹੋਇਆ?**

ਉੱਤਰ : ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕੰਮ ਗੁਰੂ ਅਰਜਨ ਦੇਵ ਜੀ ਨੇ ਕੀਤਾ ਅਤੇ ਇਹ ਕਾਰਜ 1604 ਈ: ਵਿਚ ਸੰਪੂਰਨ ਹੋਇਆ।

**ਪ੍ਰਸ਼ਨ ਕ. ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਤੋਂ ਅਤੇ ਕਦੋਂ ਰਖਵਾਈ ਗਈ?**

ਉੱਤਰ : ਸ਼੍ਰੀ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆ ਮੀਰ ਤੋਂ 1588 ਈ: ਵਿਚ ਰਖਵਾਈ ਗਈ।

**ਪ੍ਰਸ਼ਨ ਖ. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਹੜੇ-ਕਿਹੜੇ ਭਗਤਾਂ ਦੀ ਬਾਣੀ ਹੈ? ਕਿਸੇ ਪੰਜ ਦੇ ਨਾਂ ਲਿਖੋ।**

ਉੱਤਰ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ, ਭਗਤ ਰਾਮਾਨੰਦ ਜੀ, ਭਗਤ ਬੇਣੀ ਜੀ, ਭਗਤ ਨਾਮਦੇਵ ਜੀ ਅਤੇ ਭਗਤ ਸਧਨਾ ਜੀ ਦੀ ਬਾਣੀ ਦਰਜ ਹੈ।

**ਪ੍ਰਸ਼ਨ ਗ. ਗੁਰੂ ਅਰਜਨ ਦੇਵ ਜੀ ਨੇ ਜਨਤਕ ਭਲਾਈ ਦੇ ਕਿਹੜੇ-ਕਿਹੜੇ ਕੰਮ ਕੀਤੇ?**

ਉੱਤਰ : ਗੁਰੂ ਅਰਜਨ ਦੇਵ ਜੀ ਨੇ ਜਨਤਕ ਭਲਾਈ ਲਈ ਸੰਤੋਖਸਰ ਤੇ ਰਾਮਸਰ ਵਿਖੇ ਸਰੋਵਰ ਬਣਵਾਏ, ਤਰਨ ਤਾਰਨ ਨਗਰ ਵਸਾ ਕੇ ਉਸ ਵਿਚ ਕੋੜ੍ਹੀਆਂ ਲਈ ਹਸਪਤਾਲ ਖੋਲ੍ਹਿਆ, ਲਾਹੌਰ ਵਿਚ ਬਾਉਲੀ ਬਣਵਾਈ, ਦਸਵੰਦ ਦੀ ਪ੍ਰਥਾ ਆਰੰਭ ਕੀਤੀ ਅਤੇ ਕਾਬਲ, ਕੰਧਾਰ ਤੇ ਢਾਕੇ ਤੱਕ ਵਪਾਰ ਦੇ ਕੰਮ ਨੂੰ ਉਤਸ਼ਾਹ ਦਿੱਤਾ।

**ਪ੍ਰਸ਼ਨ ਘ. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਜਾ ਪਾਓ।**

ਉੱਤਰ : ਗੁਰੂ ਅਰਜਨ ਦੇਵ ਜੀ ਸ਼ਾਂਤੀ ਅਤੇ ਧਰਮ ਲਈ ਕੁਰਬਾਨੀ ਦੇ ਪੁੰਜ ਸਨ। ਇਸਲਾਮ ਧਰਮ ਕਬੂਲ ਨਾ ਕਰਨ ਕਰਕੇ ਮੁਗਲ ਹਕੂਮਤ ਨੇ ਆਪ ਨੂੰ ਅਸਹਿ ਤਸੀਹੇ ਦਿੱਤੇ। ਆਪ ਨੂੰ ਤੱਤੀ ਤਵੀ ਉੱਤੇ ਬਿਠਾ ਕੇ ਸੀਸ ਉੱਤੇ ਤੱਤੀ ਰੇਤ ਪਾਈ ਗਈ। ਅੰਤ ਆਪ ਪ੍ਰਭੂ ਦੇ ਭਾਣੇ ਵਿਚ ਅਡੋਲ ਰਹਿੰਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ।

**2. ਔਖੇ ਸ਼ਬਦਾਂ ਦੇ ਅਰਥ :**

ਵਿਰਸਾ : ਵੱਡੇ-ਵਡੇਰਿਆਂ ਦੀ ਉਹ ਜਾਇਦਾਦ ਜੋ ਅਗਲੀ ਪੀੜੀ ਨੂੰ ਮਿਲੇ
ਬਖ਼ੂਬੀ : ਬਹੁਤ ਚੰਗੀ ਤਰ੍ਹਾਂ
ਉਪਰਾਮ : ਉਦਾਸ, ਉਚਾਟ
ਮਨਸੂਬਾ : ਇਰਾਦਾ, ਮਨਸ਼ਾ
ਵੰਨਗੀਆਂ : ਨਮੂਨੇ, ਕਿਸਮਾਂ
ਹਿਰਦੇਵੇਧਕ : ਦਿਲ ਨੂੰ ਵਿੰਨ੍ਹ ਜਾਣ ਵਾਲੀ, ਦੁਖਾਵੀਂ
ਸਰਤਾਜ : ਸਿਰ ਦਾ ਮੁਕਟ, ਮੁਖੀਆ, ਪ੍ਰਧਾਨ
ਪੁੰਜ : ਸਮੂਹ, ਢੇਰ
ਬਾਉਲੀ : ਉਹ ਖੂਹ ਜਿਸ ਵਿੱਚ ਪਾਣੀ ਤੱਕ ਪਹੁੰਚਣ ਲਈ ਇੱਟਾਂ ਜਾਂ ਪੱਥਰ ਦੀਆਂ ਪੌੜੀਆਂ ਬਣੀਆਂ ਹੋਣ
ਤਸੀਹੇ : ਤਕਲੀਫ਼ਾਂ, ਕਸ਼ਟ
ਲਾਹੌਰ : ਇੱਕ ਸ਼ਹਿਰ ਦਾ ਨਾਂ ਜੋ ਅੱਜ-ਕੱਲ੍ਹ ਪਾਕਿਸਤਾਨ 'ਚ ਹੈ।

**3. ਵਾਕਾਂ ਵਿਚ ਵਰਤੋਂ :**

**1. ਜੀਵਨ-ਜਾਚ** (ਜੀਵਨ ਗੁਜ਼ਾਰਨ ਦਾ ਢੰਗ)- ਗੁਰਬਾਣੀ ਮਨੁੱਖ ਨੂੰ ਉੱਚੀ-ਸੁੱਚੀ ਜੀਵਨ-ਜਾਚ ਦਾ ਰਾਹ ਵਿਖਾਉਂਦੀ ਹੈ।
**2. ਸ਼ਾਹਕਾਰ ਰਚਨਾ** (ਮਹਾਨ ਕਿਰਤ)- ਸੁਖਮਨੀ ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਹੈ।
**3. ਵੱਡ-ਅਕਾਰੀ** (ਵੱਡੇ ਅਕਾਰ ਵਾਲੀ )- ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਵੱਡ-ਅਕਾਰੀ ਧਰਮ ਗ੍ਰੰਥ ਹੈ ।
**4. ਮੁਹਾਰਤ** (ਨਿਪੁੰਨਤਾ )- ਲਗਾਤਾਰ ਅਭਿਆਸ ਕਰਨ ਨਾਲ਼ ਬੰਦਾ ਕਿਸੇ ਵੀ ਕੰਮ ਵਿਚ ਚੰਗੀ ਮੁਹਾਰਤ ਹਾਸਲ ਕਰ ਸਕਦਾ ਹੈ।
**5. ਯੋਗਦਾਨ** (ਹਿੱਸਾ,ਦੇਣ)- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿਚ ਗੁਰੂ ਅਰਜਨ ਦੇਵ ਜੀ ਦਾ ਯੋਗਦਾਨ ਬੇਮਿਸਾਲ ਹੈ।
**6. ਸ਼ਹਾਦਤ** (ਕੁਰਬਾਨੀ, ਸ਼ਹੀਦੀ)- ਗੁਰੂ ਤੇਗ਼ ਬਹਾਦਰ ਜੀ ਸ਼ਹਾਦਤ ਇੱਕ ਮਿਸਾਲ ਹੈ।
**7. ਅਡੋਲ** (ਨਾ ਡੋਲਣਾ, ਦ੍ਰਿੜ ਰਹਿਣਾ)- ਗੁਰੂ ਅਰਜਨ ਦੇਵ ਜੀ ਤੱਤੀ ਤਵੀ 'ਤੇ ਬੈਠ ਕੇ ਵੀ ਅਡੋਲ ਰਹੇ।

**ਵਿਆਕਰਨ :**
**ਲਿੰਗ :** ਸ਼ਬਦਾਂ ਦੇ ਜਿਸ ਰੂਪ ਤੋਂ ਜ਼ਨਾਨੇ ਅਤੇ ਮਰਦਾਵੇਂ ਭੇਦ ਦਾ ਪਤਾ ਲਗਦਾ ਹੈ, ਉਸ ਨੂੰ 'ਲਿੰਗ' ਕਿਹਾ ਜਾਂਦਾ ਹੈ।
ਲਿੰਗ ਸ਼ਬਦ ਦੋ ਪ੍ਰਕਾਰ ਦੇ ਹਨ :
**ਪਲਿੰਗ –** ਪੁਲਿੰਗ ਸ਼ਬਦਾਂ ਤੋਂ ਉਨ੍ਹਾਂ ਦੇ ਮਰਦਾਨੇ ਰੂਪ ਦਾ ਪਤਾ ਲਗਦਾ ਹੈ। ਜਿਵੇਂ- ਮੁੰਡਾ, ਆਦਮੀ, ਮੱਝ, ਤੋਤਾ, ਸ਼ੇਰ, ਹਾਥੀ ਅਤੇ ਘੋੜਾ ਆਦਿ।
**ਇਸਤਰੀ ਲਿੰਗ –** ਇਸਤਰੀ ਲਿੰਗ ਸ਼ਬਦਾਂ ਤੋਂ ਉਨ੍ਹਾਂ ਦੇ ਜ਼ਨਾਨੇ ਰੂਪ ਦਾ ਪਤਾ ਲਗਦਾ ਹੈ, ਜਿਵੇਂ- ਕੁੜੀ, ਤੀਵੀਂ, ਝੋਟੀ, ਤੋਤੀ, ਸ਼ੇਰਨੀ, ਹਥਨੀ ਤੇ ਘੋੜੀ ਆਦਿ।
**ਹੇਠ ਲਿਖੇ ਵਾਕਾਂ ਵਿਚੋਂ ਨਾਂਵ ਸ਼ਬਦਾਂ ਦੇ ਲਿੰਗ ਬਦਲੋ ਤੇ ਵਾਕ ਦੁਬਾਰਾ ਲਿਖੋ :**
1. ਮੇਰੀ ਭੈਣ ਪਿੰਡ ਵੱਲ ਦੇਖ ਰਹੀ ਸੀ।
ਮੇਰਾ ਭਰਾ ਪਿੰਡ ਵੱਲ ਦੇਖ ਰਿਹਾ ਸੀ।
2. ਗੱਭਰੂ ਟੋਲੀਆਂ ਬਣਾ ਕੇ ਘੁੰਮਦੇ ਆਮ ਦਿਖਾਈ ਦਿੰਦੇ ਹਨ।
ਮੁਟਿਆਰਾਂ ਟੋਲੀਆਂ ਬਣਾ ਕੇ ਘੁੰਮਦੀਆਂ ਆਮ ਦਿਖਾਈ ਦਿੰਦੀਆਂ ਹਨ।
3. ਵਿਦਿਆਰਥੀ ਅਤੇ ਅਧਿਆਪਕ ਉਸ ਦੀ ਤੀਖਣ ਬੁੱਧੀ ਤੋਂ ਬਹੁਤ ਪ੍ਰਭਾਵਿਤ ਸਨ।
ਵਿਦਿਆਰਥਣਾਂ ਤੇ ਅਧਿਆਪਕਾਵਾਂ ਉਸ ਦੀ ਤੀਖਣ ਬੁੱਧੀ ਤੋਂ ਬਹੁਤ ਪ੍ਰਭਾਵਿਤ ਸਨ।
4. ਉਸ ਦਾ ਪਿਤਾ ਪਹਿਲਾਂ ਦਿੱਲੀ ਰਹਿੰਦਾ ਸੀ।
ਉਸ ਦੀ ਮਾਤਾ ਪਹਿਲਾਂ ਦਿੱਲੀ ਵਿਚ ਰਹਿੰਦੀ ਸੀ ।
**ਦਸ ਗੁਰੂਆਂ ਦੇ ਨਾਂ ਕ੍ਰਮਵਾਰ ਲਿਖੋ।**
1. ਗੁਰੂ ਨਾਨਕ ਦੇਵ ਜੀ
2. ਗੁਰੂ ਅੰਗਦ ਦੇਵ ਜੀ
3. ਗੁਰੂ ਅਮਰਦਾਸ ਜੀ
4. ਗੁਰੂ ਰਾਮਦਾਸ ਜੀ
5. ਗੁਰੂ ਅਰਜਨ ਦੇਵ ਜੀ
6. ਗੁਰੂ ਹਰਗੋਬਿੰਦ ਜੀ
7. ਗੁਰੂ ਹਰਿਰਾਇ ਜੀ
8. ਗੁਰੂ ਹਰਕ੍ਰਿਸ਼ਨ ਜੀ
9. ਗੁਰੂ ਤੇਗ਼ ਬਹਾਦਰ ਜੀ
10. ਗੁਰੂ ਗੋਬਿੰਦ ਸਿੰਘ ਜੀ

## ਪਾਠ – 5
## ਉੱਦਮ ਕਰੀਂ ਜ਼ਰੂਰ (ਲੇਖਕ–ਬਲਦੇਵ ਧਾਲੀਵਾਲ)

**1. ਹੇਠ ਲਿਖੀਆਂ ਸਤਰਾਂ ਦਾ ਭਾਵ ਸਪਸ਼ਟ ਕਰੋ :**
ੳ. ਜੇ ਕਿਧਰੇ ਹਾਰਾਂ ਲੱਕ ਤੋੜਨ,
ਮਨ ਹੋ ਜਾਏ ਨਿਰਾਸ਼।
ਜ਼ਿੰਦਗੀ ਜਾਣੀ ਘੋਲ਼ ਲੰਮੇਰਾ,
ਜਿੱਤ ਵਿੱਚ ਰੱਖ ਵਿਸ਼ਵਾਸ।
**ਭਾਵ :** ਮਨੁੱਖ ਨੂੰ ਹਾਰਾਂ ਤੋਂ ਨਿਰਾਸ਼ ਨਹੀਂ ਹੋਣਾ ਚਾਹੀਦਾ, ਸਗੋਂ ਜ਼ਿੰਦਗੀ ਨੂੰ ਇੱਕ ਲੰਮਾ ਘੋਲ ਮੰਨਦਿਆਂ ਹੋਇਆ ਜਿੱਤ ਵਿਚ ਵਿਸ਼ਵਾਸ ਰੱਖਣਾ ਚਾਹੀਦਾ ਹੈ।
ਅ. ਸਿਦਕ, ਲਗਨ ਦੇ ਤਕੜੇ ਖੰਭੀਂ,
ਉੱਡਣਾ ਉੱਚ-ਅਸਮਾਨੀਂ।
ਥਲ, ਸਾਗਰ ਵੀ ਰੋਕ ਸਕਣ ਨਾ,
ਤੇਰੀ ਸਹਿਜ ਰਵਾਨੀ।
**ਭਾਵ :** ਮਨੁੱਖ ਨੂੰ ਚਾਹੀਦਾ ਹੈ ਕਿ ਵਿਸ਼ਵਾਸ ਤੇ ਲਗਨ ਨਾਲ਼ ਆਪਣੇ ਉੱਚੇ ਨਿਸ਼ਾਨੇ ਵੱਲ ਇੰਨੀ ਨਿਰੰਤਰ ਚਾਲ ਨਾਲ਼ ਵਧੇ ਕੇ ਕੋਈ ਰੁਕਾਵਟ ਵੀ ਉਸ ਨੂੰ ਰੋਕ ਨਾ ਸਕੇ।
**2. ਪ੍ਰਸ਼ਨ : ਉੱਦਮ ਕਰਨ ਨਾਲ ਸਾਨੂੰ ਕੀ ਕੁਝ ਪ੍ਰਾਪਤ ਹੁੰਦਾ ਹੈ?**
**ਉੱਤਰ :** ਉੱਦਮ ਕਰਨ ਨਾਲ਼ ਮਨੁੱਖ ਨੂੰ ਉੱਚੀਆਂ ਮੰਜ਼ਲਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਕੋਈ ਰੁਕਾਵਟ ਉਸ ਦਾ ਰਾਹ ਨਹੀਂ ਰੋਕ ਸਕਦੀ।

**3. ਔਖੇ ਸ਼ਬਦਾਂ ਦੇ ਅਰਥ :**
ਲੋਚੇ : ਚਾਹੇ, ਇੱਛਿਆ ਕਰੇਂ
ਰਹਿਸਣ : ਰਹਿਣਗੇ
ਭਰਪੂਰ : ਭਰੇ ਹੋਏ
ਘੋਲ਼ : ਪਹਿਲਵਾਨਾਂ ਦੀ ਕੁਸ਼ਤੀ, ਟਾਕਰਾ, ਜੰਗ, ਲੜਾਈ
ਦਾਸੀ : ਸੇਵਾ ਕਰਨ ਵਾਲੀ
ਸਿਦਕ : ਵਿਸ਼ਵਾਸ, ਭਰੋਸਾ
ਸਹਿਜ ਰਵਾਨੀ : ਸੁਭਾਵਿਕ ਚਾਲ
**4. ਵਾਕਾਂ ਵਿੱਚ ਵਰਤੋ :**
**1. ਮੰਜਓਲ** (ਨਿਸ਼ਾਨਾ)- ਉੱਦਮ ਕਰਨ ਨਾਲ਼ ਮੰਜ਼ਲ ਮਿਲਦੀ ਹੈ।
**2. ਉੱਦਮ** (ਯਤਨ)- ਉੱਦਮ ਕਰਨ ਵਾਲੇ ਰੁਕਾਵਟਾਂ ਤੋਂ ਨਹੀਂ ਘਬਰਾਉਂਦੇ।
**3. ਨਿਰੰਤਰ** (ਲਗਾਤਾਰ)- ਮੈਂ ਇਸ ਵਾਰ ਨਿਰੰਤਰ ਪੜ੍ਹਾਈ ਕਰਾਂਗਾ।
**4. ਸੁਗੰਧੀਆਂ** (ਖ਼ੁਸ਼ਬੂਆਂ)- ਬਗੀਚੇ ਦੇ ਫੁੱਲ ਸੁਗੰਧੀਆਂ ਛੱਡ ਰਹੇ ਹਨ।
**5. ਸਿਦਕ** (ਵਿਸ਼ਵਾਸ)- ਅਸੀਂ ਸਿਦਕ ਨਾਲ਼ ਖੇਡੇ ਤੇ ਮੈਚ ਜਿੱਤ ਗਏ।
**6. ਸੱਖਣੇ ਹੱਥ** (ਖ਼ਾਲੀ ਹੱਥ)- ਮਿਹਨਤ ਕਰਨ ਵਾਲੇ ਦੇ ਹੱਥ ਸੱਖਣੇ ਨਹੀਂ ਰਹਿੰਦੇ।
**7. ਲੱਕ ਤੋੜਨਾ** (ਹੌਂਸਲਾ ਤੋੜ ਦੇਣਾ)- ਜਵਾਨ ਪੁੱਤਰ ਦੀ ਮੌਤ ਨੇ ਉਸ ਦਾ ਲੱਕ ਤੋੜ ਦਿੱਤਾ।

## ਪਾਠ – 6
## ਦਲੇਰੀ (ਲੇਖਕ– ਦਰਸ਼ਨ ਸਿੰਘ ਆਸ਼ਟ)

**1. ਪ੍ਰਸ਼ਨ/ਉੱਤਰ**

**ਪ੍ਰਸ਼ਨ ੳ. ਬਲਜੀਤ ਤੇ ਏਕਮ ਨੂੰ ਕਿਹੜੀ-ਕਿਹੜੀ ਖੇਡ ਦਾ ਸ਼ੌਕ ਸੀ?**
ਉੱਤਰ : ਬਲਜੀਤ ਨੂੰ ਤੈਰਾਕੀ ਅਤੇ ਏਕਮ ਨੂੰ ਫੁੱਟਬਾਲ ਦੀ ਖੇਡ ਦਾ ਸ਼ੌਕ ਸੀ।

**ਪ੍ਰਸ਼ਨ ਅ. ਚੰਡੀਗੜ੍ਹ ਜਾਣ ਤੋਂ ਪਹਿਲਾਂ ਬੱਚੇ ਰਸਤੇ ਵਿਚ ਕਿੱਥੇ-ਕਿੱਥੇ ਗਏ ਤੇ ਉਨ੍ਹਾਂ ਨੇ ਉੱਥੇ ਕੀ ਦੇਖਿਆ?**
ਉੱਤਰ : ਚੰਡੀਗੜ੍ਹ ਜਾਣ ਤੋਂ ਪਹਿਲਾਂ ਬੱਚੇ ਰਸਤੇ ਵਿੱਚ ਛੱਤਬੀੜ ਚਿੜੀਆ-ਘਰ ਦੇਖਣ ਗਏ। ਉੱਥੇ ਉਨ੍ਹਾਂ ਨੇ ਬਹੁਤ ਸਾਰੇ ਜਾਨਵਰ ਤੇ ਪੰਛੀ ਦੇਖੇ।

**ਪ੍ਰਸ਼ਨ ੲ. ਵਿਦਿਆਰਥੀਆਂ ਨੇ ਚੰਡੀਗੜ੍ਹ ਵਿਚ ਕਿਹੜੀਆਂ-ਕਿਹੜੀਆਂ ਥਾਂਵਾਂ ਦੇਖੀਆਂ?**
ਉੱਤਰ : ਵਿਦਿਆਰਥੀਆਂ ਨੇ ਚੰਡੀਗੜ੍ਹ ਵਿਚ ਰਾਕ ਗਾਰਡਨ, ਰੋਜ਼ ਗਾਰਡਨ, ਪੰਜਾਬ ਯੂਨੀਵਰਸਿਟੀ, ਅਜਾਇਬ-ਘਰ, ਸੁਖਨਾ ਝੀਲ ਅਤੇ ਹੋਰ ਮਹੱਤਵਪੂਰਨ ਥਾਂਵਾਂ ਦੇਖੀਆਂ।

**ਪ੍ਰਸ਼ਨ ਸ. ਚੰਡੀਗੜ੍ਹ ਸ਼ਹਿਰ ਦਾ ਨਕਸ਼ਾ ਕਿਸ ਨੇ ਬਣਾਇਆ ਸੀ?**
ਉੱਤਰ : ਚੰਡੀਗੜ੍ਹ ਸ਼ਹਿਰ ਦਾ ਨਕਸ਼ਾ ਪ੍ਰਸਿੱਧ ਫ਼ਰਾਂਸੀਸੀ ਆਰਕੀਟੈਕਟ ਲੀ-ਕਾਰਬੂਜ਼ੀਅਰ ਨੇ ਬਣਾਇਆ ਸੀ।

**ਪ੍ਰਸ਼ਨ ਹ. ਬਲਜੀਤ ਨੇ ਝੀਲ ਵਿਚ ਡੁੱਬਦੇ ਬੱਚੇ ਨੂੰ ਕਿਸ ਤਰ੍ਹਾਂ ਬਚਾਇਆ?**
ਉੱਤਰ : ਬਲਜੀਤ ਨੇ ਬੱਚੇ ਦੀ ਦੁਹਾਈ ਸੁਣਦੇ ਹੀ ਉਸ ਥਾਂ ਝੀਲ ਡੁਬਕੀ ਲਾਈ ਜਿੱਥੇ ਬੱਚਾ ਡੁੱਬ ਰਿਹਾ ਸੀ। ਉਸ ਨੇ ਬੱਚੇ ਨੂੰ ਕਮੀਜ਼ ਤੋਂ ਫੜ ਕੇ ਪਾਣੀ ਦੇ ਉੱਪਰ ਲੈ ਆਂਦਾ। ਇੰਨੇ ਨੂੰ ਬਚਾਓ ਲਈ ਇਕ ਕਿਸ਼ਤੀ ਵੀ ਉੱਥੇ ਪਹੁੰਚ ਗਈ।

**ਪ੍ਰਸ਼ਨ ਕ. ਬੱਚੇ ਦੀ ਮੰਮੀ ਨੇ ਬਲਜੀਤ ਦਾ ਧੰਨਵਾਦ ਕਿਵੇਂ ਕਰਨਾ ਚਾਹਿਆ?**
ਉੱਤਰ : ਬੱਚੇ ਦੀ ਮੰਮੀ ਨੇ ਬਲਜੀਤ ਦਾ ਧੰਨਵਾਦ ਕਰਨ ਲਈ ਉਸਨੂੰ ਪੰਜ ਸੌ ਦਾ ਨੋਟ ਦੇਣਾ ਚਾਹਿਆ।ਪਰ ਬਲਜੀਤ ਨੇ ਲੈਣ ਤੋਂ ਇਨਕਾਰ ਕਰ ਦਿੱਤਾ।

**ਪ੍ਰਸ਼ਨ ਖ. ਆਖ਼ਰ ਵਿਚ ਏਕਮ ਨੇ ਬਲਜੀਤ ਨੂੰ ਕੀ ਕਿਹਾ?**
ਉੱਤਰ : ਆਖ਼ਰ ਵਿਚ ਏਕਮ ਨੇ ਬਲਜੀਤ ਨੂੰ ਕਿਹਾ ਕਿ ਜਿਹੜਾ ਕੰਮ ਮੁੰਡੇ ਨਹੀਂ ਕਰ ਸਕੇ, ਉਹ ਇਕ ਭੈਣ ਨੇ ਕਰ ਦਿਖਾਇਆ ਹੈ।

**2. ਔਖੇ ਸ਼ਬਦਾਂ ਦੇ ਅਰਥ :**

ਰੀਝ : ਸ਼ੌਂਕ
ਬੋਟਿੰਗ : ਬੇੜੀ ਵਿੱਚ ਸੈਰ ਕਰਨਾ
ਸਹਿਮਤੀ : ਰਜ਼ਾਮੰਦੀ
ਟੂਰ : ਦੌਰਾ
ਸੁਚੱਜੀ ਯੋਜਨਾ : ਅੱਛਾ ਤਰੀਕਾ
ਸ਼ੁਕੀਨ : ਸ਼ੌਕ ਰੱਖਣ ਵਾਲੇ
ਦੂਰ-ਦੁਰਾਡੇ : ਦੂਰ ਤੱਕ
ਰੈੱਸਟੋਰੈਂਟ : ਉਹ ਹੋਟਲ ਜਿੱਥੇ ਰਹਾਇਸ਼ ਦਾ ਪ੍ਰਬੰਧ ਨਹੀਂ ਹੁੰਦਾ ਪਰ ਚਾਹ ਆਦਿ ਦਾ ਪ੍ਰਬੰਧ ਹੁੰਦਾ ਹੈ।
ਦੁਹਾਈ : ਪੁਕਾਰ, ਫ਼ਰਿਆਦ, ਚੀਕ-ਚਿਹਾੜਾ
ਹੱਥ ਪੈਰ ਮਾਰਨਾ : ਕੋਸ਼ਿਸ਼ ਕਰਨਾ
ਜੱਦੋ-ਜਹਿਦ : ਕੋਸ਼ਿਸ਼, ਉੱਦਮ, ਉਪਰਾਲਾ
ਖ਼ੁਸ਼ੀ ਦੀ ਲਹਿਰ ਦੌੜਨਾ : ਬਹੁਤ ਖ਼ੁਸ਼ ਹੋਣਾ
ਦਲੇਰ : ਬਹਾਦਰ, ਹੌਸਲੇ ਵਾਲਾ
ਅਹਿਸਾਨ : ਉਪਕਾਰ, ਕਿਰਪਾ, ਮਿਹਰਬਾਨੀ
ਪ੍ਰਸੰਸਾ : ਸਲਾਹੁਤਾ
ਡੁਬਕੀ : ਚੁੱਭੀ, ਟੁੱਭੀ, ਗੋਤਾ

**3. ਹੇਠ ਲਿਖੇ ਸ਼ਬਦਾਂ ਦੀ ਵਾਕਾਂ ਵਿਚ ਵਰਤੋਂ ਕਰੋ :**

- ਸੁਘੜ-ਸਿਆਣੀ (ਬਹੁਤ ਸਮਝਦਾਰ)- ਮੇਰੀ ਮੰਮੀ ਇਕ ਸੁਘੜ-ਸਿਆਣੀ ਔਰਤ ਹੈ।
- ਚਿੜੀਆ-ਘਰ (ਉਹ ਥਾਂ, ਜਿੱਥੇ ਸੰਸਾਰ ਦੇ ਮਹੱਤਵਪੂਰਨ ਪਸ਼ੂ ਤੇ ਪੰਛੀ ਸੰਭਾਲੇ ਹੋਣ)- ਅਸੀਂ ਚੰਡੀਗੜ੍ਹ ਵਿਚ ਛੱਤਬੀੜ ਚਿੜੀਆ-ਘਰ ਘੁੰਮਣ ਗਏ।
- ਅਜਾਇਬ-ਘਰ (ਉਹ ਥਾਂ ਜਿੱਥੇ ਪੁਰਾਤਨ ਵਸਤਾਂ ਸੰਭਾਲੀਆਂ ਹੋਣ)- ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਸੀਂ ਸਿੱਖ ਅਜਾਇਬ-ਘਰ ਵੇਖਿਆ।
- ਘੁੰਮਣ-ਫਿਰਨ (ਫਿਰਨ-ਤੁਰਨ)- ਗਰਮੀਆਂ ਵਿਚ ਅਸੀਂ ਪਹਾੜਾਂ ਉੱਤੇ ਘੁੰਮਣ-ਫਿਰਨ ਜਾਵਾਂਗੇ।
- ਸੈਲਾਨੀ (ਘੁੰਮਣ-ਫਿਰਨ ਵਾਲੇ)- ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਸੀਂ ਬਹੁਤ ਸਾਰੇ ਸੈਲਾਨੀਆਂ ਨੂੰ ਮਿਲੇ।
- ਜਿਗਰ ਦਾ ਟੁਕੜਾ (ਬਹੁਤ ਪਿਆਰਾ)- ਹਰ ਬੱਚਾ ਆਪਣੇ ਮਾਪਿਆਂ ਦੇ ਜਿਗਰ ਦੇ ਟੁਕੜਾ ਹੁੰਦਾ ਹੈ।
- ਕੇਂਦਰ-ਬਿੰਦੂ (ਧਿਆਨ ਦਾ ਕੇਂਦਰ)- ਹਰਮਨ ਹਰ ਕੰਮ ਵਿਚ ਅੱਗੇ ਹੁੰਦੀ ਹੈ, ਇਸ ਕਰਕੇ ਉਹ ਸਾਰਿਆਂ ਦਾ ਕੇਂਦਰ ਬਿਦੂ ਹੈ।
- ਅਣਹੋਣੀ (ਨਾ ਹੋ ਸਕਣ ਵਾਲੀ )- ਵਾਹਨ ਧਿਆਨ ਨਾਲ਼ ਚਲਾਓ ਤਾਂ ਜੋ ਕੋਈ ਅਣਹੋਣੀ ਘਟਨਾ ਨਾ ਵਾਪਰੇ।

**ਵਿਆਕਰਨ :**

**ਵਚਨ :** ਸ਼ਬਦ ਦੇ ਜਿਸ ਰੂਪ ਤੋਂ ਕਿਸੇ ਜੀਵ, ਵਸਤੂ, ਸਥਾਨ ਆਦਿ ਦੀ ਗਿਣਤੀ ਵਿੱਚ ਇੱਕ ਜਾਂ ਇੱਕ ਤੋਂ ਵੱਧ ਦੇ ਫ਼ਰਕ ਦਾ ਪਤਾ ਲੱਗੇ, ਉਸ ਨੂੰ ਵਚਨ ਆਖਦੇ ਹਨ।
ਪੰਜਾਬੀ ਵਿੱਚ ਵਚਨ ਦੋ ਪ੍ਰਕਾਰ ਦੇ ਹਨ :
(ੳ) ਇੱਕਵਚਨ (ਅ) ਬਹੁਵਚਨ

**(ੳ) ਇੱਕਵਚਨ :** ਸ਼ਬਦ ਦੇ ਜਿਸ ਰੂਪ ਤੋਂ ਕਿਸੇ ਇੱਕ ਜੀਵ, ਵਸਤੂ, ਸਥਾਨ ਆਦਿ ਦਾ ਪਤਾ ਲੱਗੇ, ਉਸ ਨੂੰ ਇੱਕਵਚਨ ਕਿਹਾ ਜਾਂਦਾ ਹੈ; ਜਿਵੇਂ: ਸ਼ੇਣੀ, ਸਹੇਲੀ, ਕਿਸ਼ਤੀ ਆਦਿ।

**(ਅ) ਬਹੁਵਚਨ :** ਸ਼ਬਦ ਦੇ ਜਿਸ ਰੂਪ ਤੋਂ ਇੱਕ ਤੋਂ ਵੱਧ ਜੀਵਾਂ, ਵਸਤੂਆਂ, ਸਥਾਨਾਂ ਆਦਿ ਦਾ ਗਿਆਨ ਹੋਵੇ, ਉਸਨੂੰ ਬਹੁਵਚਨ ਆਖਦੇ ਹਨ; ਜਿਵੇਂ: ਸ਼ੇਣੀਆਂ, ਸਹੇਲੀਆਂ, ਕਿਸ਼ਤੀਆਂ ਆਦਿ।

**ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ :**

| | | |
|---|---|---|
| ਭਰਾ : ਭਰਾਵਾਂ | ਵਿਦਿਆਰਥੀ : ਵਿਦਿਆਰਥੀਆਂ | ਬੱਚਾ : ਬੱਚੇ |
| ਬੱਸ : ਬੱਸਾਂ | ਪੰਛੀ : ਪੰਛੀਆਂ | ਝੀਲ : ਝੀਲਾਂ |
| ਚਿੜੀ : ਚਿੜੀਆਂ | ਸ਼ਹਿਰ : ਸ਼ਹਿਰਾਂ | ਕਮੀਜ਼ : ਕਮੀਜ਼ਾਂ |
| ਲੜਕੀ : ਲੜਕੀਆਂ | ਨਕਸ਼ਾ : ਨਕਸ਼ੇ | ਕਿਸ਼ਤੀ : ਕਿਸ਼ਤੀਆਂ |

## ਜਮਾਤ- ਅੱਠਵੀ ਵਿਸ਼ਾ- ਪੰਜਾਬੀ ਉਪ ਵਿਸ਼ਾ- ਵਿਆਕਰਨ ਭਾਗ (ਅਪ੍ਰੈਲ-ਮਈ)
## ਅੱਖੀਂ ਡਿੱਠਾ ਮੇਲਾ

**ਪੰਜਾਬ ਦੇ ਮੇਲੇ –** ਪੰਜਾਬ ਵਿਚ ਵੱਖ-ਵੱਖ ਰੁੱਤਾਂ, ਤਿਉਹਾਰਾਂ ਅਤੇ ਇਤਿਹਾਸਿਕ ਤੇ ਧਾਰਮਿਕ ਉਤਸਵਾਂ ਨਾਲ ਸੰਬੰਧਿਤ ਬਹੁਤ ਸਾਰੇ ਮੇਲੇ ਲੱਗਦੇ ਹਨ ਅਤੇ ਇਹ ਪੰਜਾਬੀ ਸਭਿਆਚਾਰ ਵਿਚ ਬੜੀ ਖੁਸ਼ੀ ਤੇ ਰੰਗੀਨੀ ਪੈਦਾ ਕਰਦੇ ਹਨ। ਇਹ ਇੰਨੇ ਹਰਮਨ-ਪਿਆਰੇ ਹਨ ਕਿ ਇਨ੍ਹਾਂ ਨੂੰ ਵੇਖਣ ਦਾ ਚਾਅ ਲੋਕ-ਗੀਤਾਂ ਵਿਚ ਵੀ ਅੰਕਿਤ ਹੈ; ਜਿਵੇਂ ਮੇਰਾ ਕੱਲੀ ਦਾ ਜੀ ਨਹੀਂ ਲਗਦਾ, ਵੇ ਲੈ ਚੱਲ ਮੇਲੇ ਨੂੰ। ਚਲ ਚਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੁੱਕ ਲਊਂ।

**ਹਾੜੀ ਪੱਕਣ ਦੀ ਖੁਸ਼ੀ –** ਵਿਸਾਖੀ ਦਾ ਮੇਲਾ ਹਰ ਸਾਲ 13 ਅਪ੍ਰੈਲ ਨੂੰ ਭਾਰਤ ਵਿਚ ਥਾਂ-ਥਾਂ ’ਤੇ ਲੱਗਦਾ ਹੈ। ਇਹ ਤਿਉਹਾਰ ਹਾੜੀ ਦੀ ਫ਼ਸਲ ਪੱਕਣ ਦੀ ਖੁਸ਼ੀ ਵਿਚ ਮਨਾਇਆ ਜਾਂਦਾ ਹੈ ।

**ਮੇਲਾ ਦੇਖਣ ਜਾਣਾ –** ਸਾਡੇ ਪਿੰਡ ਤੋਂ ਦੋ ਕੁ ਮੀਲ ਦੀ ਵਿੱਥ ’ਤੇ ਵਿਸਾਖੀ ਦਾ ਮੇਲਾ ਲੱਗਦਾ ਹੈ। ਐਤਕੀਂ ਮੈਂ ਆਪਣੇ ਪਿਤਾ ਜੀ ਨਾਲ ਮੇਲਾ ਵੇਖਣ ਲਈ ਗਿਆ। ਰਸਤੇ ਵਿਚ ਮੈਂ ਦੇਖਿਆ ਕਿ ਬਹੁਤ ਸਾਰੇ ਬੱਚੇ, ਬੁੱਢੇ ਤੇ ਨੌਜਵਾਨ ਮੇਲਾ ਵੇਖਣ ਲਈ ਜਾ ਰਹੇ ਸਨ। ਸਾਰਿਆਂ ਨੇ ਨਵੇਂ ਕੱਪੜੇ ਪਾਏ ਹੋਏ ਸਨ। ਰਸਤੇ ਵਿਚ ਅਸੀਂ ਕੁੱਝ ਕਿਸਾਨਾਂ ਨੂੰ ਕਣਕ ਦੀ ਵਾਢੀ ਦਾ ਸ਼ਗਨ ਕਰਦਿਆਂ ਵੀ ਦੇਖਿਆ। ਆਲੇ-ਦੁਆਲੇ ਪੀਲੀਆਂ ਕਣਕਾਂ ਇਸ ਤਰ੍ਹਾਂ ਦਿਖਾਈ ਦੇ ਰਹੀਆਂ ਸਨ, ਜਿਵੇਂ ਖੇਤਾਂ ਵਿਚ ਸੋਨਾ ਵਿਛਿਆ ਹੋਵੇ।

**ਇਤਿਹਾਸਿਕ ਪਿਛੋਕੜ –** ਮੇਰੇ ਪਿਤਾ ਜੀ ਨੇ ਮੈਨੂੰ ਦੱਸਿਆ ਕਿ ਵਿਸਾਖੀ ਸਾਡੇ ਦੇਸ਼ ਦਾ ਇਕ ਪੁਰਾਣਾ ਤਿਉਹਾਰ ਹੈ। ਆਮ ਕਰਕੇ ਇਸ ਨੂੰ ਹਾੜ੍ਹੀ ਦੀ ਫ਼ਸਲ ਦੇ ਪੱਕਣ ਦੀ ਖੁਸ਼ੀ ਵਿਚ ਮਨਾਇਆ ਜਾਂਦਾ ਹੈ। ਇਸ ਮਹਾਨ ਦਿਨ ’ਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਚ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਇਸੇ ਦਿਨ ਹੀ ਜ਼ਾਲਮ ਅੰਗਰੇਜ਼ਓ ਜਨਰਲ ਡਾਇਰ ਨੇ ਜਲਿਆਂ ਵਾਲ਼ਾ ਬਾਗ ਅੰਮ੍ਰਿਤਸਰ ਵਿਚ ਨਿਹੱਥੇ ਲੋਕਾਂ ਉੱਪਰ ਗੋਲੀ ਚਲਾਈ ਸੀ, ਜਿਸ ਵਿਚ ਬਹੁਤ ਸਾਰੇ ਲੋਕ ਮਾਰੇ ਗਏ ਸਨ।

**ਮੇਲੇ ਦਾ ਦ੍ਰਿਸ਼ –** ਇਹ ਗੱਲਾਂ ਕਰਦਿਆਂ ਹੀ ਅਸੀਂ ਮੇਲੇ ਵਿਚ ਪਹੁੰਚ ਗਏ। ਮੇਲੇ ਵਿਚ ਵਾਜੇ ਵੱਜਣ, ਢੋਲ ਖੜਕਣ, ਪੰਘੂੜਿਆਂ ਦੇ ਚੀਕਣ ਤੇ ਕੁੱਝ ਲਾਊਡ-ਸਪੀਕਰਾਂ ਦੀ ਅਵਾਜ਼ ਸੁਣਾਈ ਦੇ ਰਹੀ ਸੀ। ਮੇਲੇ ਵਿਚ ਕਾਫ਼ੀ ਭੀੜ-ਭੜੱਕਾ ਅਤੇ ਰੌਲਾ-ਰੱਪਾ ਸੀ। ਆਲੇ-ਦੁਆਲੇ ਮਠਿਆਈਆਂ, ਖਿਡੌਣਿਆਂ ਤੇ ਹੋਰ ਕਈ ਪ੍ਰਕਾਰ ਦੀਆਂ ਚੀਜ਼ਾਂ ਦੀਆਂ ਦੁਕਾਨਾਂ ਸਜੀਆਂ ਹੋਈਆਂ ਸਨ। ਅਸੀਂ ਮਠਿਆਈ ਦੀ ਇੱਕ ਦੁਕਾਨ ਉੱਤੇ ਬੈਠ ਕੇ ਤੱਤੀਆਂ-ਤੱਤੀਆਂ ਜਲੇਬੀਆਂ ਖਾਧੀਆਂ। ਸਾਡੇ ਨੇੜੇ ਹੀ ਕੁੱਝ ਜੱਟ ਜਲੇਬੀਆਂ ਤੇ ਪਕੌੜੇ ਖਾ ਰਹੇ ਸਨ ਤੇ ਨਾਲ ਹੀ ਉਹ ਸ਼ਰਾਬ ਪੀ ਕੇ ਬੜ੍ਹਕਾਂ ਮਾਰ ਰਹੇ ਸਨ। ਮੇਲੇ ਦਾ ਪ੍ਰਬੰਧ ਪੁਲਿਸ ਕਰ ਰਹੀ ਸੀ ।

**ਕੁੱਝ ਹੋਰ ਨਜ਼ਾਰੇ –** ਮੇਲੇ ਵਿਚ ਬੱਚੇ ਤੇ ਕੁੜੀਆਂ ਪੰਘੂੜੇ ਝੂਟ ਰਹੇ ਸਨ। ਮੈਂ ਵੀ ਪੰਘੂੜੇ ਵਿਚ ਝੂਟੇ ਲਏ ਤੇ ਫਿਰ ਜਾਦੂਗਰ ਦੇ ਖੇਲ੍ਹ ਦੇਖੇ ਜਾਦੂਗਰ ਨੇ ਸੌ ਦਾ ਨੋਟ ਸਾੜ ਕੇ ਮੁੜ ਉਸੇ ਨੰਬਰ ਦਾ ਨੋਟ ਬਣਾ ਦਿੱਤਾ। ਫਿਰ ਉਸ ਨੇ ਤਾਸ਼ ਦੇ ਕਈ ਖੇਲ੍ਹ ਦਿਖਾਏ।

**ਭੰਗੜਾ ਤੇ ਮੈਚ –** ਅਸੀਂ ਥਾਂ-ਥਾਂ ਜੱਟਾਂ ਨੂੰ ਭੰਗੜਾ ਪਾਉਂਦੇ ਬੜ੍ਹਕਾਂ ਮਾਰਦੇ ਤੇ ਬੋਲੀਆਂ ਪਾਉਂਦੇ ਹੋਏ ਦੇਖਿਆ। ਜਿਉਂ-ਜਿਉਂ ਦਿਨ ਬੀਤ ਰਿਹਾ ਸੀ, ਮੇਲੇ ਦੀ ਭੀੜ ਵਧਦੀ ਜਾ ਰਹੀ ਸੀ। ਇਕ ਪਾਸੇ ਅਸੀਂ ਫੁੱਟਬਾਲ ਦਾ ਮੈਚ ਵੀ ਦੇਖਿਆ।

**ਸ਼ਰਾਬੀਆਂ ਦੀ ਲੜਾਈ ਤੇ ਵਾਪਸੀ –** ਇੰਨੇ ਨੂੰ ਸੂਰਜ ਛਿਪ ਰਿਹਾ ਸੀ। ਇਕ ਪਾਸੇ ਦੋ ਸ਼ਰਾਬੀ ਪਾਰਟੀਆਂ ਵਿਚਕਾਰ ਲੜਾਈ ਸ਼ੁਰੂ ਹੋ ਗਈ। ਮੇਰੇ ਪਿਤਾ ਜੀ ਨੇ ਮੈਨੂੰ ਨਾਲ਼ ਲੈ ਕੇ ਜਲਦੀ ਨਾਲ ਮੇਲੇ ਵਿਚੋਂ ਨਿਕਲਣ ਦੀ ਕੀਤੀ। ਨੇੜੇ ਦੀ ਦੁਕਾਨ ਤੋਂ ਅਸੀਂ ਕਾਹਲੀ-ਕਾਹਲੀ ਘਰਦਿਆਂ ਲਈ ਮਠਿਆਈ ਖ਼ਰੀਦੀ ਅਤੇ ਪਿੰਡ ਦਾ ਰਸਤਾ ਫੜ ਲਿਆ। ਕਾਫ਼ੀ ਹਨੇਰੇ ਹੋਏ ਅਸੀਂ ਘਰ ਪਹੁੰਚੇ ।

## ਸਿਨਮਾ

ਸਿਨਮਾ ਮਨਰੰਜਨ ਦਾ ਇੱਕ ਪ੍ਰਮੁੱਖ, ਸਸਤਾ ਅਤੇ ਵਧੀਆ ਸਾਧਨ ਹੈ।ਜਿੱਥੇ ਇਸ ਦੇ ਕਈ ਲਾਭ ਹਨ ਉੱਥੇ ਹੀ ਕਈ ਨੁਕਸਾਨ ਵੀ ਹਨ। ਸਿਨਮਾ ਬਾਰੇ ਕੋਈ ਸਿੱਟਾ ਕੱਢਣ ਤੋਂ ਪਹਿਲਾਂ ਇਸ ਦੇ ਲਾਭ ਤੇ ਨੁਕਸਾਨ ਦੋਹਾਂ ਬਾਰੇ ਜਾਣਨਾ ਪਵੇਗਾ।

**ਲਾਭ :**

**ਵਰਤਮਾਨ ਜੀਵਨ ਦਾ ਜਰੂਰੀ ਅੰਗ :** ਸਿਨਮਾ ਅਜੋਕੇ ਮਨੁੱਖੀ ਜੀਵਨ ਦਾ ਇੱਕ ਜ਼ਰੂਰੀ ਅੰਗ ਬਣ ਚੁੱਕਾ ਹੈ।ਇਸ ਦੀ ਲੋਕਪ੍ਰਿਯਤਾ ਦਿਨੋ-ਦਿਨ ਵੱਧ ਰਹੀ ਹੈ। ਦਿਨ ਭਰ ਦਾ ਥੱਕਿਆ ਟੁੱਟਿਆ ਇਨਸਾਨ ਸਿਨਮੇ ਵਿੱਚ ਜਾ ਕੇ ਆਪਣਾ ਸਾਰੇ ਦਿਨ ਦਾ ਥਕੇਵਾਂ ਲਾਹ ਸਕਦਾ ਹੈ। ਅੱਜ ਵੀ ਲੋਕਾਂ ਵਲੋਂ ਨਵੀਆਂ ਫਿਲਮਾਂ ਸਿਨਮਾ-ਘਰਾਂ ਵਿੱਚ ਬੈਠ ਕੇ ਹੀ ਦੇਖਣੀਆਂ ਪਸੰਦ ਕੀਤੀਆਂ ਜਾਂਦੀਆਂ ਹਨ।

**ਮਨ ਪ੍ਰਚਾਵੇ ਦਾ ਸਾਧਨ :** ਭਾਂਵੇ ਹਰ ਘਰ ਵਿਚ ਟੈਲੀਵਿਜ਼ਨ, ਰੇਡੀਓ, ਕੰਪਿਊਟਰ ਆਦਿ ਮਨੁੱਖ ਲਈ ਦਿਲ ਪਰਚਾਵੇ ਦੇ ਸਾਧਨ ਹਨ, ਪਰ ਇਹ ਸਿਨਮਾ ਦੀ ਜਗ੍ਹਾ ਨਹੀਂ ਲੈ ਸਕਦੇ। ਇਨਸਾਨ ਥੋੜੇ ਜਿਹੇ ਪੈਸੇ ਖਰਚ ਕੇ ਢਾਈ-ਤਿੰਨ ਘੰਟੇ ਸਿਨਮਾ ਵਿੱਚ ਆਪਣਾ ਮਨ ਪਰਚਾ ਲੈਂਦਾ ਅਤੇ ਹਲਕਾ-ਫੁਲਕਾ ਹੋ ਜਾਂਦਾ ਹੈ। ਟੈਲੀਵਿਜ਼ਨ ਜਾਂ ਐੱਲ.ਈ.ਡੀ ਦੀ ਛੋਟੀ ਸਕਰੀਨ ਸਿਨਮਾ-ਘਰ ਦੀ ਵੱਡੀ ਸਕਰੀਨ ਜਿੰਨਾ ਅਨੰਦ ਨਹੀਂ ਦਿੰਦੀ।

**ਜਾਣਕਾਰੀ ਵਿੱਚ ਵਾਧਾ :** ਅਸੀਂ ਸਿਨਮਾ-ਘਰ ਵਿੱਚ ਬੈਠੇ ਕੇ ਪਹਾੜੀ ਦੇਸ਼ਾਂ, ਇਤਿਹਾਸਿਕ ਸਥਾਨਾਂ, ਚਿੜੀਆ ਘਰਾਂ, ਦਰਿਆਵਾਂ, ਝੀਲਾਂ ਅਤੇ ਵਿਦੇਸ਼ਾ ਦੇ ਸ਼ਹਿਰਾਂ ਅਤੇ ਅਜੂਬਿਆਂ ਨੂੰ ਦੇਖ ਸਕਦੇ ਹਾਂ। ਅਕਸਰ ਦੇਖਣ ਵਿੱਚ ਆਉਂਦਾ ਹੈ ਵਿਦਿਆਰਥੀਆਂ ਫਿਲਮ ਵਿੱਚ ਦੇਖੇ ਦ੍ਰਿਸ਼ਾਂ ਨੂੰ ਅਸਾਨੀ ਨਾਲ ਭੁੱਲਦੇ ਨਹੀਂ ਜਦਕਿ ਕਿਤਾਬ ਵਿੱਚ ਪੜ੍ਹਿਆ ਉਹ ਭੁੱਲ ਜਾਂਦੇ ਹਨ।

**ਵਿੱਦਿਅਕ ਫਾਇਦਾ** : ਸਿਨੇਮੇ ਦਾ ਦੇਸ਼ ਦੇ ਵਿੱਦਿਅਕ ਵਿਕਾਸ ਵਿੱਚ ਕਾਫੀ ਹਿੱਸਾ ਹੈ। ਸਿਨਮਾ ਰਾਂਹੀ ਵਿਦਿਆਰਥੀਆਂ ਨੂੰ ਬਹੁਤ ਫਾਇਦਾ ਪਹੁੰਚਾਇਆ ਜਾ ਸਕਦਾ ਹੈ।

**ਵਪਾਰੀਆਂ ਨੂੰ ਲਾਭ :** ਸਿਨੇਮੇ ਤੋਂ ਵਪਾਰੀ ਲੋਕ ਬਹੁਤ ਲਾਭ ਉਠਾਉਂਦੇ ਹਨ। ਉਹ ਆਪਣੀ ਕੰਪਨੀ ਅਤੇ ਫਰਮਾਂ ਰਾਂਹੀ ਤਿਆਰ ਕੀਤੀਆਂ ਚੀਜ਼ਾਂ ਦੀ ਸਿਨਮਾ ਰਾਂਹੀ ਮਸ਼ਹੂਰੀ ਕਰ ਕੇ ਲਾਭ ਉਠਾਉਂਦੇ ਹਨ ਜਿਸ ਨਾਲ ਮੰਗ ਵੱਧਦੀ ਹੈ ਤੇ ਦੇਸ਼ ਵਿੱਚ ਪੈਦਾਵਾਰ ਨੂੰ ਲਾਭ ਪੁੱਜਦਾ ਹੈ।

**ਰੁਜ਼ਗਾਰ ਦਾ ਸਾਧਨ :** ਸਿਨੇਮੇ ਰਾਂਹੀ ਬਹੁਤ ਸਾਰੇ ਲੋਕਾਂ ਨੂੰ ਰੁਜਗਾਰ ਮਿਲਦਾ ਹੈ। ਫਿਲਮ ਸਨਅਤ ਅਤੇ ਸਿਨਮਾ-ਘਰਾਂ ਵਿੱਚ ਸੈਕੜੇ ਲੋਕ ਕੰਮ ਕਰ ਕੇ ਆਪਣਾ ਪੇਟ ਪਾਲ ਰਹੇ ਹਨ। ਇਸ ਤੋਂ ਇਲਾਵਾ ਸਿਨਮੇ ਰਾਂਹੀ ਦੇਸ਼ ਦੇ ਮਹਾਨ ਕਲਾਕਾਰਾਂ ਦਾ ਵੀ ਸਨਮਾਨ ਹੁੰਦਾ ਹੈ। ਇਹ ਉਹਨਾਂ ਨੂੰ ਧਨ ਨਾਲ ਮਾਲਾਮਾਲ ਕਰ ਦਿੰਦੇ ਹਨ।

**ਹਾਨੀਆਂ :**

**ਆਚਰਨ ਉੱਤੇ ਬੁਰਾ ਪ੍ਰਭਾਵ :** ਕਈ ਵਾਰ ਫਿਲਮਾਂ ਉਸਾਰੂ ਕਹਾਣੀਆਂ ਤੇ ਦ੍ਰਿਸ਼ ਪੇਸ਼ ਨਹੀਂ ਕਰਦੀਆਂ, ਸਗੋਂ ਮਨਚਲੇ ਮੁੰਡੇ-ਕੁੜੀਆਂ ਦੇ ਇਸ਼ਕ ਦੀਆਂ ਕਹਾਣੀਆਂ ਨੂੰ ਪੇਸ਼ ਕਰ ਕੇ ਨੌਜਵਾਨ ਮੁੰਡੇ-ਕੁੜੀਆਂ ਦੇ ਆਚਰਨ ਨੂੰ ਵਿਗਾੜਦੀਆਂ ਹਨ। ਇਹ ਦੇਖ ਕੇ ਉਹ ਫੈਸ਼ਨਪ੍ਰਸਤੀ ਵੱਲ ਪੈ ਜਾਂਦੇ ਹਨ। ਕਈ ਵਿਦਿਆਰਥੀਆਂ ਨੂੰ ਫਿਲਮਾਂ ਦੇਖਣ ਦੀ ਆਦਤ ਪੈ ਜਾਂਦੀ ਹੈ, ਉਹ ਘਰੋਂ ਪੈਸੇ ਨਾ ਮਿਲਣ ਤੇ ਚੋਰੀ ਆਦਿ ਕਰ ਕੇ ਸਿਨਮਾ ਦੇਖਣ ਦੀ ਕੋਸ਼ਿਸ਼ ਕਰਦੇ ਹਨ।

**ਅੱਖਾਂ ਉੱਤੇ ਬੁਰਾ ਅਸਰ–** ਬਹੁਤ ਸਿਨਮਾ ਦੇਖਣ ਨਾਲ ਸਿਨਮੇ ਦੇ ਪਰਦੇ ਉੱਪਰ ਪੈ ਰਹੀ ਤੇਜ਼ ਰੋਸ਼ਨੀ ਦਾ ਮਨੁੱਖੀ ਨਜ਼ਰ ਉੱਪਰ ਵੀ ਬੁਰਾ ਅਸਰ ਪੈਂਦਾ ਹੈ।

**ਸਮੇਂ ਦੀ ਬਰਬਾਦੀ :** ਸਿਨਮਾ ਸਮਾਂ ਵੀ ਨਸ਼ਟ ਕਰਦਾ ਹੈ। ਜਿਨ੍ਹਾਂ ਨੂੰ ਬਹੁਤੀਆਂ ਫ਼ਿਲਮਾਂ ਦੇਖਣ ਦੀ ਆਦਤ ਪੈ ਜਾਂਦੀ ਹੈ, ਉਹ ਆਪਣੇ ਕੰਮਾਂ ਵਲੋਂ ਕਈ ਵਾਰ ਲਾਪ੍ਰਵਾਹ ਹੋ ਜਾਂਦੇ ਹਨ ਤੇ ਸਿਨਮਾ ਵੇਖਣ, ਸਿਨਮਾ ਦੀਆਂ ਕਹਾਣੀਆਂ ਸੁਣਨ ਤੇ ਸੁਣਾਉਣ ਵਿਚ ਸਮਾਂ ਨਸ਼ਟ ਕਰ ਦਿੰਦੇ ਹਨ।

**ਸਾਰ ਅੰਸ਼ :** ਸਿਨਮਾ ਦੇ ਲਾਭ ਹਾਨੀਆਂ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸਿਨਮਾ ਦਿਲ ਪ੍ਰਚਾਵੇ ਦਾ ਵਧੀਆ ਸਾਧਨ ਹੈ। ਫੁੱਲਾਂ ਨਾਲ ਕੰਢੇ ਤਾਂ ਹੁੰਦੇ ਹੀ ਹਨ। ਨਿਰਮਾਤਾਵਾਂ ਨੂੰ ਚਾਹੀਦਾ ਹੈ ਕਿ ਅਸ਼ਲੀਲ ਦ੍ਰਿਸ਼ ਘੱਟ ਤੋਂ ਘੱਟ ਪੇਸ਼ ਕਰਨ ਤੇ ਆਪਣੀਆਂ ਫ਼ਿਲਮਾਂ ਰਾਂਹੀ ਨੌਜਵਾਨਾ ਨੂੰ ਦੇਸ਼ ਦੀ ਉਸਾਰੀ ਦਾ ਤੇ ਆਪਣਾ ਭਵਿੱਖ ਬਣਾਉਣ ਦਾ ਸੁਨੇਹਾ ਦੇਣ। ਸਰਕਾਰ ਨੂੰ ਵੀ ਇਹਨਾਂ ਉੱਪਰ ਪਾਬੰਧੀ ਲਾਉਣੀ ਚਾਹੀਦੀ ਹੈ।

## ਵਧਦੀ ਅਬਾਦੀ ਦੀ ਸਮੱਸਿਆ

ਅਜੋਕੇ ਭਾਰਤ ਦੀਆਂ ਗੰਭੀਰ ਸਮੱਸਿਆਵਾਂ ਵਿੱਚੋਂ ਪ੍ਰਮੁੱਖ ਹੈ ਵਧ ਰਹੀ ਜਨ-ਸੰਖਿਆ। ਭਾਰਤ ਨੂੰ ਵੈਸੇ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਵਧ ਰਹੀ ਅਬਾਦੀ ਸਭ ਤੋਂ ਗੰਭੀਰ ਸਮੱਸਿਆ ਹੈ। ਭਾਰਤ ਵਿਚ ਲਗਭਗ 70,000 ਬੱਚੇ ਹਰ ਰੋਜ਼ ਜਨਮ ਲੈਂਦੇ ਹਨ। ਭਾਰਤ ਦੀ ਅਬਾਦੀ 1951 ਈ. ਵਿਚ 35.67 ਕਰੋੜ ਸੀ ਤੇ ਲਗਾਤਾਰ ਵਾਧੇ ਕਾਰਨ 2018 ਭਾਰਤ ਦੀ ਅਬਾਦੀ 135.26 ਕਰੋੜ ਹੋ ਗਈ। ਵਧਦੀ ਅਬਾਦੀ ਗੰਭੀਰ ਸਮੱਸਿਆ ਦਾ ਰੂਪ ਲੈਂਦੀ ਜਾ ਰਹੀ ਹੈ।

**ਵਧਦੀ ਅਬਾਦੀ ਦੇ ਨੁਕਸਾਨ :**

**ਅੰਨ ਦੀ ਘਾਟ :** ਵਧਦੀ ਵਸੋਂ ਦਾ ਸਿੱਧਾ ਅਸਰ ਅੰਨ ਤੇ ਪੈਂਦਾ ਹੈ। ਅੰਨ ਉਪਜਾਉਣ ਵਾਲੀ ਧਰਤੀ ਤਾਂ ਓਨੀ ਹੀ ਰਹਿੰਦੀ ਹੈ ਪਰੰਤੂ ਲੋਕ ਵਧਦੇ ਜਾਂਦੇ ਹਨ। ਸਗੋਂ ਵਧ ਰਹੀ ਵਸੋਂ ਲਈ ਰਹਾਇਸ਼ੀ ਮਕਾਨ ਬਣਨ ਕਰਕੇ ਖੇਤੀ ਵਾਲੀ ਜ਼ਮੀਨ ਘਟਦੀ ਜਾ ਰਹੀ ਹੈ।

**ਮਹਿੰਗਾਈ ਵਿਚ ਵਾਧਾ :** ਅਬਾਦੀ ਦੇ ਵਾਧੇ ਨਾਲ ਅਨਾਜ ਅਤੇ ਹੋਰ ਜ਼ਰੂਰੀ ਵਸਤਾਂ ਦੀ ਮੰਗ ਵਧਦੀ ਹੈ। ਮੰਗ ਵਧਣ ਕਾਰਨ ਮਹਿੰਗਾਈ ਵਧਦੀ ਹੈ। ਇਸੇ ਕਾਰਨ ਲੋਕਾਂ ਨੂੰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਖਰੀਦਣ ਵਿਚ ਵੀ ਔਖ ਮਹਿਸੂਸ ਹੁੰਦੀ ਹੈ।

**ਭ੍ਰਿਸ਼ਟਾਚਾਰ ਵਿਚ ਵਾਧਾ :** ਅਬਾਦੀ ਵਧਣ ਨਾਲ਼ ਬੇਰੁਜ਼ਗਾਰੀ ਵੀ ਵਧਦੀ ਜਾ ਰਹੀ ਹੈ। ਬੇਰੁਜ਼ਗਾਰ ਲੋਕ ਕੰਮ-ਕਾਰ ਲਈ ਹਰ ਤਰੀਕੇ ਹੱਥ-ਪੈਰ ਮਾਰਦੇ ਹਨ-ਸਿਫ਼ਾਰਸ਼ਾਂ ਪੁਆਉਂਦੇ ਹਨ, ਰਿਸ਼ਵਤਾਂ ਦਿੰਦੇ ਹਨ। ਇਵੇਂ ਭ੍ਰਿਸ਼ਟਾਚਾਰ ਦਾ ਜਨਮ ਹੁੰਦਾ ਹੈ।

**ਅਨਪੜ੍ਹਤਾ ਵਿਚ ਵਾਧਾ :** ਆਰਥਿਕ ਤੰਗੀ ਕਾਰਨ ਮਾਪੇ ਆਪਣੇ ਸਾਰੇ ਬੱਚਿਆਂ ਨੂੰ ਵਿੱਦਿਆ ਨਹੀਂ ਦੇ ਸਕਦੇ। ਭਾਰਤ ਵਿੱਚ ਅਨਪੜ੍ਹ ਪਹਿਲਾਂ ਹੀ ਜ਼ਿਆਦਾ ਹਨ। ਅਨਪੜ੍ਹਤਾ ਮਨੁੱਖਤਾ ਦੇ ਵਿਸ ਦਾ ਰਾਹ ਰੋਕ ਕੇ ਰੱਖਦੀ ਹੈ।

**ਸਹੀ ਪਾਲਣ-ਪੋਸਣ ਦੀ ਕਮੀ :** ਵੱਡੇ ਪਰਿਵਾਰਾਂ ਦੇ ਮਾਤਾ-ਪਿਤਾ ਆਪਣੇ ਬੱਚਿਆਂ ਦੀ ਪਾਲਣਾ ਠੀਕ ਢੰਗ ਨਾਲ ਨਹੀਂ ਕਰ ਸਕਦੇ। ਫਲਸਰੂਪ ਉਹ ਸਿਹਤ ਅਤੇ ਸ਼ਖ਼ਸੀਅਤ ਵਿਕਾਸ ਪੱਖੋਂ ਅਣਵਿਕਸਿਤ ਰਹਿ ਜਾਂਦੇ ਹਨ।

**ਗਰੀਬੀ ਵਿਚ ਵਾਧਾ :** ਆਮ ਭਾਰਤੀ ਗਰੀਬ ਹੈ ਤੇ ਅਬਾਦੀ ਦਾ ਵਾਧਾ ਇਸ ਨੂੰ ਹੋਰ ਗਰੀਬ ਬਣਾ ਰਿਹਾ ਹੈ। ਪਹਿਲਾਂ ਜੇ ਕਿਸੇ ਕੋਲ਼ 10 ਕਿਲੇ ਜਮੀਨ ਸੀ ਤਾਂ ਅੱਗੇ ਉਸ ਦੇ 3 ਬੱਚੇ ਹੋਣ ਤੇ ਹਰੇਕ ਕੋਲ 3-3 ਕਿੱਲੇ ਜਮੀਨ ਰਹਿ ਗਈ। ਇਸ ਤਰ੍ਹਾਂ ਗਰੀਬੀ ਦਾ ਵਾਧਾ ਅੱਗੇ ਲਗਾਤਾਰ ਜਾਰੀ ਰਹਿੰਦਾ ਹੈ।

**ਵਧਦੀ ਅਬਾਦੀ ਦੇ ਕਾਰਨ :**

**ਅੰਧਵਿਸ਼ਵਾਸ :** ਸਾਡੇ ਦੇਸ ਵਿੱਚ ਅਜੇ ਵੀ ਇਹ ਗੱਲ ਪ੍ਰਚਲਿਤ ਹੈ ਕਿ ਬੱਚਾ ਰੱਬ ਦੀ ਦਾਤ ਹੈ। ਇਸ ਦਾ ਮੁੜਨਾ ਰੱਬ ਦੀ ਕਰੋਪੀ ਦਾ ਸ਼ਿਕਾਰ ਹੋਣਾ ਹੈ। ਇਹੋ-ਜਿਹੇ ਵਿਚਾਰਾਂ ਦੇ ਫਲਸਰੂਪ ਅਬਾਦੀ ਲਗਾਤਾਰ ਵਧਦੀ ਹੈ।

**ਆਮਦਨੀ ਦਾ ਸਾਧਨ :** ਗਰੀਬ ਮਾਪੇ ਬੱਚਿਆਂ ਨੂੰ ਆਪਣੀ ਆਮਦਨੀ ਵਿੱਚ ਵਾਧਾ ਕਰਨ ਦਾ ਸਾਧਨ ਸਮਝਦੇ ਹਨ। ਉਹ ਸੋਚਦੇ ਹਨ ਕਿ ਜਿੰਨੇ ਜ਼ਿਆਦਾ ਹੱਥ ਹੋਣਗੇ ਉਹ ਓਨੀ ਜ਼ਿਆਦਾ ਕਮਾਈ ਕਰ ਸਕਣਗੇ ।

**ਛੋਟੀ ਉਮਰ ਦੇ ਵਿਆਹ :** ਛੋਟੀ ਉਮਰ ਦੇ ਵਿਆਹ ਵੀ ਅਬਾਦੀ ਵਿੱਚ ਵਾਧੇ ਦਾ ਕਾਰਨ ਬਣਦੇ ਹਨ।

**ਪੱਖਪਾਤੀ ਸੋਚ :** ਕਈ ਰੂੜ੍ਹੀਵਾਦੀ ਸੋਚ ਦੇ ਲੋਕ ਮੁੰਡਾ ਪੈਦਾ ਕਰਨ ਪਿੱਛੇ 4-5 ਬੱਚੇ ਪੈਦਾ ਕਰ ਲੈਂਦੇ ਹਨ।

**ਪ੍ਰਚਾਰ ਦੀ ਘਾਟ :** ਭਾਰਤੀ ਲੋਕ ਸ਼ਰਮ ਕਾਰਨ ਦੇਸ ਵਿੱਚ ਪਰਿਵਾਰ-ਨਿਯੋਜਨ ਦੇ ਪ੍ਰਚਾਰ ਨੂੰ ਅਮਲ ਵਿੱਚ ਨਹੀਂ ਲਿਆਉਂਦੇ। ਇਸ ਦਾ ਪ੍ਰਚਾਰ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵਿੱਚ ਵੀ ਕੀਤਾ ਜਾਣਾ ਜ਼ਿਆਦਾ ਜ਼ਰੂਰੀ ਹੈ ਕਿਉਂਕਿ ਅਬਾਦੀ ਦਾ ਅੱਧੇ ਤੋਂ ਵੱਧ ਹਿੱਸਾ ਪਿੰਡਾਂ ਵਿੱਚ ਨਿਵਾਸ ਕਰਦਾ ਹੈ।

**ਸਾਰ-ਅੰਸ਼ :** ਅਬਾਦੀ ਦੀ ਰੋਕ ਲਈ ਦੇਰ ਨਾਲ਼ ਵਿਆਹ ਵੀ ਲਾਭਕਾਰੀ ਸਿੱਧ ਹੋ ਸਕਦੇ ਹਨ। ਹਰ ਵਿਆਹੁਤਾ ਜੋੜੇ ਨੂੰ ਚਾਹੀਦਾ ਹੈ ਕਿ ਉਹ ਇੱਕ ਬੱਚੇ ਤੋਂ ਬਾਅਦ ਘੱਟ ਤੋਂ ਘੱਟ ਤਿੰਨ ਸਾਲ ਬਾਅਦ ਅਗਲਾ ਬੱਚਾ ਪੈਦਾ ਕਰਨ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਸੰਬੰਧੀ ਕਾਨੂੰਨ ਬਣਾ ਕੇ ਉਸ ਦੀ ਸਖ਼ਤੀ ਨਾਲ ਪਾਲਣਾ ਕਰਵਾਵੇ। ਭਾਰਤ ਨੂੰ ਬਰਬਾਦੀ ਦੇ ਜਿੰਨ ਤੋਂ ਬਚਾਉਣ ਲਈ ਅਬਾਦੀ ਦੀ ਰੋਕ ਅਤਿ ਜ਼ਰੂਰੀ ਹੈ, ਨਹੀਂ ਤਾਂ ਇਸ ਦੇ ਅਜਿਹੇ ਭਿਆਨਕ ਸਿੱਟੇ ਨਿਕਲਣਗੇ ਜੋ ਆਉਣ ਵਾਲੀਆਂ ਪੀੜੀਆਂ ਨੂੰ ਭੁਗਤਣੇ ਪੈਣਗੇ ।

## ਫ਼ੀਸ ਮੁਆਫ਼ੀ ਲਈ ਸਕੂਲ ਮੁਖੀ ਨੂੰ ਬਿਨੈ-ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ,
ਸਰਕਾਰੀ ......... ਸਕੂਲ,
.....................।

ਸ੍ਰੀਮਾਨ ਜੀ ,

ਬੇਨਤੀ ਹੈ ਕਿ ਮੇਰੇ ਪਿਤਾ ਜੀ ਮਜ਼ਦੂਰੀ ਦਾ ਕੰਮ ਕਰਦੇ ਹਨ। ਉਹਨਾਂ ਦੀ ਆਮਦਨ ਬਹੁਤ ਘੱਟ ਹੈ।ਉਨ੍ਹਾਂ ਦੀ ਕਮਾਈ ਨਾਲ਼ ਸਾਡੇ ਪਰਿਵਾਰ ਦਾ ਗੁਜ਼ਾਰਾ ਬਹੁਤ ਮੁਸ਼ਕਲ ਨਾਲ਼ ਚਲਦਾ ਹੈ। ਗਰੀਬੀ ਕਾਰਨ ਉਹ ਮੇਰੀ ਫ਼ੀਸ ਨਹੀਂ ਦੇ ਸਕਦੇ। ਇਸ ਕਰਕੇ ਉਹ ਮੇਰੀ ਪੜ੍ਹਾਈ ਬੰਦ ਕਰਨਾ ਚਾਹੁੰਦੇ ਹਨ।

ਮੈਨੂੰ ਪੜ੍ਹਾਈ ਦਾ ਬਹੁਤ ਸ਼ੌਂਕ ਹੈ। ਮੈਂ ਹਰ ਸਾਲ ਜਮਾਤ ਵਿਚੋਂ ਅੱਵਲ ਆਉਂਦਾ ਹਾਂ। ਮੈਂ ਫੁੱਟਬਾਲ ਦਾ ਵਧੀਆ ਖਿਡਾਰੀ ਹਾਂ। ਸੋ ਕਿਰਪਾ ਕਰ ਕੇ ਮੇਰੀ ਫ਼ੀਸ ਮੁਆਫ਼ ਕੀਤੀ ਜਾਵੇ। ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰੀ,
.................,
ਰੋਲ ਨੰ. ...
ਮਿਤੀ : ... ਮਈ, 2020 ਜਮਾਤ ਅੱਠਵੀਂ।

## ਵਿਦਿਅਕ ਟੂਰ/ ਸੈਰ-ਸਪਾਟੇ ਦੀ ਆਗਿਆ ਸੰਬੰਧੀ ਸਕੂਲ ਮੁਖੀ ਨੂੰ ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ,
ਸਰਕਾਰੀ ......... ਸਕੂਲ,
.....................।

ਸ੍ਰੀਮਾਨ ਜੀ ,

ਬੇਨਤੀ ਹੈ ਕਿ ਅਸੀਂ ਅੱਠਵੀਂ ਜਮਾਤ ਦੇ ਵਿਦਿਆਰਥੀ ਅਗਲੇ ਸ਼ਨੀਵਾਰ ਸਾਇੰਸ ਸਿਟੀ ਕਪੂਰਥਲਾ ਵਿਖੇ ਵਿਦਿਅਕ ਟੂਰ 'ਤੇ ਜਾਣਾ ਚਾਹੁੰਦੇ ਹਾਂ। ਜਿਸ ਲਈ ਸਾਡੇ ਪੰਜਾਬੀ ਅਤੇ ਸਾਇੰਸ ਦੇ ਅਧਿਆਪਕਾਂ ਨੇ ਸਾਡੇ ਨਾਲ਼ ਜਾਣਾ ਸਵਿਕਾਰ ਕਰ ਲਿਆ ਹੈ।

ਅਸੀਂ ਆਪ ਨੂੰ ਇਹ ਵੀ ਦੱਸਣਾ ਚਾਹੁੰਦੇ ਹਾਂ ਕਿ ਇਸ ਟੂਰ ਦੀ ਲਿਖਤੀ ਆਗਿਆ ਸਾਰੇ ਵਿਦਿਆਰਥੀਆਂ ਨੇ ਆਪਣੇ ਮਾਪਿਆਂ ਤੋਂ ਵੀ ਲੈ ਲਈ ਹੈ। ਅਸੀ ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ ਵਿਚ ਸਪੇਸ ਥਿਏਟਰ, ਫ਼ਲਾਈਟ-ਸਿਮੂਲੇਟਰ, ਅਰਥਕੁਏਕ ਸਿਮੂਲੇਟਰ, 3-ਡੀ ਲੇਜ਼ਰ ਸ਼ੋਅ, ਸਿਹਤ-ਗੈਲਰੀ, ਊਰਜਾ ਪਾਰਕ, ਡਾਇਨਾਸੋਰ ਪਾਰਕ, ਸਪੋਰਟਸ ਗੈਲਰੀ ਅਤੇ ਰੇਲਵੇ-ਗੈਲਰੀ ਦੇਖਣਾ ਚਾਹੁੰਦੇ ਹਾਂ।
ਅਸੀਂ ਉਮੀਦ ਕਰਦੇ ਹਾਂ ਕਿ ਆਪ ਸਾਨੂੰ ਇਸ ਵਿਦਿਅਕ ਟੂਰ 'ਤੇ ਜਾਣ ਦੀ ਇਜਾਜਤ ਦਿਉਗੇ। ਅਸੀਂ ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

ਆਪ ਜੀ ਦੇ ਆਗਿਆਕਾਰੀ,
ਮਿਤੀ : ... ਮਈ, 2020 ਜਮਾਤ ਅੱਠਵੀਂ ਦੇ ਵਿਦਿਆਰਥੀ।

**ਨਾਂਵ**

ਕਿਸੇ ਵਿਅਕਤੀ, ਜੀਵ, ਥਾਂ, ਵਸਤੂ, ਹਾਲਾਤ, ਗੁਣ, ਭਾਵ ਆਦਿ ਲਈ ਵਰਤੇ ਜਾਂਦੇ ਸ਼ਬਦਾ ਨੂੰ ਨਾਂਵ ਕਿਹਾ ਜਾਂਦਾ ਹੈ; ਜਿਵੇ- ਫ਼ਰੀਦਕੋਟ, ਰਸੋਈ, ਸਕੂਲ, ਕਾਰ ਆਦਿ।

**ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ :**

1. ਆਮ ਨਾਂਵ ਜਾਂ ਜਾਤੀ ਵਾਚਕ ਨਾਂਵ
2. ਖ਼ਾਸ ਨਾਂਵ
3. ਇਕੱਠਵਾਚਕ ਨਾਂਵ
4. ਭਾਵਵਾਚਕ ਨਾਂਵ
5. ਪਦਾਰਥਵਾਚਕ ਨਾਂਵ

**1. ਆਮ ਨਾਂਵ ਜਾਂ ਜਾਤੀ ਵਾਚਕ ਨਾਂਵ** - ਜਿਹੜੇ ਸ਼ਬਦ ਕਿਸੇ ਜਾਤੀ ਦੀ ਹਰ ਇੱਕ ਵਸਤੂ ਲਈ ਲਈ ਸਾਂਝੇ ਤੌਰ ਤੇ ਵਰਤੇ ਜਾਣ, ਉਹਨਾਂ ਨੂੰ ਆਂਮ ਨਾਂਵ ਕਿਹਾ ਜਾਂਦਾ ਹੈ; ਜਿਵੇਂ- ਦੇਸ, ਮੁੰਡਾ, ਪਿੰਡ ਆਦਿ।

**2. ਖਾਸ ਨਾਂਵ** - ਜਿਹੜੇ ਸ਼ਬਦ ਕਿਸੇ ਖਾਸ ਵਿਅਕਤੀ, ਵਸਤੂ ਜਾਂ ਸਥਾਨ ਲਈ ਵਰਤੇ ਜਾਣ ਉਹਨਾਂ ਨੂੰ ਖਾਸ ਨਾਂਵ ਕਿਹਾ ਜਾਂਦਾ ਹੈ; ਜਿਵੇਂ- ਭਾਰਤ, ਫ਼ਰੀਦਕੋਟ, ਧਰਮਿੰਦਰ ਆਦਿ।

**3. ਇਕੱਠਵਾਚਕ ਨਾਂਵ** - ਜੋ ਸ਼ਬਦ ਗਿਣਨਯੋਗ ਵਸਤੂਆਂ ਦੇ ਇਕੱਠ ਲਈ ਵਰਤੇ ਜਾਣ, ਉਨ੍ਹਾਂ ਨੂੰ ਇਕੱਠਵਾਚਕ ਨਾਂਵ ਕਿਹਾ ਜਾਂਦਾ ਹੈ; ਜਿਵੇ- ਫੌਜ਼, ਜਮਾਤ, ਸਭਾ ਆਦਿ।

**4. ਵਸਤੂਵਾਚਕ ਨਾਂਵ :** ਜਿਹੜੇ ਸ਼ਬਦਾਂ ਤੋਂ ਤੋਲਣ, ਮਿਣਨ ਜਾਂ ਮਾਪੀਆਂ ਜਾਣ ਵਾਲੀਆਂ ਵਸਤੂਆਂ ਦੇ ਨਾਂ ਦਾ ਬੋਧ ਹੋਵੇ, ਉਨ੍ਹਾਂ ਨੂੰ ਵਸਤੂਵਾਚਕ ਨਾਂਵ ਆਖਿਆ ਜਾਂਦਾ ਹੈ; ਜਿਵੇਂ- ਪਾਣੀ, ਤੇਲ, ਸੋਨਾ, ਚਾਂਦੀ, ਕੱਪੜਾ, ਮਿੱਟੀ ਆਦਿ।

**5. ਭਾਵਵਾਚਕ ਨਾਂਵ :** ਜਿਹੜੇ ਸ਼ਬਦਾਂ ਤੋਂ ਕਿਸੇ ਭਾਵ, ਗੁਣ ਜਾਂ ਹਾਲਤ ਆਦਿ ਦਾ ਗਿਆਨ ਹੋਵੇ, ਉਨ੍ਹਾਂ ਨੂੰ ਭਾਵਵਾਚਕ ਨਾਂਵ ਆਖਿਆ ਜਾਂਦਾ ਹੈ; ਜਿਵੇਂ- ਹਾਸਾ, ਰੋਣਾ, ਸ਼ਰਧਾ, ਸੱਚ, ਖ਼ੁਸ਼ੀ, ਗਮੀ, ਪਿਆਰ ਆਦਿ ।

**ਪੜਨਾਂਵ**

ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ, ਉਸ ਨੂੰ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ : ਤੁਸੀਂ, ਉਹ, ਕਈ, ਅਹੁ, ਕੌਣ।
ਪੜਨਾਂਵ ਦੀਆਂ ਕਿਸਮਾਂ
ਪੜਨਾਂਵ ਛੇ ਪ੍ਰਕਾਰ ਦੇ ਹਨ :

1. ਪੁਰਖ-ਵਾਚਕ ਪੜਨਾਂਵ ਪੜਨਾਂਵ
2. ਨਿੱਜ-ਵਾਚਕ ਪੜਨਾਂਵ
3. ਨਿਸ਼ਚੇਵਾਚਕ ਪੜਨਾਂਵ
4. ਅਨਿਸ਼ਚੇਵਾਚਕ ਪੜਨਾਂਵ
5. ਸੰਬੰਧ-ਵਾਚਕ ਪੜਨਾਂਵ ਪ੍ਰਸ਼ਨਵਾਚਕ
6. ਪ੍ਰਸ਼ਨ-ਵਾਚਕ ਪੜਨਾਂਵ

**1. ਪੁਰਖ-ਵਾਚਕ ਪੜਨਾਂਵ :** ਜਿਹੜੇ ਸ਼ਬਦ ਅਸੀਂ ਆਪਣੇ ਜਾਂ ਦੂਜੇ ਪੁਰਖਾਂ ਦੇ ਨਾਂ ਦੀ ਥਾਂ 'ਤੇ ਵਰਤਦੇ ਹਾਂ, ਉਹਨਾਂ ਨੂੰ ਪੁਰਖ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:- ਮੈਂ, ਤੁਸੀਂ, ਉਹ ਆਦਿ।
ਪੁਰਖ-ਵਾਚਕ ਪੜਨਾਂਵ ਤਿੰਨ ਪ੍ਰਕਾਰ ਦੇ ਹੁੰਦੇ ਹਨ :
ਉੱਤਮ ਪੁਰਖ ਜਾਂ ਪਹਿਲਾ ਪੁਰਖ
ਮੱਧਮ ਪੁਰਖ ਜਾਂ ਦੂਜਾ ਪੁਰਖ
ਅਨਯ ਪੁਰਖ ਜਾਂ ਤੀਜਾ ਪੁਰਖ

**ਉੱਤਮ ਪੁਰਖ :** ਜਿਹੜਾ ਪੁਰਖ ਗੱਲ ਕਰਦਾ ਹੈ, ਉਸ ਨੂੰ ਉੱਤਮ ਪੁਰਖ ਜਾਂ ਪਹਿਲਾ ਪੁਰਖ ਕਿਹਾ ਜਾਂਦਾ ਹੈ, ਜਿਵੇਂ:- ਮੈਂ, ਮੈਨੂੰ, ਅਸੀਂ, ਸਾਡਾ ਆਦਿ।

**ਮੱਧਮ ਪੁਰਖ :** ਜਿਸ ਪੁਰਖ ਨਾਲ ਗੱਲ ਕੀਤੀ ਜਾਵੇ, ਉਸ ਨੂੰ ਮੱਧਮ ਪੁਰਖ ਜਾਂ ਦੂਜਾ ਪੁਰਖ ਕਿਹਾ ਜਾਂਦਾ ਹੈ, ਜਿਵੇਂ:- ਤੂੰ, ਤੁਸੀਂ, ਤੇਰਾ, ਤੁਹਾਡਾ ਆਦਿ।

**ਅਨਯ ਪੁਰਖ :** ਜਿਹੜੇ ਪੁਰਖ ਦੇ ਬਾਰੇ ਗੱਲ ਕੀਤੀ ਜਾਵੇ, ਉਸ ਨੂੰ ਅਨਯ ਪੁਰਖ ਜਾਂ ਤੀਜਾ ਪੁਰਖ ਕਿਹਾ ਜਾਂਦਾ ਹੈ, ਜਿਵੇ:- ਉਹ, ਉਹਨਾਂ ਆਦਿ।

**2. ਨਿੱਜ-ਵਾਚਕ ਪੜਨਾਂਵ** ਜਿਹੜਾ ਸ਼ਬਦ ਕਰਤਾ ਦੇ ਨਾਲ ਆ ਕੇ ਉਸ ਵਾਕ ਦੇ ਕਰਤਾ ਦੀ ਥਾਂ ਵਰਤਿਆ ਜਾਵੇ, ਉਸ ਨੂੰ ਨਿੱਜਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:- ਮੈਂ **ਆਪ** ਉਸ ਨੂੰ ਸਮਝਾਇਆ। ਮੁੰਡੇ **ਆਪਸ** ਵਿੱਚ ਲੜਦੇ ਹਨ।

**3. ਨਿਸ਼ਚੇਵਾਚਕ ਪੜਨਾਂਵ** ਜਿਹੜੇ ਪੜਨਾਂਵ ਕਿਸੇ ਦੂਰ ਜਾਂ ਨੇੜੇ ਦੀ ਦਿਸਦੀ ਚੀਜ਼ ਵੱਲ ਇਸ਼ਾਰਾ ਕਰਕੇ ਉਸ ਦੇ ਨਾਂ ਦੀ ਥਾਂ ਤੇ ਵਰਤੇ ਜਾਣ, ਉਹਨਾਂ ਨੂੰ ਨਿਸ਼ਚੇਵਾਚਕ ਪੜਨਾਂਵ ਕਹਿੰਦੇ ਹਨ, ਜਿਵੇਂ:- **ਅਹੁ** ਕੁਝ ਬਣ ਰਿਹਾ ਹੈ। **ਇਹ** ਬੜਾ ਹਾਜ਼ਰ-ਜਵਾਬ ਹੈ।

**4. ਅਨਿਸ਼ਚੇਵਾਚਕ ਪੜਨਾਂਵ** ਜਿਹੜੇ ਪੜਨਾਂਵ-ਸ਼ਬਦਾਂ ਤੋਂ ਕਿਸੇ ਵਿਅਕਤੀ, ਸਥਾਨ, ਵਸਤੂ ਆਦਿ ਦਾ ਸਪਸ਼ਟ ਜਾਂ ਨਿਸ਼ਚੇ-ਪੂਰਵਕ ਗਿਆਨ ਨਾ ਹੋਵੇ , ਉਹਨਾਂ ਨੂੰ ਅਨਿਸ਼ਚੇਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:- **ਕੋਈ** ਗੀਤ ਗਾ ਰਿਹਾ ਹੈ। **ਕਈ** ਆਉਂਦੇ ਹਨ।

**5. ਸੰਬੰਧ-ਵਾਚਕ ਪੜਨਾਂਵ** ਜਿਹੜਾ ਸ਼ਬਦ ਨਾਂਵ ਸ਼ਬਦ ਦੀ ਥਾਂ ਵਰਤਿਆ ਜਾਵੇ ਤੇ ਯੋਜਕਾਂ ਵਾਂਗ ਦੋ ਵਾਕਾਂ ਨੂੰ ਆਪਸ ਵਿੱਚ ਜੋੜੇ, ਉਸ ਨੂੰ ਸੰਬੰਧ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:- ਲੋਕ **ਜੋ** ਆਪਸ ਵਿੱਚ ਪਿਆਰ ਕਰਦੇ ਹਨ, ਸੁਖੀ ਵੱਸਦੇ ਹਨ। ਉਹ ਸ਼ਰਾਬੀ **ਜਿਸ ਨੇ** ਗੋਲੀਆਂ ਚਲਾਈਆਂ ਸਨ, ਫੜਿਆ ਗਿਆ।

**6. ਪ੍ਰਸ਼ਨ-ਵਾਚਕ ਪੜਨਾਂਵ** ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ ਪਰ ਨਾਲ ਹੀ ਉਸ ਵੱਲੋਂ ਕੋਈ ਪੁੱਛ-ਗਿੱਛ ਕੀਤੀ ਜਾਵੇ, ਉਸ ਨੂੰ ਪ੍ਰਸ਼ਨ-ਵਾਚਕ ਪੜਨਾਂਵ ਕਿਹਾ ਜਾਦਾ ਹੈ, ਜਿਵੇਂ:- **ਕੌਣ** ਰੋ ਰਿਹਾ ਹੈ? ਗਲਾਸ **ਕਿਸ ਨੇ** ਤੋੜਿਆ ਹੈ?

## ਵਿਸਰਾਮ-ਚਿੰਨ੍ਹ

ਕਿਸੇ ਵੀ ਭਾਸ਼ਾ ਨੂੰ ਲਿਖਤੀ ਰੂਪ ਵਿਚ ਸਰਲ, ਸਪਸ਼ਟ ਅਤੇ ਠੀਕ ਢੰਗ ਨਾਲ਼ ਲਿਖਣ ਲਈ ਵਿਸਰਾਮ-ਚਿੰਨ੍ਹ ਬਹੁਤ ਹੀ ਮਹੱਤਵਪੂਰਨ ਹੁੰਦੇ ਹਨ। ਇਹਨਾਂ ਦੀ ਥਾਂ ਬਦਲ ਜਾਵੇ ਤਾਂ ਅਰਥਾਂ ਵਿਚ ਭਾਰੀ ਤਬਦੀਲੀ ਆ ਜਾਂਦੀ ਹੈ। ਉਦਾਹਰਨ :
ਰੋਕੋ ਨਾ, ਜਾਣ ਦਿਉ -ਜਾਣ ਦੇਣ ਦਾ ਭਾਵ ਹੈ।
ਰੋਕੋ, ਨਾ ਜਾਣ ਦਿਉ -ਰੋਕਣ ਦਾ ਭਾਵ ਹੈ।

**1. ਡੰਡੀ (।)** ਇਹ ਪੂਰਨ ਵਿਸਰਾਮ ਦਾ ਚਿੰਨ੍ਹ ਹੈ। ਇਹ ਸਧਾਰਨ ਵਾਕ ਦੇ ਅੰਤ ਵਿੱਚ ਲਾਇਆ ਜਾਂਦਾ ਹੈ, ਜਿਵੇਂ:- ਹਰਜੀਤ ਸਕੂਲ ਜਾ ਰਿਹਾ ਹੈ।

**2. ਕਾਮਾ (,)** ਕਾਮੇ ਦੀ ਵਰਤੋਂ ਵਾਕ ਵਿੱਚ ਥੋੜ੍ਹਾ ਜਿਹਾ ਠਹਿਰਾਅ ਪੈਦਾ ਕਰਨ ਲਈ ਕੀਤੀ ਜਾਂਦੀ ਹੈ, ਜਿਵੇਂ:- ਅਮਿਤ, ਰਾਮ ਅਤੇ ਸ਼ਾਮ ਖੇਡਣ ਗਏ ।

**3. ਪ੍ਰਸ਼ਨ-ਚਿੰਨ੍ਹ (?)** ਜਿਸ ਵਾਕ ਵਿੱਚ ਕੋਈ ਪ੍ਰਸ਼ਨ ਪੁੱਛਿਆ ਜਾਵੇ, ਉਸ ਵਾਕ ਦੇ ਅੰਤ ਵਿੱਚ ਪ੍ਰਸ਼ਨ-ਚਿੰਨ੍ਹ ਲਾਇਆ ਜਾਂਦਾ ਹੈ, ਜਿਵੇਂ:- ਤੇਰਾ ਨਾਂ ਕੀ ਹੈ?

**4. ਬਿੰਦੀ-ਕਾਮਾ (;)** ਇਸ ਦੀ ਵਰਤੋਂ ਜ਼ਿਆਦਾ ਨਹੀਂ ਹੁੰਦੀ। ਇੱਕੋ ਵਾਕ ਵਿੱਚ ਜਦੋਂ ਕਾਮਾ (,) ਨਾਲੋਂ ਵੱਧ ਅਤੇ ਡੰਡੀ (।) ਨਾਲ਼ੋਂ ਘੱਟ ਵਿਸਰਾਮ ਦੇਣਾ ਹੋਵੇ ਤਾਂ ਬਿੰਦੀ-ਕਾਮੇ (;) ਦੀ ਵਰਤੋਂ ਹੁੰਦੀ ਹੈ, ਜਿਵੇਂ:- ਤੁਹਾਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ; ਤਾਂ ਹੀ ਤੁਸੀਂ ਪਾਸ ਹੋ ਸਕੋਗੇ ।

**5. ਦੁਬਿੰਦੀ (:)** ਜਦੋਂ ਕਿਸੇ ਸ਼ਬਦ ਦੇ ਸਾਰੇ ਅੱਖਰ ਨਾ ਲਿਖੇ ਜਾਣ ਤਾਂ ਦੁਬਿੰਦੀ ਦੀ ਵਰਤੋਂ ਹੁੰਦੀ ਹੈ, ਜਿਵੇਂ:- ਸ:ਮਿ:ਸ: (ਸਰਕਾਰੀ ਮਿਡਲ ਸਕੂਲ)।

**6. ਵਿਸਮਕ-ਚਿੰਨ੍ਹ (!)** ਇਹ ਚਿੰਨ੍ਹ ਉਹਨਾਂ ਵਾਕਾਂ ਜਾਂ ਸ਼ਬਦਾਂ ਦੇ ਪਿੱਛੇ ਵਰਤਿਆ ਜਾਂਦਾ ਹੈ, ਜਿਹੜੇ ਮਨ ਦੇ ਕਿਸੇ ਭਾਵ ਖ਼ੁਸ਼ੀ, ਗਮੀ ਜਾਂ ਹੈਰਾਨੀ ਆਦਿ ਪ੍ਰਗਟ ਕਰਦੇ ਹੋਣ, ਜਿਵੇਂ:- ਵਾਹ! ਕਿੰਨਾ ਸੋਹਣਾ ਫੁੱਲ ਹੈ!

**7. ਪੁੱਠੇ ਕਾਮੇ (“ ”)** ਜਦੋਂ ਕਿਸੇ ਦੇ ਕਹੇ ਹੋਏ ਜਾਂ ਲਿਖੇ ਹੋਏ ਸ਼ਬਦਾਂ ਨੂੰ ਉਸੇ ਤਰ੍ਹਾਂ ਉਸੇ ਕਾਲ ਵਿੱਚ ਲਿਖਣਾ ਹੋਵੇ ਤਾਂ ਉਹਨਾਂ ਨੂੰ ਦੋ ਪੁੱਠੇ ਕਾਮੇ ਅਤੇ ਦੋ ਸਿੱਧੇ ਕਾਮਿਆਂ ਵਿੱਚ ਲਿਖਿਆ ਜਾਂਦਾ ਹੈ, ਜਿਵੇਂ:- ਪ੍ਰੀਤ ਨੇ ਅਧਿਆਪਕ ਨੂੰ ਕਿਹਾ, “ਮੈਨੂੰ ਅੱਜ ਛੁੱਟੀ ਚਾਹੀਦੀ ਹੈ।”

**8. ਬ੍ਰੈਕਟ ( )** ਕਿਸੇ ਵਾਕ ਜਾਂ ਸ਼ਬਦ ਦੇ ਅਰਥ ਹੋਰ ਸਪਸ਼ਟ ਕਰਨ ਲਈ ਬ੍ਰੈਕਟ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ:- ਸਿਆਣਪ (ਅਕਲ) ਤੋਂ ਕੰਮ ਲਉ।

**9. ਬਿੰਦੀ (.)** ਇਸ ਦੀ ਵਰਤੋਂ ਸੰਖੇਪ ਵਿਚ ਲਿਖੀਆਂ ਡਿਗਰੀਆਂ ਪਿੱਛੇ ਹੁੰਦੀ ਹੈ, ਜਿਵੇਂ:- ਬੀ.ਏ., ਐੱਮ.ਏ.।

**10. ਛੁੱਟ-ਮਰੋੜੀ (’)** ਬੋਲ-ਚਾਲ ਦੀ ਭਾਸ਼ਾ ਨੂੰ ਲਿਖਣ ਵੇਲ਼ੇ ਕੋਈ ਅੱਖਰ ਛਡਿਆ ਜਾਵੇ ਤਾਂ ਛੁੱਟ-ਮਰੋੜੀ ਪਾਈ ਜਾਂਦੀ ਹੈ, ਜਿਵੇਂ:- ਚਿੜੀ ਕੋਠੇ ’ਤੇ ਬੈਠੀ ਹੈ।

**11. ਡੈਸ਼ (–)** ਇਹ ਚਿੰਨ੍ਹ ਕਿਸੇ ਗੱਲ ਨੂੰ ਸਪਸ਼ਟ ਕਰਨ ਲਈ ਵਾਧੂ ਗੱਲ ਕਹਿਣ ਲਈ ਵਰਤਿਆ ਜਾਂਦਾ ਹੈ, ਜਿਵੇਂ:- ਫੁੱਲ-ਜੋ ਬੀਜਿਆ ਜਾਵੇ-ਬਹੁਤ ਵਧੀਆਂ ਹੁੰਦਾ ਹੈ।

**12. ਦੁਬਿੰਦੀ-ਡੈਸ਼ (:– )** ਕਿਸੇ ਸ਼ਬਦ, ਵਾਕ ਦੀ ਵਿਆਖਿਆ ਜਾਂ ਉਦਾਹਰਨ ਦੇਣ ਤੋਂ ਪਹਿਲਾਂ ਇਸ ਚਿੰਨ੍ਹ ਦੀ ਵਰਤੋਂ ਕਤਿ ਜਾਂਦੀ ਹੈ, ਜਿਵੇ:-।

**13. ਜੋੜਨੀ (–)** ਇਸ ਦੀ ਵਰਤੋਂ ਹੇਠ ਲਿਖੇ ਅਨੁਸਾਰ ਹੁੰਦੀ ਹੈ।
ਹਮ-ਉਮਰ, ਚਾਹ-ਪਾਣੀ।

**ਵਿਰੋਧੀ ਸ਼ਬਦ**

ਕਿਸੇ ਸ਼ਬਦ ਦੇ ਵਿਰੋਧੀ ਭਾਵਾਂ ਜਾਂ ਅਰਥਾਂ ਨੂੰ ਪ੍ਰਗਟ ਕਰਨ ਵਾਲ਼ੇ ਸ਼ਬਦਾਂ ਨੂੰ ਵਿਰੋਧੀ ਸ਼ਬਦ ਕਿਹਾ ਜਾਂਦਾ ਹੈ।

| | | | | | |
|---|---|---|---|---|---|
| ਉਸਤਤ | ਨਿੰਦਿਆ | ਔਖ | ਸੌਖ | ਹੱਸਣਾ | ਰੋਣਾ |
| ਉਚਾਣ | ਨਿਵਾਣ | ਇੱਜ਼ਤ | ਬੇਇਜ਼ਤੀ | ਹਨੇਰਾ | ਚਾਨਣ |
| ਉੱਚੀ | ਨੀਵੀਂ, ਹੌਲ਼ੀ | ਇਮਾਨਦਾਰ | ਬੇਈਮਾਨ | ਹਮਾਇਤੀ | ਵਿਰੋਧੀ |
| ਉਜਾੜਨਾ | ਵਸਾਉਣਾ | ਇੱਥੇ | ਉੱਥੇ | ਹਲਾਲ | ਹਰਾਮ |
| ਉੱਠਣਾ | ਬੈਠਣਾ | ਇੱਧਰ | ਉੱਧਰ | ਹਾਜ਼ਰ | ਗ਼ੈਰਹਾਜ਼ਰ |
| ਉਣਨਾ | ਉਧੇੜਨਾ | ਏਕਤਾ | ਫੁੱਟ | ਹਾਰ | ਜਿੱਤ |
| ਉੱਤਰਨਾ | ਚੜ੍ਹਨਾ | ਸਸਤਾ | ਮਹਿੰਗਾ | ਹਾੜ੍ਹੀ | ਸਾਉਣੀ |
| ਉੱਦਮੀ | ਆਲਸੀ | ਸਹੀ | ਗ਼ਲਤ | ਕੱਚਾ | ਪੱਕਾ |
| ਉੱਪਰ | ਹੇਠਾਂ | ਸਕਾ | ਮਤਰੇਆ | ਕਠੋਰ | ਨਰਮ, ਕੋਮਲ |
| ਓਪਰਾ | ਜਾਣੂ, ਜਾਣਕਾਰ | ਸੱਖਣਾ | ਭਰਿਆ | ਕਪੁੱਤਰ | ਸਪੁੱਤਰ |
| ਓਰਲਾ | ਪਰਲਾ | ਸੱਚ | ਝੂਠ | ਕੱਲ੍ਹ | ਅੱਜ |
| ਉਚ | ਨੀਚ | ਸੱਜਰ | ਤੱਕੜ | ਕਾਲ਼ਾ | ਗੋਰਾ |
| ਊਣਾ | ਭਰਿਆ | ਸੱਜਰਾ | ਬੇਹਾ | ਕੁੜੱਤਣ | ਮਿਠਾਸ |
| ਅਸਲੀ | ਨਕਲੀ | ਸਰਦੀ | ਗਰਮੀ | ਕੌੜਾ | ਮਿੱਠਾ |
| ਉੱਚਾ | ਨੀਵਾਂ | ਸੁਰਗ | ਨਰਕ | ਖੱਟਣਾ | ਗੁਆਉਣਾ |
| ਅਗਾਂਹ | ਪਿਛਾਂਹ | ਸੰਖੇਪ | ਵਿਸਤਾਰ | ਖਰਾ | ਖੋਟਾ |
| ਅਨੋਖਾ | ਸਧਾਰਨ | ਸੰਘਣਾ | ਵਿਰਲਾ | ਖੁੰਢਾ | ਤਿੱਖਾ |
| ਅਮੀਰ | ਗ਼ਰੀਬ | ਸੰਜੋਗ | ਵਿਯੋਗ | ਖੁੱਲ੍ਹਾ | ਤੰਗ |
| ਅਜ਼ਾਦੀ | ਗ਼ੁਲਾਮੀ | ਸਾਫ਼ | ਮੈਲ਼ਾ | ਗਰਮੀ | ਸਰਦੀ |
| ਅੰਤ | ਅਰੰਭ | ਸਿਆਣਾ | ਕਮਲਾ/ ਮੂਰਖ | ਗਿੱਲਾ | ਸੁੱਕਾ |
| ਅੰਦਰ | ਬਾਹਰ | ਸਿੱਧਾ | ਪੁੱਠਾ | ਗੁਣ | ਔਗੁਣ |
| ਅੰਨ੍ਹਾ | ਸੁਜਾਖਾ | ਸੁਹਾਗਣ | ਵਿਧਵਾ | ਗੁਪਤ | ਪ੍ਰਗਟ |
| ਆਸਤਕ | ਨਾਸਤਕ | ਸੁਸਤ | ਚੁਸਤ | ਗੂੜ੍ਹਾ | ਫਿੱਕਾ, ਮੱਧਮ |
| ਆਕੜ | ਨਿਮਰਤਾ | ਸੁੱਕਾ | ਗਿੱਲਾ, ਹਰਾ | ਗੰਦਾ | ਸਾਫ਼ |
| ਆਦਰ | ਨਿਰਾਦਰ | ਸੁਖੀ | ਦੁਖੀ | ਘੱਟ | ਵੱਧ |
| ਆਪਣਾ | ਪਰਾਇਆ | ਸੁਚੱਜਾ | ਕੁਚੱਜਾ | ਘਾਟਾ | ਵੱਧ |
| ਆਮ | ਖ਼ਾਸ | ਸੋਗ | ਖ਼ੁਸ਼ੀ | ਚਲਾਕ | ਸਿੱਧਾ |

| | | | | | |
|---|---|---|---|---|---|
| ਚੜ੍ਹਦਾ | ਲਹਿੰਦਾ | ਯਾਰੀ | ਦੁਸ਼ਮਣੀ | ਪ੍ਰਤੱਖ | ਗੁੱਝਾ, ਲੁਕਵਾਂ |
| ਚੜ੍ਹਾਈ | ਉਤਰਾਈ | ਯੋਗ | ਅਯੋਗ | ਪਰਦੇਸ | ਦੇਸ |
| ਛੋਹਲ਼ਾ | ਸੁਸਤ, ਢਿੱਲਾ, ਮੱਠਾ | ਰੋਗ | ਅਰੋਗ | ਪਵਿੱਤਰ | ਅਪਵਿੱਤਰ |
| ਛੂਤ | ਅਛੂਤ | ਰੱਜਿਆ | ਭੁੱਖਾ | ਪੜ੍ਹਿਆ | ਅਨਪੜ੍ਹ |
| ਛੋਟਾ | ਵੱਡਾ | ਰੋਂਦੂ | ਹਸਮੁਖ | ਪੁੱਠਾ | ਸਿੱਧਾ |
| ਜਨਮ | ਮਰਨ | ਲੋਕ | ਪਰਲੋਕ | ਪੁੱਤਰ | ਕਪੁੱਤਰ |
| ਜਾਗਣਾ | ਸੌਣਾ | ਲੋਭੀ | ਤਿਆਗੀ | ਫੜਨਾ | ਛੱਡਣਾ |
| ਠੰਡਾ | ਤੱਤਾ | ਤਰ | ਖੁਸ਼ਕ | ਫਿੱਕਾ | ਮਿੱਠਾ |
| ਠਰਨਾ | ਤਪਣਾ | ਥੱਲੇ | ਉੱਤੇ | ਬਹਾਦਰ | ਡਰਪੋਕ |
| ਡਰਾਕਲ਼ | ਦਲੇਰ, ਨਿਡਰ | ਥੋੜ੍ਹਾ | ਬਹੁਤ | ਬਰੀਕ | ਮੋਟਾ |
| ਡਿਗਣਾ | ਉੱਠਣਾ | ਦਿਨ | ਰਾਤ | ਬਲਵਾਨ | ਨਿਰਬਲ |
| ਡੋਬਣਾ | ਤਾਰਨਾ | ਦੂਰ | ਨੇੜੇ | ਲੋੜਵੰਦ | ਬੇਲੋੜਾ |
| ਢਾਹੁਣਾ | ਉਸਾਰਨਾ | ਦੇਸੀ | ਵਿਦੇਸ਼ੀ | ਵੱਖਰਾ | ਸਾਂਝਾ |
| ਤਕੜਾ | ਮਾੜਾ, ਕਮਜ਼ੋਰ | ਦੋਸ਼ | ਗੁਣ | ਵਧੀਆ | ਘਟੀਆ |
| ਤੱਤਾ | ਠੰਡਾ | ਧਰਤੀ | ਅਕਾਸ਼ | ਵਰ | ਸਰਾਪ |
| ਬੁਰਾ | ਭਲਾ | ਧਨੀ | ਕੰਗਾਲ | ਵਿਗਾੜਨਾ | ਸੁਆਰਨਾ |
| ਭੰਡਣਾ | ਸਲਾਹੁਣਾ | ਧੁੱਪ | ਛਾਂ | ਸ਼ਾਂਤੀ | ਅਸ਼ਾਂਤੀ |
| ਭੰਨਣਾ | ਘੜਨਾ | ਨਕਦ | ਉਧਾਰ | ਸ਼ਰਮੀਲਾ | ਬੇਸ਼ਰਮ |
| ਭੋਲ਼ਾ | ਚਲਾਕ, ਤੇਜ਼ | ਨਵਾਂ | ਪੁਰਾਣਾ | ਸ਼ਰਾਬੀ | ਸੋਫ਼ੀ |
| ਭਿੱਜਿਆ | ਸੁੱਕਿਆ | ਨੇਕੀ | ਬਦੀ | ਖਰੀਦਣਾ | ਵੇਚਣਾ |
| ਮਨਾਹੀ | ਖੁੱਲ੍ਹ | ਨਿਰਮਲ | ਮੈਲ਼ਾ | ਖ਼ਾਲੀ | ਭਰਿਆ |
| ਮਿੱਤਰ | ਵੈਰੀ | ਨਿਰਜੀਵ | ਸਜੀਵ | | |
| ਯਕੀਨ | ਸ਼ੱਕ | ਪੱਧਰਾ | ਉੱਚਾ-ਨੀਵਾਂ | | |

**ਮੁਹਾਵਰੇ**

1. **ਥੁੱਕ ਕੇ ਚੱਟਣਾ –** (ਵਾਇਦੇ ਤੋਂ ਮੁਕਰਨਾ) ਅਣਖੀ ਲੋਕ ਕਦੇ ਵੀ ਥੁੱਕ ਕੇ ਨਹੀਂ ਚੱਟਦੇ, ਵਚਨ ਦਿੰਦੇ ਹਨ ਤਾਂ ਨਿਭਾਉਂਦੇ ਵੀ ਹਨ।
2. **ਥਰ-ਥਰ ਕੰਬਣਾ –** (ਡਰਨਾ) ਸ਼ੇਰ ਨੂੰ ਅਪਣੇ ਸਾਹਮਣੇ ਦੇਖ ਕੇ ਮੀਤ ਥਰ-ਥਰ ਕੰਬਣ ਲੱਗਾ।
3. **ਦਿਨ ਫਿਰਨੇ –** (ਭਾਗ ਜਾਗਣੇ) ਜਦੋਂ ਪਰਿਵਾਰ ਦੇ ਸਾਰੇ ਜੀਆਂ ਨੇ ਕਈ ਸਾਲ ਸਖ਼ਤ ਮਿਹਨਤ ਕੀਤੀ ਤਦ ਉਹਨਾਂ ਦੇ ਦਿਨ ਫਿਰਨੇ ਹੀ ਸਨ।
4. **ਦੰਦ ਪੀਹਣੇ –** (ਗੁੱਸੇ ਵਿੱਚ ਆਉਣਾ) ਪਾਂਡਵ ਭਰਾਵਾਂ ਨੇ ਦੁਰਯੋਧਨ ਦੁਆਰਾ ਦਰੋਪਤੀ ਦੀ ਬੇਪਤੀ ਹੁੰਦੇ ਵੇਖ ਬੜੇ ਦੰਦ ਪੀਹੇ ਪਰ ਉਹ ਕੁਝ ਵੀ ਨਾ ਕਰ ਸਕੇ।
5. **ਦੰਦ ਖੱਟੇ ਕਰਨੇ –** (ਹਰਾ ਦੇਣਾ) ਮਹਾਰਾਣਾ ਪ੍ਰਤਾਪ ਅਤੇ ਉਸ ਦੇ ਸਾਥੀ ਰਾਜਪੂਤਾਂ ਨੇ ਅਕਬਰ ਦੀਆਂ ਫ਼ੌਜਾਂ ਦੇ ਕਈ ਵਾਰੀ ਦੰਦ ਖੱਟੇ ਕੀਤੇ।
6. **ਧੱਕਾ ਕਰਨਾ –** (ਅਨਿਆਂ ਕਰਨਾ) ਚੰਗਾ ਰਾਜ-ਪ੍ਰਬੰਧ ਉਹ ਹੈ ਜਿਸ ਵਿੱਚ ਕਿਸੇ ਗ਼ਰੀਬ ਨਾਲ ਕਦੇ ਵੀ ਧੱਕਾ ਨਹੀਂ ਹੁੰਦਾ।
7. **ਧੋਲ਼ਿਆਂ ਦੀ ਲਾਜ ਰੱਖਣੀ –** (ਬਿਰਧ ਜਾਣ ਕੇ ਲਿਹਾਜ਼ ਕਰਨੀ) ਬਾਬਾ ਜੀ ਨੇ ਆਪਣੇ ਪੋਤਰੇ ਨੂੰ ਕਿਹਾ, "ਮੇਰੇ ਧੌਲ਼ਿਆਂ ਦੀ ਲਾਜ ਰੱਖੀ ਤੇ ਭੁੱਲ ਕੇ ਵੀ ਗ਼ਲਤ ਕੰਮ ਨਾ ਕਰੀਂ"
8. **ਨੱਕ ਰੱਖਣਾ –** (ਇੱਜ਼ਤ ਰੱਖਣੀ) ਭਾਰਤੀ ਹਾਕੀ ਟੀਮ ਨੇ ਉਲੰਪਿਕ ਖੇਡਾਂ ਵਿੱਚ ਮੈਡਲ ਜਿੱਤ ਕੇ ਭਾਰਤੀਆਂ ਦਾ ਨੱਕ ਰੱਖ ਲਿਆ।
9. **ਨੱਕ ਰਗੜਨਾ –** (ਤਰਲੇ ਮਾਰਨਾ) ਜਦੋਂ ਰਾਮਾ ਨਕਲ ਕਰਦਾ ਫੜਿਆ ਗਿਆ ਤਾਂ ਉਸ ਨੇ ਸੈਂਟਰ ਸੁਪਰਡੈਂਟ ਅੱਗੇ ਨੱਕ ਰਗੜਨ ਦੀ ਕਸਰ ਨਾ ਛੱਡੀ, ਪਰ ਸੁਪਰਡੈਂਟ ਨੇ ਉਸ ਨੂੰ ਮਾਫ਼ ਨਾ ਕੀਤਾ।
10. **ਨੱਕ ਚਾੜ੍ਹਨਾ –** (ਨਫ਼ਰਤ ਕਰਨੀ) ਦੂਜਿਆਂ ਦੇ ਗੁਣਾਂ ਨੂੰ ਵੇਖੋ, ਉਹਨਾਂ ਦੀਆਂ ਕਮੀਆਂ ਵੇਖ-ਵੇਖ ਨੱਕ ਨਾ ਚਾੜ੍ਹਦੇ ਫਿਰੋ।
11. **ਨੱਕ 'ਤੇ ਮੱਖੀ ਨਾ ਬਹਿਣ ਦੇਣਾ –** (ਨਖ਼ਰੇ ਕਰਨਾ) ਸਰਬਜੀਤ ਦਾ ਮਿਜ਼ਾਜ ਹੀ ਅਲੱਗ ਹੈ, ਕਦੇ ਨੱਕ 'ਤੇ ਮੱਖੀ ਨਹੀਂ ਬਹਿਣ ਦਿੰਦੀ।

## ਪਾਠ-8
## ਬਾਬਾ ਫ਼ਰੀਦ (ਲੇਖਕ-ਪ੍ਰੋ ਪਿਆਰਾ ਸਿੰਘ ਪਦਮ)

**1. ਪ੍ਰਸ਼ਨ/ਉੱਤਰ**

**ਪ੍ਰਸ਼ਨ ੳ. ਬਾਬਾ ਫ਼ਰੀਦ ਦਾ ਜਨਮ ਕਦੋਂ ਤੇ ਕਿੱਥੇ ਹੋਇਆ? ਉਨ੍ਹਾਂ ਦੇ ਮਾਤਾ-ਪਿਤਾ ਦਾ ਕੀ ਨਾਂ ਸੀ?**

ਉੱਤਰ : ਬਾਬਾ ਫ਼ਰੀਦ ਜੀ ਦਾ ਜਨਮ 1173 ਈ: ਵਿਚ ਮੁਲਤਾਨ ਦੇ ਇਕ ਨਿੱਕੇ ਜਿਹੇ ਪਿੰਡ ਕੋਠੀਵਾਲ ਵਿਚ ਹੋਇਆ। ਆਪ ਦੇ ਪਿਤਾ ਜੀ ਦਾ ਨਾਂ ਸ਼ੇਖ ਜਮਾਲੁਦੀਨ ਤੇ ਮਾਤਾ ਦਾ ਨਾਂ ਕਰਸੁਮ ਸੀ ।

**ਪ੍ਰਸ਼ਨ ਅ. ਬਾਬਾ ਫ਼ਰੀਦ ਕਿਸ ਤਰ੍ਹਾਂ ਦਾ ਜੀਵਨ ਬਸਰ (ਬਤੀਤ) ਕਰਦੇ ਸਨ?**

ਉੱਤਰ : ਬਾਬਾ ਫ਼ਰੀਦ ਸਰਲ, ਸਾਦਾ, ਤਪ-ਤਿਆਗ, ਸਬਰ ਸੰਤੋਖ ਤੇ ਗ਼ਰੀਬੀ ਵਾਲਾ ਜੀਵਨ ਬਸਰ ਕਰਦੇ ਸਨ। ਕੱਚਾ ਕੋਠਾ, ਜੁਆਰ ਦੀ ਰੋਟੀ, ਉਬਲੇ ਛੋਲੇ ਤੇ ਸਧਾਰਨ ਕੰਬਲੀ ਉਨ੍ਹਾਂ ਦੀ ਕੁੱਲ ਦੌਲਤ ਸੀ।

**ਪ੍ਰਸ਼ਨ ੲ. ਬਾਬਾ ਫ਼ਰੀਦ ਜੀ ਦਾ ਉਪਦੇਸ਼ ਕੀ ਸੀ? ਉਨ੍ਹਾਂ ਦੇ ਉਪਦੇਸ਼ ਦੀ ਪ੍ਰੋੜਤਾ ਕਰਦੀ ਘਟਨਾ ਆਪਣੇ ਸ਼ਬਦਾਂ ਵਿਚ ਲਿਖੋ।**

ਉੱਤਰ : ਬਾਬਾ ਫ਼ਰੀਦ ਜੀ ਦਾ ਉਪਦੇਸ਼ ਸੀ ਕਿ ਸਭ ਨਾਲ ਪ੍ਰੇਮ-ਪਿਆਰ ਕਰੋ। ਜੇਕਰ ਕੋਈ ਬੁਰਾਈ ਵੀ ਕਰੇ, ਤਾਂ ਵੀ ਉਸ ਨਾਲ ਭਲਾਈ ਦਾ ਵਰਤਾਓ ਹੀ ਕਰੋ। ਇਕ ਵਾਰੀ ਉਨ੍ਹਾਂ ਕੋਲ ਕੋਈ ਸੱਜਣ ਕੈਂਚੀ ਲੈ ਕੇ ਆਇਆ ਤੇ ਉਸ ਨੇ ਕੈਂਚੀ ਦੀ ਮਜ਼ਬੂਤ ਹੋਣ ਤੇ ਤਿੱਖਾ ਕੱਟਣ ਕਾਰਨ ਸਿਫ਼ਤ ਕੀਤੀ। ਫ਼ਰੀਦ ਜੀ ਨੇ ਕਿਹਾ ਭਾਈ ਸਾਡਾ ਕੰਮ ਕੱਟਣਾ-ਤੋੜਨਾ ਨਹੀਂ, ਸਗੋਂ ਜੋੜਨਾ ਹੈ। ਤੂੰ ਮੈਨੂੰ ਇਕ ਨਿੱਕੀ ਜਿਹੀ ਸੂਈ ਲਿਆ ਕੇ ਦੇਹ।

**ਪ੍ਰਸ਼ਨ ਸ. 'ਫ਼ਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲ ਕਾਤੀ ਗੁੜ ਵਾਤਿ॥**
**ਬਾਹਰਿ ਦਿਸੈ ਚਾਨਣਾ, ਦਿਲ ਅੰਧਿਆਰੀ ਰਾਤਿ।'**

**ਉਪਰੋਕਤ ਸਲੋਕ ਦਾ ਭਾਵ ਸਪੱਸ਼ਟ ਕਰੋ ।**

ਉੱਤਰ : ਫ਼ਕੀਰ ਦਾ ਜੀਵਨ ਪਾਖੰਡ ਭਰਿਆ ਨਹੀਂ ਹੋਣਾ ਚਾਹੀਦਾ, ਸਗੋਂ ਅੰਦਰੋਂ-ਬਾਹਰੋਂ ਨੇਕ ਤੇ ਸ਼ੁੱਧ ਹੋਣਾ ਚਾਹੀਦਾ ਹੈ।

**ਪ੍ਰਸ਼ਨ ਹ. ਬਾਬਾ ਫਰੀਦ ਜੀ ਮੁਲਾਕਾਤ ਅਤੇ ਕਰਾਮਾਤ ਵਿਚੋਂ ਕਿਹੜੀ ਗੱਲ ਨੂੰ ਵੱਡੀ ਕਹਿੰਦੇ ਸਨ? ਇਹ ਗੱਲ ਉਨ੍ਹਾਂ ਨੇ ਕਿਵੇਂ ਸੱਚੀ ਸਿੱਧ ਕਰ ਕੇ ਦਿਖਾਈ।**

ਉੱਤਰ : ਬਾਬਾ ਫ਼ਰੀਦ ਜੀ ਮੁਲਾਕਾਤ ਅਤੇ ਕਰਾਮਾਤ ਵਿਚੋਂ ਮੁਲਾਕਾਤ ਨੂੰ ਵੱਡੀ ਕਹਿੰਦੇ ਸਨ ਪਰ ਬਹਾਉੱਦੀਨ ਕਰਾਮਾਤ ਨੂੰ ਵੱਡੀ ਕਹਿ ਰਹੇ ਸਨ। ਇਕ ਵਾਰੀ ਦੋਵੇਂ ਫ਼ਕੀਰ ਸੈਰ ਕਰਦੇ-ਕਰਦੇ ਦੂਰ ਨਗਰ ਦੇ ਕੋਲ ਪਹੁੰਚੇ, ਤਾਂ ਤੂਫ਼ਾਨ ਚੱਲਣ ਲੱਗਾ। ਸ਼ੇਖ਼ ਬਹਾਉੱਦੀਨ ਆਫ਼ਤ ਤੋਂ ਬਚਣ ਲਈ ਕੋਈ ਕਰਾਮਾਤ ਨਾ ਦਿਖਾ ਸਕੇ। ਇਹ ਦੇਖ ਫ਼ਰੀਦ ਜੀ ਉਹਨਾਂ ਨੂੰ ਉਸ ਨਗਰ ਵਿਚ ਇਕ ਜਾਣਕਾਰ ਦੇ ਘਰ ਲੈ ਗਏ। ਉਸ ਨੇ ਆਦਰ ਨਾਲ ਦੋਹਾਂ ਫ਼ਕੀਰਾਂ ਦੇ ਹੱਥ-ਪੈਰ ਧੁਆ ਕੇ ਭੋਜਨ ਖਵਾਇਆ। ਉਹਨਾਂ ਦੀ ਪ੍ਰਾਹੁਣਚਾਰੀ ਤੋਂ ਖੁਸ਼ ਸ਼ੇਖ਼ ਫ਼ਰੀਦ ਜੀ ਨੇ ਹੱਸ ਕੇ ਕਿਹਾ, "ਦੱਸੋ ਸ਼ੇਖ਼ ਜੀ! ਕਿਸ ਚੀਜ਼ ਵਿਚ ਵਡਿਆਈ ਹੈ?" ਸ਼ੇਖ਼ ਬਹਾਉੱਦੀਨ ਨੇ ਜਵਾਬ ਦਿੱਤਾ, "ਤੁਹਾਡੀ ਗੱਲ ਠੀਕ ਹੈ, ਕਰਾਮਾਤ ਨਾਲੋਂ ਮੁਲਾਕਾਤ ਸਚਮੁੱਚ ਵੱਡੀ ਹੈ।"

**2. ਔਖੇ ਸ਼ਬਦਾਂ ਦੇ ਅਰਥ**

ਸੂਫ਼ੀ : ਮੁਸਲਮਾਨ ਸਾਂਈਂ ਲੋਕਾਂ ਦਾ ਇੱਕ ਫ਼ਿਰਕਾ ਜੋ ਕਾਲ਼ੇ ਸੂਫ਼ ਦੇ ਕੱਪੜੇ ਪਹਿਨਦੇ ਹਨ।
ਸ਼ੁਰਾ-ਸ਼ਰੀਅਤ : ਇਸਲਾਮ ਧਰਮ ਦੇ ਰੀਤੀ-ਰਿਵਾਜ
ਰੁੱਕਾ : ਕਾਗ਼ਜ਼ ਦੇ ਟੁਕੜੇ 'ਤੇ ਲਿਖੀ ਚਿੱਠੀ ਜਾਂ ਸੁਨੇਹਾ
ਸਬਕ : ਮੱਤ, ਸਿੱਖਿਆ, ਉਪਦੇਸ਼, ਪਾਠ
ਅਰਸਾ : ਸਮਾਂ, ਚਿਰ, ਦੇਰ
ਮਧੁਰਤਾ : ਮਿਠਾਸ
ਮੰਗੋਲ : ਮੱਧ ਏਸ਼ੀਆ ਅਤੇ ਉਸ ਦੇ ਪੂਰਬ ਵੱਲ ਵੱਸਣ ਵਾਲੀ ਇੱਕ ਜਾਤ
ਜਾਬਰ : ਜ਼ਾਲਮ, ਜਬਰ ਕਰਨ ਵਾਲਾ, ਧੱਕੇਬਾਜ
ਮਨੋਹਰ : ਮਨ ਨੂੰ ਖਿੱਚ ਲੈਣ ਵਾਲਾ, ਸੋਹਣਾ, ਸੁੰਦਰ
ਤਾਕੀਦ : ਪਕਿਆਈ, ਪ੍ਰੋੜ੍ਹਤਾ
ਦ੍ਵੈਸ਼ : ਦੁਸ਼ਮਣੀ, ਈਰਖਾ, ਵੈਰ
ਪ੍ਰਪੰਚ : ਅਡੰਬਰ, ਢੌਂਗ, ਛਲ, ਕਪਟ, ਧੋਖਾ
ਮੁਸੱਲਾ : ਨਮਾਜ਼ ਪੜ੍ਹਨ ਦਾ ਆਸਣ
ਦਰਵੇਸ਼ : ਮੁਸਲਮਾਨ ਫ਼ਕੀਰ, ਸੰਤ
ਇਲਾਹੀ ਇਤਕਾਦ : ਰੱਬ ਵਿੱਚ ਵਿਸ਼ਵਾਸ
ਇਮਦਾਦ : ਮਦਦ , ਸਹਾਇਤਾ
ਸੂਫ਼ : ਕੱਪੜੇ ਦੀ ਇੱਕ ਕਿਸਮ

**3. ਹੇਠ ਲਿਖੇ ਸ਼ਬਦਾਂ ਦੀ ਵਾਕਾਂ ਵਿਚ ਵਰਤੋਂ ਕਰੋ**

**1. ਸੂਫ਼ੀ (ਮੁਸਲਮਾਨ ਫ਼ਕੀਰਾਂ ਦਾ ਇਕ ਫ਼ਿਰਕਾ)–** ਸ਼ੇਖ਼ ਫ਼ਰੀਦ ਜੀ ਇਕ ਸੂਫ਼ੀ ਦਰਵੇਸ਼ ਸਨ।
**2. ਸਬਰ-ਸੰਤੋਖ (ਧੀਰਜ)–** ਸਾਨੂੰ ਸਬਰ-ਸੰਤੋਖ ਤੋਂ ਕੰਮ ਲੈਣਾ ਚਾਹੀਦਾ ਹੈ।
**3. ਨਿਵਾਸ (ਵਾਸਾ)–** ਮੇਰਾ ਨਿਵਾਸ ਪਿੰਡ ਪੱਖੀ ਖੁਰਦ, ਫ਼ਰੀਦਕੋਟ ਵਿਖੇ ਹੈ।
**4. ਗੁਜ਼ਾਰਾ (ਨਿਰਬਾਹ)–** ਘੱਟ ਤਨਖ਼ਾਹ ਨਾਲ ਘਰ ਦਾ ਗੁਜ਼ਾਰਾ ਨਹੀਂ ਚਲਦਾ।
**5. ਵਿਹਾਰ (ਵਰਤਾਓ)–** ਸ਼ਾਮੂ ਦਾ ਵਿਹਾਰ ਮੈਨੂੰ ਪਸੰਦ ਨਹੀਂ ।
**6. ਆਫ਼ਤ (ਮੁਸੀਬਤ )–** ਆਫ਼ਤ ਸਮੇਂ ਸੱਚੇ ਦੋਸਤਾਂ ਦੀ ਪਹਿਚਾਣ ਹੁੰਦੀ ਹੈ ।
**7. ਤਾਕੀਦ (ਵਾਰ–ਵਾਰ ਜ਼ੋਰ ਦੇ ਕੇ ਕਹਿਣਾ)–** ਸੱਚਾ ਬੰਦਾ ਆਪਣੀ ਗੱਲ ਤਾਕੀਦ ਨਾਲ਼ ਰੱਖਦਾ ਹੈ।
**8. ਅਨੁਮਾਨ (ਅੰਦਾਜਾ)–** ਮੇਰਾ ਅਨੁਮਾਨ ਹੈ ਕਿ ਅੱਜ ਮੀਂਹ ਪਵੇਗਾ ।
**9. ਜ਼ਾਹਰ (ਪ੍ਰਗਟ)–** ਝੂਠ ਨੂੰ ਕਿੰਨਾ ਵੀ ਲੁਕੋ ਕੇ ਰੱਖੋ ਜ਼ਾਹਰ ਹੋ ਹੀ ਜਾਂਦਾ ਹੈ।
**10. ਜਾਨਸ਼ੀਨ (ਉੱਤਰ–ਅਧਿਕਾਰੀ) ਸ਼ੇਖ਼ ਫ਼ਰੀਦ ਨੇ ਸ਼ੇਖ਼ ਨਿਜ਼ਾਮੁਦੀਨ ਨੂੰ ਆਪਣਾ ਜਾਨਸ਼ੀਨ ਥਾਪ ਦਿੱਤਾ।**
**11. ਸੰਦੇਸ (ਸੁਨੇਹਾ)–** ਮੈਂ ਤੁਹਾਡਾ ਸੰਦੇਸਓ ਮਿਲਦਿਆਂ ਹੀ ਇੱਥੋਂ ਚਲਾ ਜਾਵਾਂਗਾ।
**12. ਅਹਿਸਾਨ (ਮਿਹਰਬਾਨੀ)–** ਸਾਨੂੰ ਕਿਸੇ ਤੇ ਅਹਿਸਾਨ ਕਰ ਕੇ ਸੁਣਾਉਣਾ ਨਹੀਂ ਚਾਹੀਦਾ।

## ਪਾਠ–9
## ਪੰਜਾਬ (ਲੇਖਕ–ਧਨੀ ਰਾਮ ਚਾਤ੍ਰਿਕ)

**1. ਪ੍ਰਸ਼ਨ/ਉੱਤਰ**

**ਪ੍ਰਸ਼ਨ ੳ. 'ਪੰਜਾਬ' ਕਵਿਤਾ ਵਿੱਚ ਕਵੀ ਨੇ ਪੰਜਾਬ ਦੀ ਭੂਗੋਲਿਕ ਹਾਲਤ ਨੂੰ ਕਿਵੇਂ ਬਿਆਨ ਕੀਤਾ ਹੈ?**

ਉੱਤਰ : ਕਵੀ ਕਹਿੰਦਾ ਹੈ ਕਿ ਪੰਜਾਬ ਦੇ ਸਿਰ ਉੱਤੇ ਹਿਮਾਲਾ ਦਾ ਛਤਰ, ਖੱਬੇ ਹੱਥ ਵਿਚ ਜਮਨਾ ਰੂਪੀ ਬਰਛੀ ਹੈ ਤੇ ਸੱਜੇ ਹੱਥ ਵਿਚ ਅਟਕ ਰੂਪੀ ਖੜਗ ਹੈ। ਪਿਛਵਾੜੇ ਚਟਾਨਾਂ ਦੀ ਢਾਲ ਤੇ ਮੋਢੇ ਉੱਤੇ ਬਰਫ਼ਾਂ ਦੀ ਚਾਦਰ ਹੈ ਪਰ ਸੀਨੇ ਵਿਚ ਅੱਗ ਦਾ ਸੇਕ ਹੈ। ਉਸਦੇ ਪਹਾੜਾਂ ਉੱਪਰ ਪੈਂਦੀ ਚਾਂਦੀ ਰੰਗੀ ਬਰਫ਼ ਪਿਘਲ ਕੇ ਮੈਦਾਨਾਂ ਵਿਚ ਫ਼ਸਲਾਂ ਰੂਪੀ ਸੋਨਾ ਪੈਦਾ ਕਰਦੀ ਹੈ।

**ਪ੍ਰਸ਼ਨ ਅ. ਕਵੀ ਪੰਜਾਬ ਦੀਆਂ ਮੁਟਿਆਰਾਂ ਦੀ ਸਿਫ਼ਤ ਕਿਵੇਂ ਕਰਦਾ ਹੈ?**

ਉੱਤਰ : ਪੰਜਾਬ ਦੀਆਂ ਮੁਟਿਆਰਾਂ ਬਹੁਤ ਸੁੰਦਰ ਹਨ। ਉਨ੍ਹਾਂ ਦੇ ਨੈਣ ਮਟਕੀਲੇ ਹਨ। ਉਨ੍ਹਾਂ ਦੇ ਪਹਿਣੇ ਚੂੜੇ-ਬੀੜੇ ਬਹੁਤ ਫ਼ਬਦੇ ਹਨ। ਉਹ ਹਰ ਵੇਲੇ ਕਿਸੇ ਨਾ ਕਿਸੇ ਕੰਮ ਵਿਚ ਰੁੱਝੀਆਂ ਰਹਿੰਦੀਆਂ ਹਨ। ਉਹ ਪਿੱਪਲਾਂ ਹੇਠ ਖੂਬ ਪੀਘਾਂ ਝੂਟਦੀਆਂ ਹਨ।

**ਪ੍ਰਸ਼ਨ ੲ. ਘਰੇਲੂ ਕੰਮ–ਕਾਜ ਕਰਦੀਆਂ ਪੰਜਾਬਣਾਂ ਦਾ ਦ੍ਰਿਸ਼ ਵਰਣਨ ਕਿਵੇਂ ਕੀਤਾ ਗਿਆ ਹੈ?**

ਉੱਤਰ : ਪੰਜਾਬਣਾਂ ਘਰਾਂ ਵਿਚ ਦੁੱਧ ਰਿੜਕਦੀਆਂ, ਨੱਚਦੀਆਂ, ਕੱਤਦੀਆਂ, ਆਟਾ ਪੀਂਹਦੀਆਂ, ਚੌਲ ਛੜਦੀਆਂ, ਸਿਊਂਦੀਆਂ, ਪਰੋਂਦੀਆਂ ਤੇ ਵੇਲਾਂ-ਬੂਟੇ ਕੱਢਦੀਆਂ ਹਨ।

**ਪ੍ਰਸ਼ਨ ਸ. ਵਿਹਲੇ ਸਮੇਂ ਵਿੱਚ ਪੰਜਾਬੀ ਆਪਣਾ ਮਨੋਰੰਜਨ ਕਿਵੇਂ ਕਰਦੇ ਹਨ?**

ਉੱਤਰ : ਵਿਹਲੇ ਸਮੇਂ ਵਿਚ ਪੰਜਾਬਣਾਂ ਗਿੱਧਾ ਪਾਉਂਦੀਆਂ ਹਨ। ਗੱਭਰੂ ਵੰਝਲੀਆਂ ਤੇ ਤੂੰਬਾਂ ਆਦਿ ਵਜਾਉਂਦੇ ਹਨ। ਕੋਈ ਮਿਰਜ਼ਾ ਗਾਉਂਦਾ ਹੈ ਤੇ ਕੋਈ ਵਾਰਿਸ ਸ਼ਾਹ ਦੀ ਹੀਰ।

**ਪ੍ਰਸ਼ਨ ਹ. 'ਪੰਜਾਬ' ਕਵਿਤਾ ਵਿਚ ਆਏ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਸ਼ਬਦਾਂ ਦੀ ਸੂਚੀ ਬਣਾਓ।**

ਉੱਤਰ : ਚੂੜੇ-ਬੀੜੇ, ਮਧਾਣੀ ਚਾਟੀ ਵਿਚ, ਤੁੰਬਦੀ, ਕੱਤਦੀ, ਪੀਂਹਦੀ, ਛੜਦੀ, ਸਿਊਂਦੀ, ਪਰੋਂਦੀ, ਵੇਲਾਂ-ਬੂਟੇ ਕੱਢਦੀ, ਪਿੱਪਲਾਂ ਦੀ ਛਾਂਵੇਂ ਪੀਘਾਂ, ਗਿੱਧੇ ਨੂੰ ਲੋਹੜਾ ਆਂਦਾ, ਵੰਝਲੀ, ਤੂੰਬਾ ਮਿਰਜ਼ਾ, ਹੀਰ ਵਾਰਿਸ, ਖੂਹਾਂ 'ਤੇ ਟਿੱਚ-ਟਿੱਚ, ਖੇਤਾਂ ਵਿਚ ਹਲ ਪਏ ਧੱਸਦੇ, ਭੱਤੇ ਛਾਹ ਵੇਲ਼ੇ ਢੁੱਕਦੇ, ਹਾਲੀ, ਮਾਖਿਓਂ ਮਿੱਠੀ ਬੋਲੀ।

**2. ਹੇਠ ਲਿਖੀਆਂ ਸਤਰਾਂ ਦੇ ਭਾਵ ਸਪਸ਼ਟ ਕਰੋ:**

**ੳ. ਅਰਸ਼ੀ ਬਰਕਤ ਰੂੰ ਵਾਂਗ ਉਤਰ, ਚਾਂਦੀ ਦੇ ਢੇਰ ਲਗਾਂਦੀ ਹੈ,**
**ਚਾਂਦੀ ਢਲ ਕੇ ਵਿਛਦੀ ਹੈ, ਤੇ ਸੋਨਾ ਬਣਦੀ ਜਾਂਦੀ ਹੈ।**

**ਭਾਵ :** ਪੰਜਾਬ ਦੇ ਪਹਾੜਾ ਉੱਤੇ ਅਰਸ਼ੀ ਬਰਕਤ ਦੇ ਰੂਪ ਵਿਚ ਚਾਂਦੀ ਰੂਪੀ ਬਰਫ਼ ਪੈਂਦੀ ਹੈ, ਜੋ ਢਲ ਕੇ ਮੈਦਾਨਾਂ ਵਿਚ ਵਹਿੰਦੀ ਹੈ ਤੇ ਬਹੁਮੁੱਲੀਆਂ ਫ਼ਸਲਾਂ ਦੇ ਰੂਪ ਵਿਚ ਸੋਨਾ ਬਣ ਜਾਂਦੀ ਹੈ।

**ਅ. ਤੇਰੀ ਮਾਖਿਉਂ ਮਿੱਠੀ ਬੋਲੀ ਦੀ, ਸਿਫ਼ਤ ਕਰਦਿਆਂ ਜੀਅ ਨਾ ਰੱਜਦਾ ਹੈ,**
**ਉਰਦੂ ਹਿੰਦੀ ਦਿਆਂ ਸਾਜ਼ਾਂ ਵਿੱਚ, ਸੁਰ–ਤਾਲ ਤਿਰਾ ਹੀ ਵੱਜਦਾ ਹੈ।**

**ਭਾਵ :** ਪੰਜਾਬ ਦੀ ਬੋਲੀ ਸ਼ਹਿਦ ਵਰਗੀ ਮਿੱਠੀ ਹੈ। ਉਰਦੂ-ਹਿੰਦੀ ਦੇ ਸਾਜ਼ਾਂ ਵਿਚ ਵੀ ਪੰਜਾਬ ਦਾ ਸੁਰ-ਤਾਲ ਹੀ ਗੂੰਜਦਾ ਹੈ।

**ੲ. ਤੇਰੇ ਜ਼ੱਰੇ-ਜ਼ੱਰੇ ਅੰਦਰ, ਅਪਣੱਤ ਜਿਹੀ ਕੋਈ ਵੱਸਦੀ ਹੈ,**
**ਤੇਰੀ ਗੋਦੀ ਵਿੱਚ ਬਹਿੰਦਿਆਂ ਹੀ, ਦੁਨੀਆਂ ਦੀ ਚਿੰਤਾ ਨੱਸਦੀ ਹੈ।**

**ਭਾਵ :** ਕਵੀ ਨੂੰ ਪੰਜਾਬ ਦੇ ਜ਼ਰੇ-ਜ਼ਰੇ ਨਾਲ਼ ਪਿਆਰ ਹੈ। ਇਸ ਦੀ ਗੋਦੀ ਵਿਚ ਬਹਿੰਦਿਆਂ ਹੀ ਉਸ ਦੀਆਂ ਸਾਰੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ।

**3. ਔਖੇ ਸ਼ਬਦਾਂ ਦੇ ਅਰਥ :**

ਤਿਰੀ : ਤੇਰੀ
ਸਾਮਾਨ : ਸਮਾਨ, ਸਮਗਰੀ
ਹਰਿਔਲ : ਹਰਿਆਵਲ
ਛਤ੍ਰ : ਛਤਰ
ਜੁਆਲਾ : ਅੱਗ ਦੀ ਲਾਟ, ਤਪਸ਼
ਅਰਸ਼ੀ : ਅਸਮਾਨੀ, ਅਕਾਸ਼ੀ, ਅਲੋਕਾਰ
ਮਟਕ : ਮਜਾਜ਼, ਨਖ਼ਰਾ, ਨਜ਼ਾਕਤ
ਆਲੀ : ਵੱਡੀ, ਉੱਚੀ
ਬੀੜੇ : ਕੱਪੜੇ ਜਾਂ ਧਾਗੇ ਦੇ ਬਣੇ ਹੋਏ ਬਟਨ
ਤੁੰਬਦੀ : ਰੂੰ ਤੁੰਬਦੀ
ਛੜਦੀ : ਛਿਲਕਾ ਲਾਹੁਣ ਲਈ ਮੋਹਲ਼ੇ ਨਾਲ, ਅਨਾਜ ਕੁੱਟਦੀ
ਇਲਾਹੀ : ਰੱਬੀ
ਬਿਰਹਾ : ਵਿਛੋੜਾ, ਜੁਦਾਈ
ਵੰਝਲੀ : ਬੰਸਰੀ
ਵਹਿਣਾਂ : ਖ਼ਿਆਲਾਂ, ਸੋਚਾਂ
ਧੁਣਿਆਂਦਾ : ਟੁਣਕਾਰ ਪੈਦਾ ਕਰਦਾ
ਧੱਸਦੇ : ਖੁਭਦੇ
ਮਾਖਿਉਂ : ਮਾਖਿਓ, ਸ਼ਹਿਦ
ਛਾਹ-ਵੇਲਾ : ਸਵੇਰ ਦਾ ਭੋਜਨ
ਭੱਤੇ : ਖੇਤਾਂ ਵਿਚ ਲਿਆਂਦਾ ਭੋਜਨ
ਨਿਆਰਾ : ਵੱਖਰਾ
ਅਪਣੱਤ : ਆਪਣਾਪਣ

**4. ਵਾਕਾਂ ਬਣਾਓ:**

1. **ਬਰਕਤ (ਵਾਧਾ)–** ਸੋਚ ਸਮਝ ਕੇ ਖ਼ਰਚ ਕੀਤਿਆਂ ਹੀ ਘਰ ਵਿਚ ਬਰਕਤ ਪੈਂਦੀ ਹੈ।
2. **ਨਿਰਾਲੀ (ਅਨੋਖੀ)–** ਹਰਿਮੰਦਰ ਸਾਹਿਬ ਦੀ ਸ਼ਾਨ ਨਿਰਾਲੀ ਹੈ ।
3. **ਹਿੰਮਤ (ਹੌਂਸਲਾ)–** ਮੁਸੀਬਤ ਸਮੇਂ ਹਿੰਮਤ ਨਹੀਂ ਹਾਰਨੀ ਚਾਹੀਦੀ।
4. **ਸਿਫ਼ਤ (ਪ੍ਰਸੰਸਾ)–** ਇਸ ਕਵਿਤਾ ਵਿਚ ਕਵੀ ਪੰਜਾਬ ਦੀਆਂ ਸਿਫਤਾਂ ਕਰਦਾ ਹੈ।
5. **ਸੁਰ-ਤਾਲ (ਸੰਗੀਤਕ ਲੈਅ)–** ਅੱਜ-ਕੱਲ੍ਹ ਦੇ ਜਿਆਦਾਤਰ ਗਾਇਕਾਂ ਨੂੰ ਸੁਰ-ਤਾਲ ਦੀ ਕੋਈ ਜਾਣਕਾਰੀ ਨਹੀਂ।
6. **ਜ਼ੱਰੇ-ਜ਼ੱਰੇ (ਕਿਣਕੇ-ਕਿਣਕੇ)–** ਮੈਨੂੰ ਆਪਣੀ ਮਾਤ-ਭੂਮੀ ਦੇ ਜ਼ੱਰੇ-ਜ਼ੱਰੇ ਨਾਲ ਪਿਆਰ ਹੈ।
7. **ਨਿਆਰਾ (ਵੱਖਰੀ ਕਿਸਮ ਦਾ)–** ਤੇਰੇ ਕੰਮ ਤਾਂ ਨਿਆਰੇ ਹੀ ਹਨ।

## ਪਾਠ-10
## ਹਰਿਆਵਲ ਦੇ ਬੀਜ (ਲੇਖਕ-ਕਰਨਲ ਜਸਬੀਰ ਭੁੱਲਰ)

**1. ਪ੍ਰਸ਼ਨ/ਉੱਤਰ**

**ਪ੍ਰਸ਼ਨ ੳ. ਫ਼ਕੀਰ ਨੇ ਲੋਕਾਂ ਨੂੰ ਕੀ ਸਿੱਖਿਆ ਦਿੱਤੀ ਅਤੇ ਕਿਉਂ?**
ਉੱਤਰ : ਫ਼ਕੀਰ ਨੇ ਲੋਕਾਂ ਨੂੰ ਪਾਗਲਾਂ ਵਾਂਗ ਰੁੱਖ ਵੱਢਦਿਆਂ ਦੇਖ ਕੇ ਕਿਹਾ ਕਿ ਇਸ ਤਰ੍ਹਾਂ ਉਹ ਉੱਜੜ ਜਾਣਗੇ ਤੇ ਧਰਤੀ ਮਾਰੂਥਲ ਵਿਚ ਬਦਲ ਜਾਵੇਗੀ।

**ਪ੍ਰਸ਼ਨ ਅ. ਲੋਕਾਂ ਵਲੋਂ ਰੁੱਖਾਂ ਦੀ ਅੰਨੇਵਾਹ ਕੀਤੀ ਕਟਾਈ ਦਾ ਕੀ ਨਤੀਜਾ ਹੋਇਆ?**
ਉੱਤਰ : ਲੋਕਾਂ ਦੁਆਰਾ ਅੰਨੇਵਾਹ ਰੁੱਖਾਂ ਦੀ ਕਟਾਈ ਕਰਨ ਨਾਲ ਹੌਲੀ-ਹੌਲੀ ਜੰਗਲ ਮੁੱਕ ਗਏ। ਹਰਾ-ਭਰਾ ਧਰਤੀ ਮਾਰੂਥਲ ਵਿਚ ਬਦਲ ਗਈ। ਅੰਤ ਮਾਰੂਥਲ ਦਾ ਤੇਜ਼ ਹਵਾਵਾਂ ਵਾਲਾ ਤੂਫ਼ਾਨ ਸਭ ਨੂੰ ਉਡਾ ਕੇ ਲੈ ਗਿਆ।

**ਪ੍ਰਸ਼ਨ ੲ. ਰੇਤਥਲ ਦੇ ਤੂਫ਼ਾਨ ਕਾਰਨ ਭੀਖੂ ਤੇ ਉਸ ਦੇ ਪਰਿਵਾਰ ਨਾਲ ਕੀ ਵਾਪਰਿਆ?**
ਉੱਤਰ : ਰੇਤਥਲ ਦਾ ਜ਼ੋਰਦਾਰ ਤੂਫ਼ਾਨ ਭੀਖੂ ਦੇ ਪਰਿਵਾਰ ਨੂੰ ਉਡਾ ਕੇ ਲੈ ਗਿਆ। ਭੀਖੂ ਨੇ ਆਪਣੀ ਪਤਨੀ ਤੇ ਪੁੱਤਰ ਨੂੰ ਘੁੱਟ ਕੇ ਫੜ ਲਿਆ। ਰਿੜ੍ਹਦੇ-ਰਿੜ੍ਹਦੇ ਉਹ ਇਕ ਰੁੱਖ ਦੀਆਂ ਟਾਹਣੀਆਂ ਵਿਚ ਫਸ ਕੇ ਬਚੇ।

**ਪ੍ਰਸ਼ਨ ਸ. ਬਿਪਤਾ ਦੇ ਸਮੇਂ ਭੀਖੂ ਅਤੇ ਉਸ ਦੇ ਪਰਿਵਾਰ ਲਈ ਰੁੱਖ ਕਿਵੇਂ ਸਹਾਈ ਹੋਇਆ?**
ਉੱਤਰ : ਬਿਪਤਾ ਦੇ ਸਮੇਂ ਪਹਿਲਾਂ ਤਾਂ ਝੱਖੜ ਵਿਚ ਰਿੜ੍ਹਦਾ ਭੀਖੂ ਤੇ ਉਸਦਾ ਪਰਿਵਾਰ ਰੁੱਖ ਦੀਆਂ ਟਾਹਣਾਂ ਵਿੱਚ ਫਸ ਕੇ ਬਚਿਆ। ਫਿਰ ਭੀਖੂ ਨੇ ਹਰੇ-ਭਰੇ ਰੁੱਖ ਤੋਂ ਖਾਣ ਲਈ ਫ਼ਲ ਅਤੇ ਉਸ ਦੇ ਨੇੜੇ ਮਿੱਟੀ ਪੁੱਟ ਕੇ ਪਾਣੀ ਪ੍ਰਾਪਤ ਕਰ ਲਿਆ।ਫਿਰ ਰੁੱਖ ਦੀਆਂ ਟਹਿਣੀਆਂ ਕੱਟ ਕੇ ਭੀਖੂ ਨੇ ਢਾਰਾ ਬਣਾ ਲਿਆ। ਉਨ੍ਹਾਂ ਦੇ ਪੁੱਤਰ ਆਲਮ ਨੂੰ ਖੇਡਣ ਲਈ ਰੁੱਖ ਦੇ ਰੂਪ ਵਿਚ ਦੋਸਤ ਮਿਲ ਗਿਆ।

**ਪ੍ਰਸ਼ਨ ਹ. ਫ਼ਕੀਰ ਨੇ ਭੀਖੂ ਨੂੰ ਨਵੇਂ ਰੁੱਖ ਲਾਉਣ ਲਈ ਕਿਵੇਂ ਪ੍ਰੇਰਿਆ?**
ਉੱਤਰ : ਰੁੱਖ ਦੀ ਹਾਲਤ ਦੇਖ ਫ਼ਕੀਰ ਨੇ ਭੀਖੂ ਨੂੰ ਰੁੱਖ ਲਾਉਣ ਦੀ ਥਾਂ ਕੱਟਣ ਲਈ ਖ਼ਬਰਦਾਰ ਕੀਤਾ। ਉਸ ਨੇ ਉਦਾਸ ਹੋ ਕਿਹਾ ਕਿ ਰੁੱਖ ਨਾ ਹੋਣ ਕਾਰਨ ਉਹ ਉਸ ਦੇ ਘਰ ਉੱਤੇ ਉਜਾੜੇ ਦਾ ਪਰਛਾਵਾਂ ਵੇਖ ਰਿਹਾ ਹੈ। ਇਸ ਤਰ੍ਹਾਂ ਫਕੀਰ ਨੇ ਭੀਖੂ ਦੇ ਮਨ ਵਿਚ ਹਰਿਆਵਲ ਦੇ ਬੀ ਬੀਜ ਦਿੱਤੇ ਤੇ ਉਸ ਨੂੰ ਰੁੱਖ ਲਾਉਣ ਦੀ ਪ੍ਰੇਰਨਾ ਮਿਲੀ।

**ਪ੍ਰਸ਼ਨ ਕ. ਆਲਮ ਨੂੰ ਆਪਣੇ ਬਾਪੂ ਭੀਖੂ ਅਤੇ ਫ਼ਕੀਰ ਵਿਚਕਾਰ ਹੋਈ ਗੱਲ-ਬਾਤ ਤੋਂ ਕੀ ਪ੍ਰੇਰਨਾ ਮਿਲੀ?**
ਉੱਤਰ : ਆਲਮ ਨੂੰ ਆਪਣੇ ਬਾਪੂ ਭੀਖੂ ਅਤੇ ਫ਼ਕੀਰ ਦੀ ਗੱਲ-ਬਾਤ ਤੋਂ ਹਰਿਆਵਲ ਦੇ ਬੀਜ ਬੀਜਣ ਅਰਥਾਤ ਥਾਂ-ਥਾਂ ਰੁੱਖ ਲਾਉਣ ਦੀ ਪ੍ਰੇਰਨਾ ਮਿਲੀ।

**2. ਔਖੇ ਸ਼ਬਦਾ ਦੇ ਅਰਥ :**

ਤੁਰਸ਼ : ਗ਼ੁਸੈਲ, ਕ੍ਰੋਧੀ
ਰੇਤਥਲ, ਮਾਰੂਥਲ : ਰੇਗਿਸਤਾਨ, ਰੇਤਲਾ ਇਲਾਕਾ
ਜ਼ਰਖੇਜ਼ : ਉਪਜਾਊ
ਮਾਰੂ : ਮਾਰਨ ਵਾਲ਼ਾ, ਘਾਤਕ
ਸਾਹਵੇਂ : ਸਾਹਮਣੇ, ਮੂਹਰਲੇ ਪਾਸੇ
ਤੀਬਰ ਗਤੀ : ਤੇਜ਼ ਚਾਲ
ਸ੍ਰੋਤ : ਸੋਮਾ
ਢਾਰਾ : ਛੰਨ, ਛੱਪਰ
ਅਹੁੜੀ : ਸੁੱਝੀ, ਕੋਈ ਗੱਲ ਦਿਮਾਗ਼ ਨੂੰ ਫੁਰਨੀ
ਵਾ-ਵਰੋਲਾ : ਮਿੱਟੀ ਆਦਿ ਨਾਲ਼ ਭਰੀ ਗੋਲ਼-ਚੱਕਰ ਵਿਚ ਚੱਲਣ ਵਾਲੀ ਤੇਜ਼ ਹਵਾ
ਤਿੱਕੜ : ਤਿੱਖੀ, ਤੇਜ਼

**3. ਵਾਕਾਂ ਵਿਚ ਵਰਤੋਂ :**

1. **ਵਰਾਛਾਂ ਖਿੜ ਜਾਣਗੀਆਂ (ਬਹੁਤ ਖ਼ੁਸ਼ ਹੋ ਜਾਣਾ)–** ਗਰੀਬ ਰਾਮੇ ਨੂੰ ਸੜਕ ਤੋਂ 500 ਦਾ ਨੋਟ ਲੱਭਿਆ ਤਾਂ ਉਸ ਦੀਆਂ ਵਰਾਛਾਂ ਖਿੜ ਗਈਆਂ।
2. **ਆਸਰਾ (ਸਹਾਰਾ)–** ਰੁੱਖਾਂ ਉੱਤੇ ਬਹੁਤ ਸਾਰੇ ਪੰਛੀਆਂ ਨੂੰ ਆਸਰਾ ਮਿਲਦਾ ਹੈ।
3. **ਤੜਕਸਾਰ (ਸਵੇਰੇ)–** ਅਸੀਂ ਹਰ ਰੋਜ਼ ਤੜਕਸਾਰ ਸੈਰ ਕਰਨ ਜਾਂਦੇ ਹਾਂ।
4. **ਟੱਬਰ-ਟੀਹਰ (ਪਰਿਵਾਰ ਦੇ ਸਾਰੇ ਛੋਟੇ-ਵੱਡੇ ਜੀ)–** ਕਰੋਨਾ ਮਹਾਂਮਾਰੀ ਕਾਰਨ ਪ੍ਰਦੇਸੀ ਲੋਕ ਆਪਣੇ ਟੱਬਰ-ਟੀਹਰ ਲੈ ਕੇ ਆਪਣੇ ਘਰਾਂ ਵਲ ਚਲ ਪਏ।

5. **ਲੂ ਵਗਣਾ (ਗਰਮ ਹਵਾ ਦਾ ਚਲਣਾ)**- ਜੇਠ-ਹਾੜ੍ਹ ਦੇ ਮਹੀਨਿਆਂ ਵਿਚ ਪੰਜਾਬ ਵਿਚ ਗਰਮ ਲੂ ਵਗਦੀ ਹੈ।
6. **ਰੋਣ-ਹਾਕਾ (ਰੋਣ ਵਾਲਾ)-** ਜਦੋਂ ਸ਼ਾਮੂ ਦੀ ਚੋਰੀ ਫੜੀ ਗਈ ਤਾਂ ਉਹ ਰੋਣ-ਹਾਕਾ ਹੋ ਗਿਆ।
7. **ਹਰਿਆਵਲ (ਹਰਾਪਨ)-** ਹਰਿਆਵਲ ਲਈ ਸਾਰਿਆ ਨੂੰ ਮਿਲ ਕੇ ਬੂਟੇ ਲਾਉਣੇ ਚਾਹੀਦੇ ਹਨ।

**4. ਵਿਆਕਰਨ**

**ਪ੍ਰਸ਼ਨ 1. ਵਿਸ਼ੇਸ਼ਣ ਕੀ ਹੁੰਦਾ ਹੈ? ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ?**

ਉੱਤਰ - ਉਹ ਸ਼ਬਦ, ਜੋ ਕਿਸੇ ਨਾਂਵ ਜਾਂ ਪੜਨਾਂਵ ਨਾਲ਼ ਆ ਕੇ ਉਸ ਦੀ ਵਿਸ਼ੇਸ਼ਤਾ ਦੱਸੇ, ਉਸ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ :- **ਤੇਜ਼** ਹਵਾਵਾਂ, **ਜ਼ਰਖੇਜ਼** ਮਿੱਟੀ, **ਕਾਲਾ** ਘੋੜਾ, **ਗੋਰਾ** ਮੁੰਡਾ ਆਦਿ ।

**ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ :**

1. ਗੁਣ-ਵਾਚਕ ਵਿਸ਼ੇਸ਼ਣ
2. ਸੰਖਿਆ-ਵਾਚਕ ਵਿਸ਼ੇਸ਼ਣ
3. ਪਰਿਮਾਣ-ਵਾਚਕ ਵਿਸ਼ੇਸ਼ਣ
4. ਨਿਸਚੇ-ਵਾਚਕ ਵਿਸ਼ੇਸ਼ਣ
5. ਪੜਨਾਵੀਂ ਵਿਸ਼ੇਸ਼ਣ

**1. ਗੁਣ-ਵਾਚਕ ਵਿਸ਼ੇਸ਼ਣ :** ਜਿਹੜੇ ਵਿਸ਼ੇਸ਼ਣ ਕਿਸੇ ਵਸਤੂ ਦੇ ਗੁਣ-ਔਗੁਣ ਪ੍ਰਗਟ ਕਰਨ, ਉਨ੍ਹਾਂ ਨੂੰ ਗੁਣਵਾਚਕ ਵਿਸ਼ੇਸ਼ਣ ਆਖਿਆ ਜਾਂਦਾ ਹੈ; ਜਿਵੇਂ :- **ਵੱਡਾ** ਪੁੱਤਰ, **ਸੋਹਣਾ** ਰੁੱਖ, **ਠੰਢੀ-ਮਿੱਠੀ** ਹਵਾ ਆਦਿ।

**2. ਸੰਖਿਆ-ਵਾਚਕ ਵਿਸ਼ੇਸ਼ਣ :** ਨਾਂਵਾਂ ਜਾਂ ਪੜਨਾਂਵਾਂ ਦੀ ਗਿਣਤੀ ਜਾਂ ਦਰਜਾ ਪ੍ਰਗਟ ਕਰਨ ਵਾਲੇ ਵਿਸ਼ੇਸ਼ਣ ਸੰਖਿਆ-ਵਾਚਕ ਵਿਸ਼ੇਸ਼ਣ ਹੁੰਦੇ ਹਨ; ਜਿਵੇਂ :- **ਇੱਕ** ਰੁੱਖ, **ਅਗਲੇ** ਦਿਨ, **ਅੱਠਵੀਂ** ਜਮਾਤ ਆਦਿ।

**3. ਪਰਿਮਾਣ-ਵਾਚਕ ਵਿਸ਼ੇਸ਼ਣ :** ਨਾਂਵਾਂ ਦੀ ਮਿਣਤੀ ਜਾਂ ਤੋਲ ਦੱਸਣ ਵਾਲੇ ਵਿਸ਼ੇਸ਼ਣਾਂ ਨੂੰ ਪਰਿਮਾਣ-ਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ :- **ਬਹੁਤੇ** ਲੋਕ, **ਕਈ** ਸਾਲ, **ਕੁੱਝ** ਬੰਦੇ ਆਦਿ।

**4. ਨਿਸਚੇ-ਵਾਚਕ ਵਿਸ਼ੇਸ਼ਣ :** ਨਾਂਵਾਂ ਨੂੰ ਇਸ਼ਾਰੇ ਨਾਲ ਆਮ ਤੋਂ ਖ਼ਾਸ ਬਣਾਉਣ ਵਾਲੇ ਵਿਸ਼ੇਸ਼ਣਾਂ ਨੂੰ ਨਿਸਚੇ-ਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ :- **ਅਹੁ** ਮੁੰਡਾ, **ਅਹਿ** ਕਿਤਾਬ, **ਹਾਹ** ਰੁੱਖ ਆਦਿ।

**5. ਪੜਨਾਵੀਂ ਵਿਸ਼ੇਸ਼ਣ :** ਨਾਂਵਾਂ ਦੇ ਨਾਲ ਆ ਕੇ ਵਿਸ਼ੇਸ਼ਣ ਦਾ ਕੰਮ ਕਰਨ ਵਾਲੇ ਪੜਨਾਂਵਾਂ ਨੂੰ ਪੜਨਾਂਵੀਂ ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ :- **ਕੌਣ** ਕੁੜੀ, **ਕੀ** ਚੀਜ਼, **ਕਿਹੜੀ** ਚੀਜ਼ ਆਦਿ ।

**ਪ੍ਰਸ਼ਨ 2. ਹੇਠ ਲਿਖੇ ਵਾਕਾਂ ਵਿਚੋਂ ਵਿਸ਼ੇਸ਼ਣ ਚੁਣੋ ਅਤੇ ਉਨ੍ਹਾਂ ਦੀਆਂ ਕਿਸਮਾਂ ਵੀ ਦੱਸੋ।**

 ਤੇਜ਼ ਹਵਾਵਾਂ ਨਿੱਤ ਦਿਨ ਵਗਦੀਆਂ ਤੇ ਉਹ ਧਰਤੀ ਉੱਤੇ ਰੇਤ ਵਿਛਾ ਕੇ ਤੁਰ ਜਾਂਦੀਆਂ।
 **ਤੇਜ਼** (ਗੁਣ-ਵਾਚਕ ਵਿਸ਼ੇਸ਼ਣ)
 ਉਸ ਵੇਲੇ ਉਹ ਪੂਰੀ ਹੋਸ਼ ਵਿਚ ਨਹੀਂ ਸਨ।
 **ਪੂਰੀ** (ਗੁਣ-ਵਾਚਕ ਵਿਸ਼ੇਸ਼ਣ)
 ਉਹ ਤਿੰਨੇ ਜਣੇ ਉਨ੍ਹਾਂ ਟਹਿਣੀਆਂ ਵਿਚ ਅਟਕੇ ਹੋਏ ਸਨ।
 **ਤਿੰਨੇ** (ਸੰਖਿਆ-ਵਾਚਕ ਵਿਸ਼ੇਸ਼ਣ)
 ਉਹ ਸਾਰੇ ਜੀਅ ਰਲ ਕੇ ਨਿਸ਼ਾਨ ਵਾਲੀ ਥਾਂ ਪੁੱਟਣ ਲੱਗ ਪਏ।
 **ਸਾਰੇ** (ਸੰਖਿਆ-ਵਾਚਕ ਵਿਸ਼ੇਸ਼ਣ)
 ਭੀਖੂ ਦੀ ਪਤਨੀ ਹੱਸਦੀ ਹੋਈ ਬੋਲੀ, "ਜੇ ਏਨਾ ਸੋਹਣਾ ਰੁੱਖ ਕੋਲ ਹੋਵੇ ਤਾਂ ਹੋਰ ਕੀ ਚਾਹੀਦੈ?"
 **ਏਨਾ ਸੋਹਣਾ** (ਗੁਣ-ਵਾਚਕ ਵਿਸ਼ੇਸ਼ਣ)

## ਪਾਠ-11
## ਪੰਜਾਬੀ ਲੋਕ-ਨਾਚ : ਗਿੱਧਾ (ਸੁਖਦੇਵ ਮਾਦਪੁਰੀ)

**1. ਪ੍ਰਸ਼ਨ/ਉੱਤਰ**

**ਪ੍ਰਸ਼ਨ ੳ. ਲੋਕ-ਨਾਚ ਕਿਸ ਨੂੰ ਆਖਦੇ ਹਨ?**

ਉੱਤਰ : ਲੋਕ ਨਾਚ ਮਨ ਦੀ ਖ਼ੁਸ਼ੀ ਦਾ ਸਰੀਰਕ ਪ੍ਰਗਟਾਵਾ ਹੈ। ਖ਼ੁਸ਼ੀ ਦੇ ਮੌਕੇ 'ਤੇ ਮਨੁੱਖ ਇਕੱਠੇ ਹੋ ਕੇ ਸਮੂਹਿਕ ਰੂਪ ਵਿਚ ਨੱਚਣ ਲੱਗਦੇ ਹੈ।ਇਸੇ ਨੂੰ ਲੋਕ-ਨਾਚ ਕਿਹਾ ਜਾਂਦਾ ਹੈ ।

**ਪ੍ਰਸ਼ਨ ਅ. ਪੰਜਾਬ ਦੇ ਲੋਕ-ਨਾਚ ਕਿਹੜੇ-ਕਿਹੜੇ ਹਨ?**

ਉੱਤਰ : ਗਿੱਧਾ, ਭੰਗੜਾ, ਝੂਮਰ, ਲੁੱਡੀ, ਧਮਾਲ, ਸੰਮੀ, ਕਿੱਕਲੀ, ਪੰਜਾਬ ਦੇ ਲੋਕ-ਨਾਚ ਹਨ ।

**ਪ੍ਰਸ਼ਨ ੲ. ਗਿੱਧਾ ਕਦੋਂ ਪਾਇਆ ਜਾਂਦਾ ਹੈ?**

ਉੱਤਰ : ਗਿੱਧਾ ਖ਼ਾਸ ਤੌਰ 'ਤੇ ਵਿਆਹ-ਸ਼ਾਦੀ, ਤੀਆਂ ਮੌਕੇ ਜਾਂ ਕਿਸੇ ਵੀ ਖ਼ੁਸ਼ੀ ਦੇ ਮੌਕੇ ਉੱਤੇ ਪਾਇਆ ਜਾ ਸਕਦਾ ਹੈ।

**ਪ੍ਰਸ਼ਨ ਸ. ਮੁਟਿਆਰਾਂ ਗਿੱਧਾ ਕਿਵੇਂ ਪਾਉਂਦੀਆਂ ਹਨ?**

ਉੱਤਰ : ਗਿੱਧਾ ਪਾਉਣ ਵੇਲੇ ਮੁਟਿਆਰਾਂ ਇਕ ਗੋਲ-ਦਾਇਰਾ ਬਣਾ ਕੇ ਖੜ੍ਹਦੀਆਂ ਹਨ। ਢੋਲਕੀ ਦੇ ਵੱਜਣ ਨਾਲ ਇਕ ਕੁੜੀ ਬਾਂਹ ਉਲਾਰ ਕੇ ਬੋਲੀ ਪਾਉਂਦੀ ਹੈ। ਬੋਲੀ ਦੇ ਅੰਤਿਮ ਟੱਪਾ ਤੇ ਪਿੜ ਵਿਚ ਖੜ੍ਹੀਆਂ ਕੁੜੀਆਂ ਉਸ ਟੱਪੇ ਦੇ ਬੋਲਾਂ ਨੂੰ ਚੁੱਕ ਲੈਂਦੀਆਂ ਹਨ ਤੇ ਨਾਲ਼-ਨਾਲ਼ ਤਾੜੀਆਂ ਮਾਰ ਕੇ ਤਾਲ ਦਿੰਦੀਆਂ ਹਨ। ਇਸ ਸਮੇਂ ਦਾਇਰੇ ਵਿਚੋਂ ਨਿਕਲ ਕੇ ਦੋ ਕੁੜੀਆਂ ਨੱਚਣ ਲੱਗ ਪੈਂਦੀਆਂ ਹਨ।ਇਸ ਤਰ੍ਹਾਂ ਗਿੱਧਾ ਲਗਾਤਾਰ ਮਘਦਾ ਰਹਿੰਦਾ ਹੈ ।

**ਪ੍ਰਸ਼ਨ ਹ. ਮੁਟਿਆਰਾਂ ਦੇ ਗਿੱਧੇ ਅਤੇ ਮਰਦਾਂ ਦੇ ਗਿੱਧੇ ਵਿਚ ਕੀ ਅੰਤਰ ਹੈ?**

ਉੱਤਰ : ਮਰਦਾਂ ਦਾ ਗਿੱਧਾ ਪਾਉਣ ਦਾ ਢੰਗ ਭਾਵੇਂ ਮੁਟਿਆਰਾਂ ਵਾਲਾ ਹੀ ਹੈ, ਪਰੰਤੂ ਮਰਦਾਂ ਦੇ ਗਿੱਧੇ ਵਿਚ ਮੁਟਿਆਰਾਂ ਵਾਲਾ ਰੰਗ ਅਤੇ ਲਚਕ ਨਹੀਂ ਹੁੰਦੀ। ਇਸ ਵਿਚ ਬਹੁਤਾ ਜ਼ੋਰ ਬੋਲੀਆਂ ਉੱਤੇ ਹੁੰਦਾ ਹੈ।

**2. ਔਖੇ ਸ਼ਬਦ ਦੇ ਅਰਥ :**

ਅਵਸਰ : ਮੌਕਾ, ਸਮਾਂ
ਗੋਲ਼ ਦਾਇਰਾ : ਗੋਲ਼ ਚੱਕਰ, ਘੇਰਾ
ਅਨੂਠਾ : ਅਨੋਖਾ, ਅਸਚਰਜ
ਅੰਤਰਾ : ਕਿਸੇ ਗੀਤ ਵਿਚ ਟੇਕ ਜਾਂ ਸਥਾਈ ਤੋਂ ਛੁੱਟ ਬਾਕੀ ਤੁਕਾਂ
ਜੇਡ : ਜਿੱਡਾ, ਜਿੰਨਾ ਵੱਡਾ

ਬਰੋਟੇ : ਬੋਹੜ ਦਾ ਦਰਖ਼ਤ
ਢਾਬ : ਕੱਚਾ ਤਲਾਅ, ਟੋਭਾ, ਪਾਣੀ ਦਾ ਭਰਿਆ ਡੂੰਘਾ ਟੋਆ
ਬਰੰਗ : ਬਿਨਾਂ ਟਿਕਟ ਜਾਂ ਘੱਟ ਟਿਕਟਾਂ ਲੱਗੀ ਚਿੱਠੀ
ਬਲਾ : ਬਹੁਤ, ਗਜ਼ਬ ਦਾ

ਪ੍ਰਤਿਭਾ : ਕੁਦਰਤੀ ਯੋਗਤਾ, ਸੂਖਮ ਬੁੱਧੀ
ਸੁਰਜੀਤ : ਜਿਉਂਦਾ, ਜ਼ਿੰਦਾ, ਹਰਿਆ-ਭਰਿਆ, ਤਾਜ਼ਾ-ਦਮ

**3. ਵਾਕਾਂ ਵਿਚ ਵਰਤੋ :**

1. **ਪ੍ਰਗਟਾਵਾ (ਵਰਣਨ)–** ਬੋਲੀਆਂ ਵਿਚ ਪਰਿਵਾਰਿਕ ਰਿਸ਼ਤਿਆਂ ਦਾ ਪ੍ਰਗਟਾਵਾ ਆਉਂਦਾ ਹੈ।
2. **ਮਨਮੋਹਕ (ਮਨ ਨੂੰ ਮੋਹਣ ਵਾਲਾ)–** ਗਿੱਧੇ ਦੇ ਪਿੜ ਦਾ ਨਜ਼ਾਰਾ ਮਨਮੋਹਕ ਹੁੰਦਾ ਹੈ।
3. **ਹਾਵ-ਭਾਵ (ਜਜ਼ਬੇ)–** ਗਿੱਧੇ ਵਿਚ ਕੁੜੀਆਂ ਦੇ ਹਾਵ-ਭਾਵ ਦੇਖਣਯੋਗ ਹੁੰਦੇ ਹਨ।
4. **ਹਰਕਤ (ਹਿਲਜੁਲ)–** ਗਿੱਧੇ ਵਿਚ ਬੋਲੀ ਦੇ ਅੰਤ 'ਤੇ ਸਾਰੀਆਂ ਕੁੜੀਆਂ ਹਰਕਤ ਵਿਚ ਆ ਜਾਂਦੀਆਂ ਹਨ।
5. **ਸਾਂਗ (ਨਕਲ)–** ਜਾਗੋ ਮੌਕੇ ਕਈ ਤਰ੍ਹਾਂ ਦੇ ਸਾਂਗ ਗਿੱਧੇ ਦਾ ਸ਼ਿੰਗਾਰ ਬਣਦੇ ਹਨ।
6. **ਵੰਨਗੀ (ਕਿਸਮ)–** ਪੰਜਾਬ ਵਿਚ ਲੋਕ-ਨਾਚ ਦੀਆਂ ਬਹੁਤ ਵੰਨਗੀਆਂ ਹਨ।
7. **ਰੰਗ ਬੰਨ੍ਹਣਾ (ਰੌਣਕ ਲਾਉਣੀ)–** ਵਿਆਹ ਵਿਚ ਗਿੱਧੇ ਵਾਲੀਆਂ ਕੁੜੀਆ ਨੇ ਰੰਗ ਬੰਨ੍ਹ ਦਿੱਤਾ।

**8. ਵਿਆਕਰਨ :**

**ਪ੍ਰਸ਼ਨ 1. ਕਿਰਿਆ ਕਿਸ ਨੂੰ ਆਖਦੇ ਹਨ?**

ਉੱਤਰ : ਜਿਹੜੇ ਸ਼ਬਦ ਕਿਸੇ ਕੰਮ ਦਾ ਹੋਣਾ ਜਾਂ ਕਰਨਾ ਆਦਿ ਕਾਲ ਸਾਹਿਤ ਪ੍ਰਗਟ ਕਰਨ, ਉਹਨਾਂ ਨੂੰ ਕਿਰਿਆ ਆਖਿਆ ਜਾਂਦਾ ਹੈ; ਜਿਵੇਂ :- ਉਹ **ਗਿਆ**, ਮੈਂ ਪੁਸਤਕ **ਪੜ੍ਹੀ** ਆਦਿ।

ਕਿਰਿਆ ਦੀ ਵੰਡ ਚਾਰ ਪ੍ਰਕਾਰ ਦੀ ਹੁੰਦੀ ਹੈ

**ਪਹਿਲੇ ਪ੍ਰਕਾਰ ਦੀ ਵੰਡ ਅਨੁਸਾਰ ਕਿਰਿਆ ਦੋ ਪ੍ਰਕਾਰ ਦੀ ਹੁੰਦੀ ਹੈ :**

1. **ਅਕਰਮਕ ਕਿਰਿਆ** : ਜਿਸ ਵਾਕ ਵਿਚ ਕੇਵਲ ਕਰਤਾ ਹੀ ਹੋਵੇ, ਕਰਮ ਨਾ ਹੋਵੇ, ਉਸ ਨੂੰ ਅਕਰਮਕ ਕਿਰਿਆ ਕਿਹਾ ਜਾਂਦਾ ਹੈ; ਜਿਵੇਂ :- ਕੁੜੀ **ਹੱਸਦੀ ਹੈ**।
2. **ਸਕਰਮਕ ਕਿਰਿਆ :** ਜਿਸ ਵਾਕ ਵਿਚ ਕਿਰਿਆ ਦੇ ਨਾਲ ਕਰਤਾ ਤੇ ਕਰਮ ਦੋਵੇਂ ਹੋਣ, ਉਸ ਨੂੰ ਸਕਰਮਕ ਕਿਰਿਆ ਆਖਦੇ ਹਨ; ਜਿਵੇਂ :- ਬੱਚਾ ਫੁੱਟਬਾਲ **ਖੇਡਦਾ ਹੈ**।

## ਪਾਠ–12

## ਪੰਜਾਬ ਦਾ ਸੁਪਨਸਾਜ਼ : ਡਾ. ਮਹਿੰਦਰ ਸਿੰਘ ਰੰਧਾਵਾ (ਲੇਖਕ– ਜਨਕਰਾਜ ਸਿੰਘ)

**1. ਪ੍ਰਸ਼ਨ/ਉੱਤਰ**

**ਪ੍ਰਸ਼ਨ ੳ. ਡਾ. ਮਹਿੰਦਰ ਸਿੰਘ ਰੰਧਾਵਾ ਕਿੱਥੋਂ ਦੇ ਜੰਮਪਲ ਸਨ? ਉਨ੍ਹਾਂ ਨੇ ਕਿਹੜੀ–ਕਿਹੜੀ ਵਿੱਦਿਅਕ ਯੋਗਤਾ ਪ੍ਰਾਪਤ ਕੀਤੀ?**

ਉੱਤਰ : ਡਾ : ਮਹਿੰਦਰ ਸਿੰਘ ਰੰਧਾਵਾ ਪੰਜਾਬ ਦੇ ਜੰਮਪਲ ਸਨ। ਆਪ ਨੇ ਲਾਹੌਰ ਤੋਂ ਐੱਮ.ਐੱਸ.ਸੀ. ਤੇ ਲੰਡਨ ਤੋਂ ਆਈ.ਸੀ.ਐੱਸ. ਦੀ ਪ੍ਰਤੀਯੋਗਤਾ ਪਾਸ ਕੀਤੀ। ਬਨਸਪਤੀ ਵਿਗਿਆਨ ਸੰਬੰਧੀ ਖੋਜ ਕਰਨ ਤੇ ਆਪ ਨੂੰ ਪੰਜਾਬ ਯੂਨੀਵਰਸਿਟੀ ਨੇ ਡਾਕਟਰ ਦੀ ਡਿਗਰੀ ਦਿੱਤੀ ।

**ਪ੍ਰਸ਼ਨ ਅ. ਇੱਕ ਅਧਿਕਾਰੀ ਵਜੋਂ ਡਾ. ਰੰਧਾਵਾ ਕਿਹੜੇ- ਕਿਹੜੇ ਅਹੁਦਿਆਂ 'ਤੇ ਸੁਸ਼ੋਭਿਤ ਰਹੇ?**

ਉੱਤਰ : ਇਕ ਅਧਿਕਾਰੀ ਵਜੋਂ ਡਾ. ਰੰਧਾਵਾ ਉੱਤਰ-ਪ੍ਰਦੇਸ਼, ਦਿੱਲੀ, ਹਰਿਆਣਾ ਤੇ ਪੰਜਾਬ ਵਿਚ ਵੱਖ - ਵੱਖ ਅਹੁਦਿਆਂ 'ਤੇ ਕੰਮ ਕਰਦੇ ਰਹੇ। ਆਪ ਨੇ ਪੰਜਾਬ ਦੇ ਵਿਕਾਸ ਕਮਿਸ਼ਨਰ, ਚੰਡੀਗੜ੍ਹ ਦੇ ਮੁੱਖ ਕਮਿਸ਼ਨਰ ਤੇ ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਉਪ ਕੁਲਪਤੀ ਵੀ ਰਹੇ।

**ਪ੍ਰਸ਼ਨ ੲ. ਪੰਜਾਬ ਵਿਚ ਖੇਤੀ–ਬਾੜੀ ਨੂੰ ਉੱਨਤ ਕਰਨ ਲਈ ਡਾ. ਰੰਧਾਵਾ ਦਾ ਕੀ ਯੋਗਦਾਨ ਹੈ?**

ਉੱਤਰ : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਬਣਦੇ ਹੀ ਆਪ ਨੇ ਕਿਸਾਨਾਂ ਨੂੰ ਉੱਨਤ ਖੇਤੀ ਦੇ ਢੰਗਾਂ ਦੀ ਸਿਖਲਾਈ ਦੇਣ ਲਈ ਵਿਸ਼ੇਸ਼ ਕੰਮ ਕੀਤੇ। ਆਪ ਨੇ ਯੂਨੀਵਰਸਿਟੀ ਵਿਚ ਇਕ ਵਿਭਾਗ ਕਾਇਮ ਕੀਤਾ, ਜੋ ਕਿ ਉੱਨਤ ਖੇਤੀ ਬਾਰੇ ਜਾਣਕਾਰੀ ਦੇਣ ਵਾਲਾ ਸਾਹਿਤ ਛਾਪ ਕੇ ਕਿਸਾਨਾਂ ਵਿਚ ਮੁਫ਼ਤ ਵੰਡਦਾ ਹੈ ਤੇ ਖੇਤੀ ਦੇ ਮਾਹਰ ਕਿਸਾਨ ਮੇਲੇ ਲਾ ਕੇ ਕਿਸਾਨਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਦੇ ਹਨ।

**ਪ੍ਰਸ਼ਨ ਸ. ਡਾ. ਮਹਿੰਦਰ ਸਿੰਘ ਰੰਧਾਵਾ ਸਾਹਿਤ ਦੇ ਖੇਤਰ ਵਿਚ ਕਿਉਂ ਪ੍ਰਸਿੱਧ ਹੋਏ?**

ਉੱਤਰ : ਡਾ. ਰੰਧਾਵਾ ਸਾਹਿਤ, ਸਭਿਆਚਾਰ ਤੇ ਗਿਆਨ ਵਿਗਿਆਨ ਨਾਲ ਸੰਬੰਧਿਤ ਬਹੁਤ ਸਾਰੀਆਂ ਪੁਸਤਕਾਂ ਲਿਖਣ ਕਾਰਨ ਸਾਹਿਤ ਦੇ ਖੇਤਰ ਵਿਚ ਪ੍ਰਸਿੱਧ ਹੋਏ। ਆਪ ਨੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਕਾਂਗੜੇ ਤੇ ਕੁੱਲੂ ਦੇ ਖੇਤਰ ਵਿਚੋਂ ਲੋਕ-ਗੀਤ ਇਕੱਠੇ ਕੀਤੇ ਤੇ ਉਨ੍ਹਾਂ ਨੂੰ ਲੋਕਾਂ ਦੇ ਅੰਦਾਜ਼ ਵਿਚ ਲਿਖਿਆ।

**ਪ੍ਰਸ਼ਨ ਹ. ਵਿਗਿਆਨ ਦੇ ਖੇਤਰ ਨਾਲ ਡਾ. ਰੰਧਾਵਾ ਦਾ ਨਾਂ ਕਿਵੇਂ ਜੁੜਿਆ ਹੈ?**

ਉੱਤਰ : ਡਾ : ਰੰਧਾਵਾ ਐੱਮ.ਐੱਸ.ਸੀ. ਪਾਸ ਹੋਣ ਕਰ ਕੇ ਇੱਕ ਵਿਗਿਆਨੀ ਸਨ। ਉਨ੍ਹਾਂ ਨੂੰ ਬਨਸਪਤੀ ਵਿਗਿਆਨ ਬਾਰੇ ਖੋਜ਼ ਕਰਨ ਉੱਤੇ ਪੰਜਾਬ ਯੂਨੀਵਰਸਿਟੀ ਵਲੋਂ ਡਾਕਟਰ ਦੀ ਡਿਗਰੀ ਦੇਣ ਕਾਰਨ ਉਨ੍ਹਾਂ ਦਾ ਨਾਂ ਵਿਗਿਆਨ ਦੇ ਖੇਤਰ ਨਾਲ਼ ਜੁੜ ਗਿਆ।

**ਪ੍ਰਸ਼ਨ ਕ. ਡਾ. ਮਹਿੰਦਰ ਸਿੰਘ ਰੰਧਾਵਾ ਦੀ ਸੋਚ ਤੇ ਸੁਭਾਅ ਬਾਰੇ ਪਾਠ ਵਿਚ ਕੀ ਦੱਸਿਆ ਗਿਆ ਹੈ?**

ਉੱਤਰ : ਡਾ. ਰੰਧਾਵਾ ਵਿਸ਼ਾਲ ਵਿਗਿਆਨਿਕ ਸੋਚ ਦੇ ਮਾਲਕ, ਕਲਾ ਤੇ ਸਾਹਿਤ ਦੇ ਰਸੀਏ, ਖੋਜ਼ੀ, ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਪਿਆਰ ਕਰਨ ਵਾਲੇ, ਮਿਹਨਤ ਤੇ ਕਲਾ ਦੇ ਕਦਰਦਾਨ ਵਿਅਕਤੀ ਸਨ। ਆਪ ਨੇ ਕਦੇ ਆਲਸ ਨੂੰ ਨੇੜੇ ਨਹੀਂ ਲੱਗਣ ਦਿੱਤਾ ਤੇ ਨਾ ਹੀ ਕਦੇ ਕਿਸੇ ਨੂੰ ਨਾਜਾਇਜ਼ ਸਜ਼ਾ ਦਿੱਤੀ ਸੀ।

**ਪ੍ਰਸ਼ਨ ਖ. ਪੰਜਾਬ ਨੂੰ ਸੋਹਣਾ ਬਣਾਉਣ ਲਈ ਡਾ. ਰੰਧਾਵਾ ਨੇ ਕੀ ਯਤਨ ਕੀਤੇ?**

ਉੱਤਰ : ਡਾ. ਰੰਧਾਵਾ ਪੰਜਾਬ ਨੂੰ ਸੋਹਣਾ ਬਣਾਉਣ ਦਾ ਦ੍ਰਿੜ ਇਰਾਦਾ ਲੈ ਕੇ ਹੀ ਪੰਜਾਬ ਦੇ ਵਿਕਾਸ ਕਮਿਸ਼ਨਰ ਬਣੇ। ਉਹਨਾਂ ਨੇ ਕਿਸਾਨਾਂ ਨੂੰ ਵਿਗਿਆਨਿਕ ਢੰਗ ਨਾਲ਼ ਖੇਤੀ ਕਰਨ ਦੀ ਸੋਝੀ ਦਿੱਤੀ। ਪਸ਼ੂ-ਪਾਲਣ, ਫ਼ਲਾਂ ਤੇ ਫੁੱਲਾਂ ਦੀ ਖੋਜ਼ ਵਿਚ ਆਪ ਦਾ ਅਹਿਮ ਯੋਗਦਾਨ ਹੈ। ਪੰਜਾਬੀ ਸਭਿਆਚਾਰ ਦੀ ਸਾਂਭ-ਸੰਭਾਲ ਲਈ ਆਪ ਨੇ ਪੇਂਡੂ ਅਜਾਇਬ-ਘਰ ਬਣਵਾਇਆ। ਆਪ ਨੇ ਪੰਜਾਬੀ ਟ੍ਰਿਬਿਊਨ ਅਖ਼ਬਾਰ ਆਰੰਭ ਕਰਵਾ ਪੰਜਾਬੀ ਬੋਲੀ ਦੇ ਲੱਖਾਂ ਪਾਠਕ ਪੈਦਾ ਕੀਤੇ।

**ਪ੍ਰਸ਼ਨ ਗ. ਚੰਡੀਗੜ੍ਹ ਨੂੰ ਡਾ. ਰੰਧਾਵਾ ਦੀ ਕੀ ਦੇਣ ਹੈ?**

ਉੱਤਰ : ਡਾ. ਰੰਧਾਵਾ ਨੇ ਚੰਡੀਗੜ੍ਹਦੇ ਰੋਜ਼ ਗਾਰਡਨ ਵਿਚ ਇੱਕ ਹਜ਼ਾਰ ਤੋਂ ਵੱਧ ਗੁਲਾਬ ਦੇ ਫੁੱਲਾਂ ਦੀਆਂ ਵੰਨਗੀਆਂ ਅਤੇ ਸੜਕਾਂ ਦੇ ਦੋਹੀਂ ਪਾਸੇ ਲਾਉਣ ਲਈ ਦਰੱਖਤ ਦੂਰੋਂ-ਦੂਰੋਂ ਮੰਗਵਾਏ। ਚੰਡੀਗੜ੍ਹ 10 ਸੈਕਟਰ ਵਿਚ ਕਲਾ-ਕਿਰਤਾਂ ਦੀ ਨੁਮਾਇਸ਼ ਲਈ ਹਾਲ ਬਣਵਾਇਆ ਤੇ 'ਪੰਜਾਬ ਕਲਾ ਪ੍ਰੀਸ਼ਦ' ਨਾਂ ਦੀ ਸੰਸਥਾ ਕਾਇਮ ਕੀਤੀ।

**2. ਔਖੇ ਸ਼ਬਦਾਂ ਦੇ ਅਰਥ :**

ਬਹੁਪੱਖੀ : ਕਈ ਪੱਖਾਂ ਜਾਂ ਪਹਿਲੂਆਂ ਵਾਲ਼ੀ
ਕਾਰਜ-ਖੇਤਰ : ਤੌਰ-ਤਰੀਕਾ
ਪ੍ਰਤਿਯੋਗਤਾ : ਮੁਕਾਬਲਾ
ਵਿਕਾਸ : ਤਰੱਕੀ, ਉੱਨਤੀ
ਯੋਗਦਾਨ : ਦੇਣ, ਸਹਿਯੋਗ
ਹੁਨਰ : ਕਿਸੇ ਕੰਮ ਵਿਚ ਮੁਹਾਰਤ, ਕਲਾ, ਕਾਰੀਗਰੀ
ਪ੍ਰਮਾਣਿਕ : ਸਹੀ, ਜਿਸ ਵਿਚ ਕੋਈ ਪ੍ਰਮਾਣ ਹੋਵੇ
ਵਿਸ਼ਾਲ : ਵੱਡਾ
ਸਿਰਜਣਾ : ਰਚਨਾ, ਬਣਾਉਣਾ, ਉਤਪੰਨ
ਪਸਾਰ : ਫੈਲਾਅ, ਖਿਲਾਰ, ਵਿਸਥਾਰ

**3. ਵਾਕਾਂ ਵਿਚ ਵਰਤੋ :**
1. **ਸੁਸ਼ੋਭਿਤ (ਸ਼ੋਭ ਰਿਹਾ)–** ਮਹਾਰਾਜਾ ਆਪਣੇ ਸਿੰਘਾਸਣ ਉੱਤੇ ਸੁਸ਼ੋਭਿਤ ਸੀ।
2. **ਖ਼ਲਕਤ (ਦੁਨੀਆ)–** ਹੋਲੇ-ਮੁਹੱਲੇ ਵਿਚ ਬੜੀ ਖ਼ਲਕਤ ਆਈ ਹੋਈ ਸੀ।
3. **ਸਹੂਲਤ (ਸੁੱਖ)–** ਇਸ ਪਿੰਡ ਨੂੰ ਡਿਸਪੈਂਸਰੀ ਦੀ ਸਹੂਲਤ ਪ੍ਰਾਪਤ ਨਹੀਂ।
4. **ਉਪਰਾਲੇ (ਯਤਨ)–** ਡਾ. ਰੰਧਾਵਾ ਨੇ ਪੰਜਾਬ ਨੂੰ ਸੋਹਣਾ ਬਣਾਉਣ ਦੇ ਉਪਰਾਲੇ ਕੀਤੇ।
5. **ਪ੍ਰਤਿਭਾ (ਬੌਧਿਕ ਯੋਗਤਾ)–** ਡਾ. ਰੰਧਾਵਾ ਅਦਭੁੱਤ ਪ੍ਰਤਿਭਾ ਦੇ ਮਾਲਕ ਸਨ।
6. **ਸੁਹਿਰਦਤਾ (ਇਮਾਨਦਾਰੀ)–** ਜਿਹੜਾ ਵੀ ਕੰਮ ਕਰੋ, ਪੂਰੀ ਸੁਹਿਰਦਤਾ ਨਾਲ ਕਰੋ।
7. **ਵਾਗ-ਡੋਰ (ਪ੍ਰਬੰਧ)–** ਲਗਭਗ 200 ਸਾਲ ਭਾਰਤ ਦੀ ਵਾਗ-ਡੋਰ ਅੰਗਰੇਜ਼ਾਂ ਹੱਥ ਰਹੀ।
8. **ਸਹਿਯੋਗੀ (ਕੰਮ ਵਿਚ ਸਾਥ ਦੇਣ ਵਾਲਾ)–** ਸੁਨੀਲ ਮੇਰਾ ਸਹਿਯੋਗੀ ਹੈ।
9. **ਰੁਜ਼ਗਾਰ (ਕੰਮ)–** ਰੁਜ਼ਗਾਰ ਮਿਲਣ ਕਰਕੇ ਉਸ ਦਾ ਗੁਜ਼ਾਰਾ ਸੌਖਾ ਹੋਣ ਲੱਗਾ।
10. **ਸ਼ਖ਼ਸੀਅਤ (ਵਿਅਕਤਿਤਵ)–** ਡਾ. ਰੰਧਾਵਾ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ।
11. **ਤਾੜਨਾ (ਖ਼ਬਰਦਾਰ ਕਰਨਾ)–** ਬੱਚੇ ਗ਼ਲਤੀ ਕਰਨ ਤਾਂ ਉਨ੍ਹਾਂ ਨੂੰ ਤਾੜਨਾ ਮਾਪਿਆਂ ਦਾ ਫਰਜ਼ ਹੈ।
12. **ਰਿਣੀ (ਦੇਣਦਾਰ)–** ਅਸੀਂ ਦੇਸ਼-ਭਗਤਾਂ ਦੇ ਸਦਾ ਰਿਣੀ ਰਹਾਂਗੇ।

**4. ਵਿਆਕਰਨ**

**ਪ੍ਰਸ਼ਨ 1. ਕਿਰਿਆ ਵਿਸ਼ੇਸ਼ਣ ਕੀ ਹੁੰਦਾ ਹੈ?**
ਉੱਤਰ : ਜੋ ਸ਼ਬਦ ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰੇ, ਉਸ ਨੂੰ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ :- ਪ੍ਰੀਆ **ਤੇਜ਼** ਤੁਰਦੀ ਹੈ, ਬੱਚਾ **ਉੱਚੀ-ਉੱਚੀ** ਰੋਂਦਾ ਹੈ।

**ਕਿਰਿਆ ਵਿਸ਼ੇਸ਼ਣ ਅੱਠ ਪ੍ਰਕਾਰ ਦੇ ਹੁੰਦੇ ਹਨ।**

**1. ਕਾਲ-ਵਾਚਕ ਕਿਰਿਆ ਵਿਸ਼ੇਸ਼ਣ –** ਉਹ ਸ਼ਬਦ, ਜੋ ਕਿਰਿਆ ਦੇ ਕੰਮ ਦੇ ਹੋਣ ਦਾ ਸਮਾਂ ਦੱਸੇ, ਉਸ ਨੂੰ ਕਾਲ-ਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ; ਜਿਵੇਂ :- ਕੱਲ੍ਹ, ਪਰਸੋਂ, ਸਵੇਰੇ, ਜਦੋਂ, ਕਦੋਂ ਆਦਿ।

**2. ਸਥਾਨ-ਵਾਚਕ ਕਿਰਿਆ ਵਿਸ਼ੇਸ਼ਣ –** ਜਿਸ ਸ਼ਬਦ ਤੋਂ ਕਿਰਿਆ ਦੇ ਹੋਣ ਦਾ ਸਥਾਨ ਪਤਾ ਲੱਗੇ, ਉਸ ਨੂੰ ਸਥਾਨ-ਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ; ਜਿਵੇਂ :- ਉੱਪਰ, ਉੱਤੇ, ਥੱਲੇ, ਵਿਚਕਾਰ, ਅੰਦਰ, ਬਾਹਰ, ਇਧਰ, ਉਧਰ, ਸੱਜੇ, ਖੱਬੇ ਆਦਿ।

**3. ਪ੍ਰਕਾਰ-ਵਾਚਕ ਕਿਰਿਆ ਵਿਸ਼ੇਸ਼ਣ** - ਜਿਸ ਸ਼ਬਦ ਤੋਂ ਕਿਰਿਆ ਦੇ ਹੋਣ ਦਾ ਢੰਗ, ਤਰੀਕਾ ਪਤਾ ਲੱਗੇ, ਉਸ ਨੂੰ ਪ੍ਰਕਾਰ-ਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ; ਜਿਵੇਂ :- ਇਉ, ਉਂਝ, ਇਸ ਤਰ੍ਹਾਂ, ਉੱਦਾਂ, ਇੱਦਾਂ, ਹੌਲੀ, ਛੇਤੀ ਆਦਿ ।

**4. ਕਾਰਨ-ਵਾਚਕ ਕਿਰਿਆ ਵਿਸ਼ੇਸ਼ਣ –** ਜਿਸ ਸ਼ਬਦ ਤੋਂ ਕਿਰਿਆ ਦੇ ਹੋਣ ਜਾਂ ਨਾ ਹੋਣ ਦਾ ਕਾਰਨ ਪਤਾ ਲੱਗੇ, ਉਸ ਨੂੰ ਕਾਰਨਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ; ਜਿਵੇਂ :- ਕਿਉਂਕਿ, ਤਾਂ ਕਿ, ਇਸ ਕਰਕੇ, ਤਾਂ, ਤਦੇ ਹੀ ਆਦਿ।

**5. ਪਰਿਮਾਣ-ਵਾਚਕ ਕਿਰਿਆ ਵਿਸ਼ੇਸ਼ਣ –** ਜਿਸ ਸ਼ਬਦ ਤੋਂ ਕਿਰਿਆ ਦੇ ਪਰਿਮਾਣ, ਮਿਕਦਾਰ ਜਾਂ ਗਿਣਤੀ ਪਤਾ ਲੱਗੇ, ਉਸ ਨੂੰ ਪਰਿਮਾਣ-ਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ; ਜਿਵੇਂ :- ਘੱਟ, ਵੱਧ, ਕੁੱਝ, ਪੂਰਾ, ਥੋੜਾ, ਕਿੰਨਾ, ਜ਼ਰਾ ਆਦਿ।

**6. ਸੰਖਿਆ-ਵਾਚਕ ਕਿਰਿਆ ਵਿਸ਼ੇਸ਼ਣ –** ਜਿਸ ਸ਼ਬਦ ਤੋਂ ਕਿਰਿਆ ਦੀ ਗਿਣਤੀ ਜਾਂ ਦੁਹਰਾਓ ਪਤਾ ਲੱਗੇ; ਉਸ ਨੂੰ ਸੰਖਿਆ-ਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ; ਜਿਵੇਂ :- ਇਕਹਿਰਾ, ਦੋਹਰਾ, ਕਈ ਵਾਰ, ਘੜੀ ਮੁੜੀ, ਇੱਕ-ਇੱਕ ਆਦਿ।

**7. ਨਿਰਣਾ-ਵਾਚਕ ਕਿਰਿਆ ਵਿਸ਼ੇਸ਼ਣ –** ਜੋ ਸ਼ਬਦ ਕਿਸੇ ਕਿਰਿਆ ਦੇ ਹੋਣ ਜਾਂ ਨਾ ਹੋਣ ਸੰਬੰਧੀ ਨਿਰਣਾ ਪ੍ਰਗਟ ਕਰਦੇ ਹਨ, ਉਨ੍ਹਾਂ ਨੂੰ ਪਰਿਮਾਣ-ਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ; ਜਿਵੇਂ :- ਨਹੀਂ, ਕਦੇ ਨਹੀਂ, ਨਿੱਜ, ਬਿਲਕੁਲ, ਨਹੀਂ ਜੀ ਆਦਿ ।

**8. ਨਿਸਚੇ-ਵਾਚਕ ਕਿਰਿਆ ਵਿਸ਼ੇਸ਼ਣ –** ਜਿਸ ਸ਼ਬਦ ਦੀ ਵਰਤੋਂ ਕਿਰਿਆ ਦੇ ਕੰਮ ਦੀ ਪਕਿਆਈ ਲਈ ਕੀਤੀ ਜਾਂਦੀ ਹੈ, ਉਸ ਨੂੰ ਨਿਸਚੇ-ਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ; ਜਿਵੇਂ :- ਜੀ ਹਾਂ, ਆਹੋ ਜੀ, ਠੀਕ, ਬੇਸ਼ੱਕ, ਚੰਗਾ ਜੀ ਆਦਿ ।

## ਪਾਠ-13
## ਧਰਤੀ (ਲੇਖਕ-ਕੁਲਦੀਪ ਸਿੰਘ)

**1. ਪ੍ਰਸ਼ਨ/ਉੱਤਰ**

**ਪ੍ਰਸ਼ਨ ੳ. 'ਮੈਂ ਸੂਰਜ ਤੋਂ ਪੈਦਾ ਹੋਈ' ਇਸ ਸਤਰ ਤੋਂ ਕੀ ਭਾਵ ਹੈ?**
ਉੱਤਰ : ਧਰਤੀ ਸੂਰਜ ਨਾਲੋਂ ਟੁੱਟਿਆ ਇਕ ਹਿੱਸਾ ਹੈ।

**ਪ੍ਰਸ਼ਨ ਅ. ਧਰਤੀ ਉੱਤੇ ਕਿਹੜੀਆਂ-ਕਿਹੜੀਆਂ ਰੁੱਤਾਂ ਆਉਂਦੀਆਂ ਹਨ?**
ਉੱਤਰ : ਗਰਮੀ, ਸਿਆਲ, ਬਸੰਤ ਤੇ ਬਰਸਾਤ।

**ਪ੍ਰਸ਼ਨ ੲ. ਪਹਿਲਾਂ ਧਰਤੀ ਕਿਹੋ ਜਿਹੀ ਸੀ?**
ਉੱਤਰ : ਧਰਤੀ ਪਹਿਲਾਂ ਭਖਦੀਆਂ ਗੈਸਾਂ ਦਾ ਗੋਲਾ ਸੀ।

**ਪ੍ਰਸ਼ਨ ਸ. ਧਰਤੀ ਸੂਰਜ ਦੁਆਲੇ ਘੁੰਮਣ ਕਾਰਨ ਧਰਤੀ ਉੱਤੇ ਕੀ ਪ੍ਰਭਾਵ ਪੈਂਦਾ ਹੈ?**
ਉੱਤਰ : ਸੂਰਜ ਦੁਆਲੇ ਘੁੰਮਣ ਨਾਲ ਧਰਤੀ ਉੱਤੇ ਰੁੱਤਾਂ ਬਣਦੀਆਂ ਹਨ।

**ਪ੍ਰਸ਼ਨ ਹ. ਧਰਤੀ ਦਾ ਆਕਾਰ ਤੇ ਵਾਤਾਵਰਨ ਕਿਹੋ ਜਿਹਾ ਹੈ?**
ਉੱਤਰ : ਧਰਤੀ ਉੱਤੇ ਇਕ ਹਿੱਸਾ ਥਲ ਤੇ ਤਿੰਨ ਹਿੱਸੇ ਪਾਣੀ ਹੈ। ਇਸ ਦੇ ਦੁਆਲੇ ਹਵਾ ਦਾ ਗਿਲਾਫ਼ ਹੈ, ਜਿਸ ਵਿਚ ਬਹੁਤ ਸਾਰੀਆਂ ਗੈਸਾਂ ਹਨ।

**2. ਹੇਠ ਲਿਖੀਆਂ ਸਤਰਾਂ ਦਾ ਭਾਵ ਸਪਸ਼ਟ ਕਰੋ :**

**ੳ. ਲਾਟੂ ਵਾਂਗੂੰ ਧੁਰੀ ਦੁਆਲੇ,**
**ਰਹਾਂ ਘੁੰਮਦੀ ਆਪਣੀ ਚਾਲੇ।**
**ਘੁੰਮਣ ਕਾਰਨ ਦਿਨ ਤੇ ਰਾਤ,**
**ਵਾਰੋ-ਵਾਰੀ ਮਾਰਨ ਝਾਤ।**

**ਵਿਆਖਿਆ –** ਧਰਤੀ ਕਹਿੰਦੀ ਹੈ ਕਿ ਮੈਂ ਲਾਟੂ ਵਾਂਗ ਆਪਣੀ ਧੁਰੀ ਦੁਆਲੇ ਆਪਣੀ ਬੱਝੀ ਚਾਲ ਵਿਚ ਘੁੰਮਦੀ ਰਹਿੰਦੀ ਹਾਂ। ਮੇਰੇ ਘੁੰਮਣ ਨਾਲ ਹੀ ਵਾਰੋ-ਵਾਰੀ ਦਿਨ ਤੇ ਰਾਤ ਬਣਦੇ ਹਨ ।

**ਅ. ਇਹ ਹੈ ਮੇਰੀ ਕਥਾ-ਕਹਾਣੀ,**
**ਸੂਰਜ ਦੀ ਬੇਟੀ-ਰਾਣੀ।**
**ਆਖਣ ਲੋਕੀਂ ਧਰਤੀ-ਮਾਂ,**
**ਮੈਂ ਤਾਂ ਰੈਣ-ਬਸੇਰਾ ਹਾਂ।**

**ਵਿਆਖਿਆ –** ਧਰਤੀ ਕਹਿੰਦੀ ਹੈ ਕਿ ਮੇਰੀ ਸੰਪੂਰਨ ਕਹਾਣੀ ਇਹ ਹੈ ਕਿ ਮੈਂ ਸੂਰਜ ਦੀ ਪਿਆਰੀ ਧੀ ਹਾਂ। ਲੋਕ ਮੈਨੂੰ ਧਰਤੀ ਮਾਂ ਆਖਦੇ ਹਨ, ਪਰ ਮੈਂ ਉਨ੍ਹਾਂ ਦੀ ਥੋੜ੍ਹੇ ਚਿਰ ਲਈ ਰਹਿਣ ਦੀ ਥਾਂ ਹਾਂ ।

**3. ਔਖੇ ਸ਼ਬਦਾਂ ਦੇ ਅਰਥ :**

ਰੈਣ-ਬਸੇਰਾ : ਉਹ ਥਾਂ ਜਿੱਥੇ ਮੁਸਾਫ਼ਰ ਰਾਤ ਕੱਟਦੇ ਹਨ
ਧੁਰੀ : ਅਰੰਭ, ਮੁੱਢ
ਅਜਬ : ਹੈਰਾਨ ਕਰਨ ਵਾਲਾ, ਅਨੋਖਾ
ਕਾਇਦਾ : ਢੰਗ, ਨੇਮ, ਅਸੂਲ, ਰੀਤ, ਦਸਤੂਰ
ਵਾਯੂ : ਹਵਾ

**4. ਵਾਕਾਂ ਵਿੱਚ ਵਰਤੋਂ :**

**1. ਬੇਟੀ (ਧੀ)–** ਧਰਤੀ ਸੂਰਜ ਦੀ ਬੇਟੀ ਹੈ।
**2. ਥਲ (ਜ਼ਮੀਨ)–** ਭਾਰੀ ਮੀਂਹ ਪੈਣ ਨਾਲ ਧਰਤੀ ਉੱਤੇ ਜਲ-ਥਲ ਇੱਕ ਹੋ ਗਏ।
**3. ਰੈਣ-ਬਸੇਰਾ (ਰਾਤ ਰਹਿਣ ਦੀ ਥਾਂ)–** ਸਾਡੇ ਸ਼ਹਿਰ ਵਿਚ ਇੱਕ ਰੈਣ-ਬਸੇਰਾ ਹੈ।
**4. ਹੋਂਦ (ਬਣਨਾ)–** ਧਰਤੀ ਉੱਤੇ ਮਨੁੱਖ ਕਰੋੜਾਂ ਸਾਲ ਪਹਿਲਾਂ ਹੋਂਦ ਵਿਚ ਆਇਆ।
**5. ਅਜਬ (ਅਜੀਬ)–** ਧਰਤੀ ਦੇ ਸੂਰਜ ਤੋਂ ਵੱਖ ਹੋਣ ਦੀ ਕਹਾਣੀ ਵੀ ਅਜਬ ਹੈ।
**6. ਢੇਰੀ (ਤੋਲੀਆਂ ਜਾਂ ਮਿਣੀਆਂ ਜਾਣ ਵਾਲੀਆਂ ਵਸਤਾਂ ਦਾ ਇਕੱਠ)**- ਮੈਂ ਥੋੜ੍ਹੀ ਜਿਹੀ ਮਿੱਟੀ ਪੁੱਟ ਕੇ ਢੇਰੀ ਲਾ ਦਿੱਤੀ।
**7. ਸ਼ਕਲ (ਸੂਰਤ)–** ਦੋਹਾਂ ਭਰਾਵਾਂ ਦੀ ਸ਼ਕਲ ਆਪਸ ਵਿਚ ਮਿਲਦੀ ਹੈ।
**8. ਗੈਸ (ਹਵਾ ਦੇ ਅੰਸ਼)–** ਆਕਸੀਜਨ ਇਕ ਗੈਸ ਹੈ।
**9. ਆਖ਼ਰਕਾਰ (ਅੰਤ)–** ਸੂਰਜ ਨਾਲੋਂ ਟੁੱਟੀ ਧਰਤੀ ਆਖ਼ਰਕਾਰ ਠੰਢੀ ਹੋ ਗਈ।
**10. ਲਾਟੂ (ਘੁੰਮਣ ਵਾਲਾ ਖਿਡਾਉਣਾ)–** ਧਰਤੀ ਲਾਟੂ ਵਾਂਗ ਆਪਣੇ ਧੁਰੇ ਦੁਆਲੇ ਘੁੰਮਦੀ ਹੈ।
**11. ਵਾਯੂ (ਹਵਾ)–** ਧਰਤੀ ਦੇ ਦੁਆਲੇ ਵਾਯੂ ਦਾ ਗਿਲਾਫ਼ ਚੜ੍ਹਿਆ ਹੋਇਆ ਹੈ।

## ਪਾਠ–14
## ਸਾਂਝੀ ਮਾਂ (ਲੇਖਕ–ਗੁਲਜ਼ਾਰ ਸਿੰਘ ਸੰਧੂ)

**1. ਪ੍ਰਸ਼ਨ/ਉੱਤਰ**

**ਪ੍ਰਸ਼ਨ ੳ. ਸ਼ੁਰੂ ਵਿਚ ਪੰਜਾਬ ਕੌਰ ਨੂੰ ਕਿਸੇ ਪ੍ਰਕਾਰ ਦਾ ਭੈ ਕਿਉਂ ਨਹੀਂ ਸੀ?**
ਉੱਤਰ : ਸ਼ੁਰੂ ਵਿਚ ਪੰਜਾਬ ਕੌਰ ਨੂੰ ਕਿਸੇ ਪ੍ਰਕਾਰ ਦਾ ਭੈ ਇਸ ਕਰਕੇ ਨਹੀਂ ਸੀ ਕਿਉਂਕਿ ਉਦੋਂ ਲੜਾਈ ਉਸ ਤੋਂ ਬੜੀ ਦੂਰ ਜੰਮੂ-ਕਸ਼ਮੀਰ ਦੇ ਇਲਾਕੇ ਵਿਚ ਹੋ ਰਹੀ ਸੀ।

**ਪ੍ਰਸ਼ਨ ਅ. 'ਪੰਜਾਬ ਕੌਰ ਨੂੰ ਜਾਪਿਆ ਜਿਵੇਂ ਲੜਾਈ ਦੀ ਖ਼ਬਰ ਨੇ ਉਸ ਦੇ ਦਿਲ ਦਾ ਚੈਨ ਖੋਹ ਲਿਆ ਹੋਵੇ।' ਪੰਜਾਬ ਕੌਰ ਨੂੰ ਅਜਿਹਾ ਕਿਉਂ ਜਾਪਿਆ?**
ਉੱਤਰ : ਜਦੋਂ ਪਾਕਿਸਤਾਨ ਨੇ ਪੰਜਾਬ ਦੀਆਂ ਸਰਹੱਦਾਂ ਉੱਪਰ ਗੋਲੇ, ਗੋਲੀਆਂ ਤੇ ਬੰਬ ਵਰਸਾਉਣੇ ਸ਼ੁਰੂ ਕੀਤੇ, ਤਾਂ ਸਰਹੱਦ ਤੋਂ ਪੁੱਜੀਆਂ ਘਮਸਾਣ ਦੇ ਯੁੱਧ ਦੀਆਂ ਖ਼ਬਰਾਂ ਨੇ ਉਸ ਦੇ ਦਿਲ ਦਾ ਚੈਨ ਖੋਹ ਲਿਆ।

**ਪ੍ਰਸ਼ਨ ੲ. ਯੁੱਧ ਦੀ ਖ਼ਬਰ ਨੇ ਸਾਰੇ ਸ਼ਹਿਰੀਆਂ ਨੂੰ ਕਿਵੇਂ ਇੱਕ-ਮੁੱਠ ਕਰ ਦਿੱਤਾ?**
ਉੱਤਰ : ਭਾਰਤ-ਪਾਕਿਸਤਾਨ ਯੁੱਧ ਸਮੇਂ ਰੇਡੀਓ ਤੋਂ ਰਾਤ ਨੂੰ ਅੰਮ੍ਰਿਤਸਰ ਸ਼ਹਿਰ ਉੱਤੇ ਪਾਕਿਸਤਾਨੀ ਜਹਾਜ਼ਾਂ ਦੁਆਰਾ ਬੰਬਾਰੀ ਹੋਣ ਅਤੇ ਛਾਤਾਬਰਦਾਰਾਂ ਦੇ ਸਰਗਰਮ ਹੋਣ ਦੀਆਂ ਖ਼ਬਰਾਂ ਨੇ ਸਾਰੇ ਸ਼ਹਿਰੀਆਂ ਨੂੰ ਇੱਕ-ਮੁੱਠ ਕਰ ਦਿੱਤਾ ਸੀ ।

**ਪ੍ਰਸ਼ਨ ਸ. ਪੰਜਾਬ ਕੌਰ ਆਪਣੇ ਕਿਹੜੇ ਪੁੱਤਰਾਂ ਤੋਂ ਬਲਿਹਾਰ ਜਾਂਦੀ ਹੈ ਤੇ ਕਿਉਂ?**
ਉੱਤਰ : ਜ਼ਹਿਰੀਲੀ ਗੈਸ ਦਾ ਬੰਬ ਫਟਣ ਮਗਰੋਂ ਪੰਜਾਬ ਕੌਰ ਦਾ ਸਾਰਾ ਗੁਆਂਢ ਖ਼ਾਲੀ ਹੋ ਗਿਆ। ਪੰਜਾਬ ਕੌਰ ਦੇ ਸਾਥੀ ਹੁਣ ਕੇਵਲ ਨਾਲ ਦੇ ਖੇਤ ਵਿਚ ਲੱਗੀ ਤੋਪ ਵਾਲੇ ਤੋਪਚੀ ਹੀ ਸਨ।ਉਹ ਆਪਣੇ ਉਨ੍ਹਾਂ ਬਹਾਦਰ ਪੁੱਤਰਾਂ ਤੋਂ ਬਲਿਹਾਰ ਜਾਂਦੀ ਸੀ ।

**ਪ੍ਰਸ਼ਨ ਹ. ਪੰਜਾਬ ਕੌਰ ਨੇ ਘਰ ਛੱਡਣ ਦਾ ਫ਼ੈਸਲਾ ਕਿਉਂ ਕਰ ਲਿਆ ਸੀ?**
ਉੱਤਰ : ਜ਼ਹਿਰੀਲੀ ਗੈਸ ਦਾ ਬੰਬ ਫਟਣ ਮਗਰੋਂ ਪੰਜਾਬ ਕੌਰ ਦਾ ਸਾਰਾ ਗੁਆਂਢ ਖ਼ਾਲੀ ਹੋ ਗਿਆ। ਉਹ ਆਪਣੇ ਬੱਚਿਆਂ ਨੂੰ ਮਰਦੇ ਜਾਂ ਅਨੀਂਦਰੇ ਵਿਚ ਰਹਿੰਦੇ ਨਹੀਂ ਸੀ ਦੇਖ ਸਕਦੀ। ਇਸੇ ਫ਼ਿਕਰ ਕਰਕੇ ਉਸ ਨੇ ਘਰ ਛੱਡਣ ਦਾ ਫ਼ੈਸਲਾ ਕਰ ਲਿਆ ।

**ਪ੍ਰਸ਼ਨ ਕ. ਤੋਪਚੀਆਂ ਦੇ ਸਰਦਾਰ ਨੇ ਪੰਜਾਬ ਕੌਰ ਨੂੰ ਕੀ ਕਿਹਾ?**
ਉੱਤਰ : ਦੁਸ਼ਮਣ ਦੇ ਤੋਪਾਂ ਦੇ ਗੋਲਿਆਂ ਤੋਂ ਡਰ ਕੇ ਪਰਿਵਾਰ ਸਮੇਤ ਘਰ ਛੱਡਣ ਲਈ ਤਿਆਰ ਹੋਈ ਪੰਜਾਬ ਕੌਰ ਨੂੰ ਤੋਪਚੀਆਂ ਦੇ ਸਰਦਾਰ ਨੇ ਕਿਹਾ ਕਿ ਜਦੋਂ ਤੱਕ ਉਹ ਜਿਊਂਦੇ ਹਨ, ਉਨ੍ਹਾਂ ਦੀ 'ਵਾ' ਵੱਲ ਵੀ ਕੋਈ ਨਹੀਂ ਤੱਕ ਸਕਦਾ।

**ਪ੍ਰਸ਼ਨ ਖ. 'ਅੱਧਾ ਪਰਿਵਾਰ ਪਿੱਛੇ ਛੱਡ ਕੇ ਤੁਰ ਜਾਣਾ ਕਾਇਰਤਾ ਹੈ।' ਇਸ ਵਾਕ ਵਿਚ ਪੰਜਾਬ ਕੌਰ 'ਅੱਧਾ ਪਰਿਵਾਰ' ਕਿਸ ਨੂੰ ਕਹਿੰਦੀ ਹੈ ? ਉਹ ਕਿਹੜੀ ਗੱਲ ਨੂੰ ਕਾਇਰਤਾ ਮੰਨਦੀ ਹੈ ?**
ਉੱਤਰ : ਪੰਜਾਬ ਕੌਰ ਅੱਧਾ ਪਰਿਵਾਰ ਦੇਸ਼ ਦੀ ਰਾਖੀ ਕਰਨ ਵਾਲੇ ਤੋਪਚੀਆਂ ਨੂੰ ਕਹਿੰਦੀ ਹੈ। ਜਦੋਂ ਯੁੱਧ ਤੋਂ ਡਰ ਕੇ ਪਰਿਵਾਰ ਸਮੇਤ ਘਰ ਛੱਡਣ ਲਈ ਤਿਆਰ ਹੋਈ ਪੰਜਾਬ ਕੌਰ ਨੂੰ ਤੋਪਚੀਆਂ ਦੇ ਸਰਦਾਰ ਨੇ ਹੌਂਸਲਾਂ ਦਿੱਤਾ, ਤਾਂ ਉਸਨੂੰ ਘਰ ਛੱਡਣਾ ਕਾਇਰਤਾ ਲੱਗਾ।

**2. ਔਖੇ ਸ਼ਬਦਾਂ ਦੇ ਅਰਥ :**

ਨਿਤਾਪ੍ਰਤੀ : ਰੋਜ਼ਾਨਾ, ਹਰ ਰੋਜ਼
ਚਾਂਦਮਾਰੀ : ਨਿਸ਼ਾਨੇ ਉੱਤੇ ਗੋਲ਼ੀ ਮਾਰਨ ਦਾ ਅਭਿਆਸ, ਨਿਸ਼ਾਨੇਬਾਜ਼ੀ
ਵਿਘਨ : ਰੋਕ, ਰੁਕਾਵਟ
ਬਲੈਕ-ਆਊਟ : ਹਵਾਈ ਹਮਲੇ ਆਦਿ ਦੇ ਖੇਤਰ 'ਤੇ ਸ਼ਹਿਰ ਵਿਚ ਬੱਤੀਆਂ ਬੁਝਾ ਕੇ ਹਨੇਰਾ ਕਰਨ ਦੀ ਕਿਰਿਆ
ਹਰਿਆਈ : ਹਰਿਆਵਲ
ਅਉਧ : ਉਮਰ,ਮਿਆਦ
ਪੈਂਡਾ : ਫ਼ਾਸਲਾ, ਦੂਰੀ, ਵਿੱਥ, ਰਸਤਾ
ਕਾਇਰਤਾ : ਬੁਜ਼ਦਿਲੀ

**3. ਹੇਠ ਲਿਖੇ ਸ਼ਬਦਾਂ ਦੀ ਵਾਕਾਂ ਵਿਚ ਵਰਤੋਂ ਕਰੋ :**

1. **ਚੈਨ ਖੋਹ ਲੈਣਾ (ਸ਼ਾਂਤੀ ਖ਼ਤਮ ਕਰ ਦੇਣਾ)–** ਯੁੱਧ ਦੀ ਖ਼ਬਰਾਂ ਨੇ ਪੰਜਾਬ ਕੌਰ ਦੇ ਦਿਲ ਦਾ ਚੈਨ ਖੋਹ ਲਿਆ।
2. **ਗੁੱਥਮ-ਗੁੱਥਾ ਹੋਣਾ (ਲੜ ਪੈਣਾ)–** ਅੱਜ ਮੈਂ ਸੜਕ 'ਤੇ ਦੋ ਬੱਸ ਡਰਾਇਵਰਾਂ ਨੂੰ ਗੁੱਥਮ-ਗੁੱਥਾ ਹੁੰਦੇ ਦੇਖਿਆ।
3. **ਇਕ ਮੁੱਠ ਕਰ ਦੇਣਾ (ਏਕਤਾ ਕਰ ਦੇਣੀ )–** ਯੁੱਧ ਸ਼ੁਰੂ ਹੋਣ ਦੀਆਂ ਖ਼ਬਰਾਂ ਨੇ ਸਾਰੇ ਸ਼ਹਿਰ ਵਾਸੀਆਂ ਨੂੰ ਇੱਕ-ਮੁੱਠ ਕਰ ਦਿੱਤਾ ਸੀ।
4. **ਛਾਤਾ-ਬਰਦਾਰ (ਪੈਰਾਸ਼ੂਟ ਨਾਲ ਹੇਠਾਂ ਉਤਰਨ ਵਾਲੇ)–** ਰੇਡੀਓ 'ਤੇ ਪਾਕਿਸਤਾਨੀ ਛਾਤਾਬਰਦਾਰਾਂ ਦੇ ਸਰਗਰਮ ਹੋਣ ਦੀਆਂ ਖ਼ਬਰਾਂ ਲਗਾਤਾਰ ਆ ਰਹੀਆਂ ਸਨ।

5. **ਧਰਵਾਸ (ਹੌਂਸਲਾ)–** ਤੋਪਚੀਆਂ ਦੇ ਸਰਦਾਰ ਨੇ ਪੰਜਾਬ ਕੌਰ ਨੂੰ ਉਸ ਦੇ ਪਰਿਵਾਰ ਦੀ ਰਾਖੀ ਕਰਨ ਦਾ ਧਰਵਾਸ ਦਿੱਤਾ।
6. **ਦਿਲ ਭਰ ਆਉਣਾ (ਰੋਣ ਆ ਜਾਣਾ)–** ਗੁਆਂਢ ਵਿਚ ਨੌਜਵਾਨ ਮੁੰਡੇ ਦੀ ਮੌਤ ਦੀ ਖ਼ਬਰ ਸੁਣ ਕੇ ਸਭ ਦਾ ਦਿਲ ਭਰ ਆਇਆ।
7. **'ਵਾ ਵਲ ਨਾ ਤੱਕ ਸਕਣਾ (ਕੋਈ ਨੁਕਸਾਨ ਨਾ ਪੁਚਾ ਸਕਣਾ)–** ਪੰਜਾਬ ਕੌਰ ਨੂੰ ਤੋਪਚੀਆਂ ਦੇ ਸਰਦਾਰ ਨੇ ਕਿਹਾ ਕਿ ਜਦੋਂ ਤੱਕ ਉਹ ਜਿਊਂਦੇ ਹਨ, ਉਨ੍ਹਾਂ ਦੀ 'ਵਾਂ ਵੱਲ ਵੀ ਕੋਈ ਨਹੀਂ ਤੱਕ ਸਕਦਾ।
8. **ਬਾਂਹ ਫੜਨਾ (ਸਹਾਰਾ ਦੇਣਾ)–** ਸਾਨੂੰ ਬੇਸਹਾਰਾ ਲੋਕਾਂ ਦੀ ਬਾਂਹ ਫੜਨੀ ਚਾਹੀਦੀ ਹੈ।

**4. ਹੇਠ ਲਿਖੇ ਪੈਰੇ ਵਿੱਚੋਂ ਕਿਰਿਆ-ਵਿਸ਼ੇਸ਼ਣ ਸ਼ਬਦਾਂ ਹੇਠ ਲਕੀਰ ਲਾਓ ਅਤੇ ਉਸ ਦੀ ਕਿਸਮ ਵੀ ਦੱਸੋ :**

ਦਰਵਾਜ਼ੇ **ਅੱਗੇ** ਫਟੇ ਬੰਬ ਦਾ ਡਰ ਉਸ ਦੇ ਮਨੋਂ **ਨਾ** ਲੱਥਾ। ਇਸ ਦੀ ਭਾਫ਼ ਬੜੀ ਜ਼ਹਿਰੀਲੀ ਹੁੰਦੀ ਹੈ, ਉਸ ਨੇ ਸੁਣਿਆ ਸੀ। ਇਸ ਵਿੱਚ ਠੋਸ ਪਦਾਰਥ **ਇੰਝ** ਭੁੰਨੇ ਜਾਂਦੇ ਹਨ, **ਜਿਵੇਂ** ਉੱਬਲਦੇ ਤੇਲ ਵਿੱਚ ਮੱਛੀ। ਉਹ ਆਪਣੇ ਬੱਚਿਆਂ ਨੂੰ **ਕਿਵੇਂ** ਮੱਛੀ ਵਾਂਗ ਭੁਨੀਂਦੇ ਦੇਖ ਸਕਦੀ ਸੀ ? ਉਸ ਦੀ ਆਪਣੀ ਅਉਧ ਬੀਤ ਚੁੱਕੀ ਸੀ। ਉਸ ਨੂੰ ਬੱਚਿਆਂ ਦੀ ਅਉਧ ਖ਼ਰਾਬ ਕਰਨ ਦਾ ਕੀ ਹੱਕ ਸੀ?

- **ਸਥਾਨ-ਵਾਚਕ ਕਿਰਿਆ ਵਿਸ਼ੇਸ਼ਣ :** ਅੱਗੇ।
- **ਪ੍ਰਕਾਰ-ਵਾਚਕ ਕਿਰਿਆ ਵਿਸ਼ੇਸ਼ਣ :** ਇੰਝ, ਜਿਵੇਂ, ਕਿਵੇਂ।
- **ਨਿਰਨਾ-ਵਾਚਕ ਕਿਰਿਆ ਵਿਸ਼ੇਸ਼ਣ :** ਨਾ।

## ਆਪਣੇ ਪਿੰਡ ਦੇ ਸਰਪੰਚ ਨੂੰ ਮੁਹੱਲੇ ਦੀ ਸਫ਼ਾਈ ਅਤੇ ਗੰਦੇ ਪਾਣੀ ਦੇ ਪ੍ਰਬੰਧ ਨੂੰ ਸੁਧਾਰਨ ਲਈ ਪੱਤਰ ਲਿਖੋ।

ਸੇਵਾ ਵਿਖੇ

ਸਰਪੰਚ,
ਗ੍ਰਾਮ ਪੰਚਾਇਤ,
ਪਿੰਡ ……………।

**ਵਿਸ਼ਾ :** ਮੁਹੱਲੇ ਦੀ ਸਫ਼ਾਈ ਅਤੇ ਗੰਦੇ ਪਾਣੀ ਦੇ ਪ੍ਰਬੰਧ ਨੂੰ ਸੁਧਾਰਨ ਸੰਬੰਧੀ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਆਪ ਜੀ ਦਾ ਧਿਆਨ ਪਿੰਡ ਦੀ ਫਿਰਨੀ ਅਤੇ ਗਲੀਆਂ ਵੱਲ ਦਿਵਾਉਣਾ ਚਾਹੁੰਦਾ ਹਾਂ। ਫਿਰਨੀ 'ਤੇ ਸੜਕ ਦੇ ਦੋਵੇਂ ਪਾਸੇ ਗੰਦਗੀ ਦੇ ਢੇਰ ਲੱਗੇ ਰਹਿੰਦੇ ਹਨ ਜਿਸ ਕਰਕੇ ਹਮੇਸ਼ਾਂ ਬਿਮਾਰੀਆਂ ਫੈਲਣ ਦਾ ਡਰ ਬਣਿਆ ਰਹਿੰਦਾ ਹੈ। ਕੁੱਤੇ, ਬਿੱਲੀਆਂ, ਸੂਰ ਤੇ ਹੋਰ ਅਵਾਰਾ ਪਸ਼ੂ ਇਹਨਾਂ ਗੰਦਗੀ ਦੇ ਢੇਰਾਂ ਨੂੰ ਫਰੋਲਦੇ ਰਹਿੰਦੇ ਹਨ, ਜਿਸ ਕਾਰਨ ਸੜਕ 'ਤੇ ਵੀ ਕੂੜਾਕਰਕਟ ਖਿੱਲਰ ਜਾਦਾ ਹੈ। ਗੰਦੇ ਪਾਣੀ ਦੇ ਨਿਕਾਸ ਲਈ ਵੀ ਉੱਚਿਤ ਪ੍ਰਬੰਧ ਨਹੀਂ ਹੈ, ਜਿਸ ਕਾਰਨ ਬਰਸਾਤ ਦੇ ਦਿਨਾਂ ਵਿਚ ਗੰਦਾ ਪਾਣੀ ਸੜਕਾਂ ਅਤੇ ਗਲੀਆਂ ਵਿਚ ਭਰ ਜਾਂਦਾ ਹੈ।

ਸੋ ਮੈਂ ਆਪਣੇ ਪਿੰਡ ਵਾਸੀਆਂ ਵਲੋਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਛੇਤੀ ਤੋਂ ਛੇਤੀ ਕੂੜਾ ਚੁਕਾਉਣ ਦਾ ਉਪਰਾਲਾ ਕੀਤਾ ਜਾਵੇ। ਕੂੜਾ ਸੁੱਟਣ ਲਈ ਵੱਡੇ-ਵੱਡੇ ਢੱਕਣਦਾਰ ਢੋਲ ਰਖਵਾਉਣ ਦੀ ਕਿਰਪਾਲਤਾ ਕੀਤੀ ਜਾਵੇ ਜੀ। ਗੰਦੇ ਪਾਣੀ ਦੇ ਨਿਕਾਸ ਲਈ ਨਾਲੀਆਂ ਨੂੰ ਸਾਫ਼ ਕਰਵਾਇਆ ਜਾਵੇ ਤਾਂ ਜੋ ਇਲਾਕਾ-ਨਿਵਾਸੀ ਘਾਤਕ ਬਿਮਾਰੀਆਂ ਤੋਂ ਬਚੇ ਰਹਿਣ।

ਧੰਨਵਾਦ ਸਹਿਤ।
ਆਪ ਦਾ ਵਿਸ਼ਵਾਸਪਾਤਰ,

………………,
ਮਿਤੀ … ਮਈ, 2020 ਪਿੰਡ …………।

## ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਸੰਬੰਧੀ ਸਕੂਲ ਮੁਖੀ ਨੂੰ ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ,
ਸਰਕਾਰੀ ………… ਸਕੂਲ,
……………………,
ਜ਼ਿਲ੍ਹਾ ……………।

**ਵਿਸ਼ਾ :** ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਸੰਬੰਧੀ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੇਰੇ ਪਿਤਾ ਜੀ ਸਰਕਾਰੀ ਨੌਕਰੀ ਕਰਦੇ ਹਨ। ਹੁਣ ਉਹਨਾਂ ਦੀ ਅਚਾਨਕ ਲੁਧਿਆਣਾ ਵਿਖੇ ਬਦਲੀ ਹੋ ਗਈ ਹੈ। ਮੇਰਾ ਸਾਰਾ ਪਰਿਵਾਰ ਉਹਨਾਂ ਨਾਲ਼ ਜਾਣ ਕਰਕੇ ਮੇਰਾ ਜਾਣਾ ਵੀ ਜ਼ਰੂਰੀ ਹੈ। ਇਸ ਕਰ ਕੇ ਮੇਰਾ ਆਪ ਦੇ ਸਕੂਲ ਵਿਚ ਪੜ੍ਹਾਈ ਜਾਰੀ ਰੱਖਣਾ ਮੁਸ਼ਕਿਲ ਹੈ।

ਕਿਰਪਾ ਕਰ ਕੇ ਮੇਰਾ ਸਕੂਲ ਛੱਡਣ ਦਾ ਸਰਟੀਫਿਕੇਟ ਜਾਰੀ ਕੀਤਾ ਜਾਵੇ ਤਾਂ ਜੋ ਮੈਂ ਉਹਨਾਂ ਨਾਲ਼ ਲੁਧਿਆਂਣੇ ਜਾ ਕੇ ਆਪਣੀ ਪੜ੍ਹਾਈ ਸ਼ੁਰੂ ਕਰ ਸਕਾਂ। ਮੈਂ ਆਪ ਜੀ ਦਾ ਧੰਨਵਾਦੀ ਹੋਵਾਂਗਾ।

ਆਪ ਦਾ ਆਗਿਆਕਾਰ,

………………,
ਜਮਾਤ …………,
ਮਿਤੀ … ਜੁਲਾਈ, 2020 ਰੋਲ ਨੰਬਰ………।

## ਡਾਕ-ਪ੍ਰਬੰਧ ਸੁਧਾਰਨ ਲਈ ਪੋਸਟ ਮਾਸਟਰ ਨੂੰ ਪੱਤਰ ਲਿਖੋ।

ਸੇਵਾ ਵਿਖੇ

ਪੋਸਟ ਮਾਸਟਰ ਸਾਹਿਬ,
ਜਨਰਲ ਪੋਸਟ ਆਫ਼ਿਸ,
………………।

**ਵਿਸ਼ਾ :** ਡਾਕ-ਪ੍ਰਬੰਧ ਸੁਧਾਰਨ ਸੰਬੰਧੀ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਅਨੁਸਾਰ ਮੈਂ ਆਪਣੇ ਮੁਹੱਲੇ ਦੇ ਡਾਕੀਏ ਰਾਮਪਾਲ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਉਹ ਨੌਕਰੀ ਪ੍ਰਤੀ ਬਹੁਤ ਲਾਪਰਵਾਹ ਹੈ। ਉਹ ਕਦੇ ਕਿਸੇ ਦੀ ਡਾਕ ਸਮੇਂ ਸਿਰ ਨਹੀਂ ਵੰਡਦਾ। ਕਈ ਵਾਰ ਉਹ ਚਿੱਠੀਆਂ ਗ਼ਲਤ ਪਤੇ 'ਤੇ ਸੁੱਟ ਜਾਂਦਾ ਹੈ, ਜਿਸ ਨਾਲ਼ ਲੋਕਾਂ ਨੂੰ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨ ਪੈਂਦਾ ਹੈ। ਪਿਛਲੇ ਹਫਤੇ ਮੇਰੇ ਭਰਾ ਦੀ ਨੌਕਰੀ ਦੀ ਇੰਟਰਵਿਊ ਦੀ ਚਿੱਠੀ ਉਹ 4 ਦਿਨ ਲੇਟ ਦੇ ਕੇ ਗਿਆ। ਜਿਸ ਕਾਰਨ ਮੇਰਾ ਭਰਾ ਇੰਟਰਵਿਊ ਨਹੀਂ ਦੇ ਸਕਿਆ। ਇਸ ਤਰ੍ਹਾਂ ਕਈ ਲੋਕਾਂ ਨੂੰ ਡਾਕੀਏ ਕਾਰਨ ਦਿੱਕਤ ਪੇਸ਼ ਆ ਰਹੀ ਹੈ। ਮੈਂ ਉਮੀਦ ਕਰਦਾ ਹਾਂ ਕਿ ਆਪ ਡਾਕੀਏ ਨੂੰ ਤਾੜਨਾ ਕਰੋਗੇ ਕਿ ਉਹ ਅੱਗੇ ਤੋਂ ਆਪਣੀ ਨੌਕਰੀ ਜ਼ਿੰਮੇਵਾਰੀ ਨਾਲ਼ ਨਿਭਾਵੇ।

ਧੰਨਵਾਦ ਸਹਿਤ।
ਆਪ ਦਾ ਵਿਸ਼ਵਾਸਪਾਤਰ,
………………,
ਮਿਤੀ … ਜੁਲਾਈ, 2020 …………।

## ਸ਼ਹੀਦ ਭਗਤ ਸਿੰਘ

**ਜਾਣ-ਪਛਾਣ–** ਭਾਰਤ ਦਾ ਇਤਿਹਾਸ ਦੇਸ਼-ਭਗਤਾਂ ਦੀਆਂ ਕੁਰਬਾਨੀਆਂ ਨਾਲ਼ ਭਰਪੂਰ ਹੈ। ਦੇਸ਼ ਨੂੰ ਅੰਗਰੇਜ਼ਾ ਤੋਂ ਅਜ਼ਾਦ ਕਰਾਉਣ ਲਈ ਦੇਸ਼-ਭਗਤਾਂ ਨੇ ਲੰਮਾ ਘੋਲ਼ ਕੀਤਾ। ਸ. ਭਗਤ ਸਿੰਘ ਉਹਨਾਂ ਸੂਰਮਿਆਂ ਵਿਚੋਂ ਇੱਕ ਸੀ। ਉਹਨਾਂ ਵਰਗੀ ਦ੍ਰਿੜਤਾ, ਬਹਾਦਰੀ, ਨਿਡਰਤਾ, ਉੱਚੀ ਸ਼ਖਸੀਅਤ, ਦੇਸ਼ ਪਿਆਰ ਅਤੇ ਕੁਰਬਾਨੀ ਦੇ ਜਜ਼ਬੇ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਵਿਰਲੀ ਹੀ ਮਿਲਦੀ ਹੈ।

**ਜਨਮ –** ਉਹਨਾਂ ਦਾ ਜਨਮ 1907 ਵਿਚ ਸ. ਕਿਸ਼ਨ ਸਿੰਘ ਦੇ ਘਰ ਮਾਤਾ ਵਿਦਿਆਵਤੀ ਦੀ ਕੁੱਖੋਂ, ਪਿੰਡ ਬੰਗਾ (ਜ਼ਿਲ੍ਹਾ ਲਾਇਲਪੁਰ, ਪਾਕਿਸਤਾਨ) ਵਿਚ ਹੋਇਆ। ਪ੍ਰਸਿੱਧ ਇਨਕਲਾਬੀ ਸ. ਅਜੀਤ ਸਿੰਘ ਉਹਨਾਂ ਦੇ ਚਾਚਾ ਜੀ ਸਨ।

**ਸਿੱਖਿਆ –** ਉਹਨਾਂ ਨੇ ਮੁੱਢਲੀ ਵਿੱਦਿਆ ਖਟਕੜ ਕਲਾਂ ਵਿਚ ਰਹਿ ਕੇ ਪ੍ਰਾਪਤ ਕੀਤੀ। ਬਚਪਨ ਵਿਚ ਕਰਤਾਰ ਸਿੰਘ ਸਰਾਭਾ ਦੀ ਫਾਂਸੀ ਚੜ੍ਹਨ ਦੀ ਘਟਨਾ ਨੇ ਉਹਨਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਪ੍ਰਾਇਮਰੀ ਤੋਂ ਬਾਅਦ ਡੀ.ਏ.ਵੀ ਕਾਲਜ ਲਾਹੌਰ ਤੇ ਬਾਅਦ ਵਿਚ ਨੈਸ਼ਨਲ ਕਾਲਜ ਲਾਹੌਰ ਤੋਂ ਉਹਨਾਂ ਸਿੱਖਿਆ ਪ੍ਰਾਪਤ ਕੀਤੀ।

**ਨੌਜਵਾਨ ਸਭਾ ਦਾ ਸੰਗਠਨ –** 1925 ਵਿਚ ਭਗਤ ਸਿੰਘ, ਸੁਖਦੇਵ ਸਿੰਘ, ਭਗਵਤੀ ਚਰਨ ਆਦਿ ਨੇ ਨੌਜਵਾਨ ਸਭਾ ਬਣਾਈ ਤੇ ਅੰਗਰੇਜ਼ਾਂ ਵਿਰੁੱਧ ਲੜਾਈ ਆਰੰਭ ਕੀਤੀ।

**ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਦਾ ਅਸਰ –** ਬਚਪਨ ਵਿਚ ਹੀ ਜਲ੍ਹਿਆਂ ਵਾਲ਼ੇ ਬਾਗ਼ ਦੀ ਘਟਨਾ ਨੇ ਉਸ ਦੇ ਮਨ ਵਿਚ ਅੰਗਰੇਜ਼ੀ ਰਾਜ ਪ੍ਰਤੀ ਨਫ਼ਰਤ ਪੈਦਾ ਕਰ ਦਿੱਤੀ। ਜੋ ਉਸ ਦੀ ਉਮਰ ਨਾਲ਼ ਵੱਧਦੀ ਗਈ।

**ਲਾਲਾ ਲਾਜਪਤ ਰਾਏ ਨੂੰ ਮਾਰਨ ਦੀ ਘਟਨਾ –** 1928 ਨੂੰ ਸਾਈਮਨ ਕਮਿਸ਼ਨ ਦੇ ਲਾਹੌਰ ਆਉਣ 'ਤੇ ਦੇਸ਼-ਭਗਤਾਂ ਨੇ ਉਸ ਦੇ ਵਿਰੋਧ ਵਿਚ ਜਲੂਸ ਕੱਢਿਆ। ਇੱਥੇ ਅੰਗਰੇਜ਼ ਅਫਸਰ ਸਾਂਡਰਸ ਵਲੋਂ ਲਾਠੀਚਾਰਜ਼ ਕਾਰਨ ਲਾਲਾ ਜੀ ਦੀ ਮੌਤ ਨੇ ਦੇਸ਼ ਵਿਚ ਰੋਹ ਜਗਾ ਦਿੱਤਾ।

**ਸਾਂਡਰਸ ਨੂੰ ਮਾਰਨਾ –** ਲਾਲਾ ਜੀ ਮੌਤ ਦਾ ਬਦਲਾ ਭਗਤ ਸਿੰਘ, ਚੰਦਰ ਸ਼ੇਖਰ ਅਜ਼ਾਦ ਅਤੇ ਰਾਜਗੁਰੂ ਨੇ ਸਾਂਡਰਸ ਨੂੰ ਗੋਲੀ ਮਾਰ ਕੇ ਲਿਆ।

**ਅਸੈਂਬਲੀ ਹਾਲ ਵਿਚ ਬੰਬ ਸੁੱਟਣਾ –** ਸੁੱਤੀ ਅੰਗਰੇਜ਼ ਸਰਕਾਰ ਨੂੰ ਜਗਾਉਣ ਲਈ ਭਗਤ ਸਿੰਘ ਨੇ ਬੀ.ਕੇ. ਦੱਤ ਨਾਲ਼ ਮਿਲ ਕੇ 8 ਅਪ੍ਰੈਲ, 1929 ਨੂੰ ਅਸੈਂਬਲੀ ਹਾਲ ਵਿਚ ਦੋ ਬੰਬ ਸੁੱਟੇ। ਲੋਕਾਂ ਵਿਚ ਜਾਗ੍ਰਿਤੀ ਲਿਆਉਣ ਲਈ ਉਹਨਾਂ ਨੇ 'ਇਨਕਾਲ ਜ਼ਿੰਦਾਬਾਦ' ਤੇ 'ਸਾਮਰਾਜਵਾਦ ਮੁਰਦਾਬਾਦ' ਦੇ ਨਾਅਰੇ ਲਾ ਕੇ ਗ੍ਰਿਫਤਾਰੀ ਦਿੱਤੀ।

**ਫਾਂਸੀ ਦੀ ਸਜ਼ਾ –** ਭਗਤ ਸਿੰਘ ਤੇ ਉਸ ਦੇ ਸਾਥੀਆਂ 'ਤੇ ਮੁਕੱਦਮੇ ਚਲਾ ਕੇ ਉਹਨਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ। ਸਾਂਡਰਸ ਦੇ ਕਤਲ ਲਈ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਲੋਕਾਂ ਦੇ ਜੋਸ਼ ਨੂੰ ਦੇਖਦਿਆਂ ਸਰਕਾਰ ਨੇ 23 ਮਾਰਚ, 1931 ਈ: ਨੂੰ ਰਾਤ ਵੇਲ਼ੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਦੇ ਦਿੱਤੀ। ਤਿੰਨਾਂ ਸ਼ਹੀਦਾਂ ਦੀਆਂ ਲਾਸ਼ਾਂ ਤੇਲ ਪਾ ਕੇ ਸਾੜ ਦਿੱਤੀਆਂ ਤੇ ਅੱਧਸੜੀਆਂ ਲਾਸ਼ਾਂ ਦਰਿਆ ਸਤਲੁਜ ਵਿਚ ਰੋੜ੍ਹ ਦਿੱਤੀਆਂ।

**ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।**
**ਦੇਖਨਾ ਹੈ ਜੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ।**

## ਪ੍ਰਦੂਸ਼ਣ ਦੀ ਸਮੱਸਿਆ

ਪ੍ਰਦੂਸ਼ਣ ਤੋਂ ਭਾਵ ਹੈ ਸਾਡਾ ਕੁਦਰਤੀ ਵਾਤਾਵਰਨ ਸਾਡੇ ਰਹਿਣਯੋਗ ਨਾ ਹੋਣਾ। ਮਨੁੱਖ ਦੀ ਆਧੁਨਿਕ ਦੁਨੀਆਂ ਦੀ ਚਾਹਤ ਅਤੇ ਲਾਪਰਵਾਹੀ ਕਾਰਨ ਪ੍ਰਦੂਸ਼ਣ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪ੍ਰਦੂਸ਼ਣ ਕਾਰਨ ਸਾਡੇ ਆਲੇ-ਦੁਆਲੇ ਅਨੇਕਾ ਨਵੀਂਆਂ ਬਿਮਾਰੀਆਂ ਤੇ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਚਾਰ ਪ੍ਰਕਾਰ ਦਾ ਪ੍ਰਦੂਸ਼ਣ ਧਰਤੀ 'ਤੇ ਰਹਿਣ ਵਾਲ਼ੇ ਜੀਵਾਂ ਲਈ ਖ਼ਤਰਨਾਕ ਹੈ।

**ਪਾਣੀ ਪ੍ਰਦੂਸ਼ਣ :** ਪਾਣੀ ਜੀਵਨ ਦਾ ਅਧਾਰ ਹੈ। ਪਰ ਅਜੋਕੇ ਮਨੁੱਖ ਵਲੋਂ ਕਾਰਖ਼ਾਨਿਆਂ, ਸੀਵਰੇਜ, ਘਰਾਂ ਦਾ ਗੰਦ ਦਰਿਆਂਵਾਂ, ਨਾਲ਼ਿਆਂ ਵਿਚ ਸੁੱਟ ਕੇ ਪੀਣਯੋਗ ਪਾਣੀ ਨੂੰ ਦੂਸ਼ਿਤ ਕਰ ਦਿੱਤਾ ਹੈ। ਪੋਲੀਥੀਨ ਦੀ ਵਰਤੋਂ ਨੇ ਵੀ ਪਾਣੀ ਪ੍ਰਦੂਸ਼ਣ ਕਾਰਨ ਪਾਣੀ ਵਿਚ ਰਹਿਣ ਵਾਲ਼ੇ ਜੀਵਾਂ ਲਈ ਖ਼ਤਰਾ ਪੈਦਾ ਕਰ ਦਿੱਤਾ ਹੈ। ਪਾਣੀ ਪ੍ਰਦੂਸ਼ਣ ਕਰਕੇ ਪੇਟ ਦੀਆਂ ਬਿਮਾਰੀਆਂ ਹੈਜ਼ਾ, ਮਲੇਰੀਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

**ਹਵਾ ਪ੍ਰਦੂਸ਼ਣ :** ਜੀਵਾਂ ਦੇ ਸਾਹ ਲੈਣ ਲਈ ਸ਼ੁੱਧ ਹਵਾ ਸਭ ਤੋਂ ਜ਼ਰੂਰੀ ਹੈ। ਪਰ ਕੋਲੇ, ਭਾਫ਼, ਡੀਜ਼ਲ ਅਤੇ ਪੈਟਰੋਲ ਨਾਲ ਚੱਲਣ ਵਾਲੇ ਇੰਜਣਾਂ ਨੇ ਉਦਯੋਗੀਕਰਨ ਦੀ ਤਰੱਕੀ ਦੇ ਨਾਲ਼ ਪ੍ਰਦੂਸ਼ਣ ਵਿਚ ਅਸੀਮ ਵਾਧਾ ਕੀਤਾ ਹੈ। ਕਾਰਖ਼ਾਨਿਆਂ ਦੀਆਂ ਚਿਮਨੀਆਂ ਚੋਂ ਨਿਕਲਣ ਵਾਲ਼ੇ ਧੂੰਏ ਨੇ ਹਵਾ ਵਿਚ ਸਲਫਰ, ਕਾਰਬਨ, ਨਾਈਟ੍ਰੋਜਨ ਆਦਿ ਤੱਤਾਂ ਵਿਚ ਵਾਧਾ ਕਰ ਕੇ ਹਵਾ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ।

**ਭੂਮੀ ਪ੍ਰਦੂਸ਼ਣ :** ਖੇਤੀ ਦੀ ਉਪਜ ਨੂੰ ਵਧਾਉਣ ਲਈ ਲੋੜੋਂ ਵੱਧ ਰਸਾਇਣਿਕ ਖਾਦਾਂ ਦੀ ਵਰਤੋਂ ਹੋ ਰਹੀ ਹੈ। ਇਸ ਨਾਲ ਧਰਤੀ ਤੋਂ ਪੈਦਾ ਅੰਨ ਤੇ ਸਬਜ਼ੀਆਂ ਆਦਿ ਰਾਹੀਂ ਖਾਦਾਂ ਦਾ ਜ਼ਹਿਰ ਮਨੁੱਖਾਂ ਦੇ ਅੰਦਰ ਜਾ ਰਿਹਾ ਹੈ। ਕਾਰਖ਼ਾਨਿਆਂ ਅਤੇ ਘਰਾਂ ਦਾ ਕੂੜਾ-ਕਰਕਟ ਵੀ ਭੂਮੀ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ।ਭੂਮੀ ਪ੍ਰਦੂਸ਼ਣ ਕਰਕੇ ਚਮੜੀ ਦੇ ਰੋਗ ਫੈਲ ਰਹੇ ਹਨ। ਅਜਿਹੀ ਸਥਿਤੀ ਵਿੱਚ ਧਰਤੀ 'ਤੇ ਜੀਵਨ ਅਸੰਭਵ ਹੈ ।

**ਧੁਨੀ ਪ੍ਰਦੂਸ਼ਣ :** ਆਵਾਜਾਈ ਦੇ ਸਾਧਨ, ਕਾਰਖ਼ਾਨੇ, ਜਰਨੇਟਰ, ਲਾਊਡ ਸਪੀਕਰ, ਬੰਬ ਵਿਸਫ਼ੋਟ ਲਗਾਤਾਰ ਧੁਨੀ-ਪ੍ਰਦੂਸ਼ਣ ਵਿਚ ਵਾਧਾ ਕਰ ਰਹੇ ਹਨ। ਜਿਸ ਨਾਲ਼ ਮਨੁੱਖ ਦੀ ਸ਼ਾਂਤੀ ਭੰਗ ਹੋ ਰਹੀ ਹੈ। ਬਲੱਡਪ੍ਰੈਸ਼ਰ, ਸਿਰ ਦਰਦ, ਚਿੜਚੜਾਪਣ, ਬੋਲਾਪਣ, ਨੀਂਦ ਨਾ ਆਉਣਾ ਆਦਿ ਕਈ ਤਰ੍ਹਾਂ ਦੇ ਰੋਗਾਂ ਵਿਚ ਵਾਧਾ ਹੋ ਰਿਹਾ ਹੈ। ਮਨੁੱਖ ਨੇ ਸਵਰਗ ਵਰਗੀ ਧਰਤੀ 'ਤੇ ਜਿਉਂਦੇ ਜੀਅ ਨਰਕ ਪੈਦਾ ਕਰ ਲਿਆ ਹੈ।

**ਸੁਝਾਅ :**

1. ਅਬਾਦੀ ਤੇ ਕੰਟਰੋਲ ਕਰਨਾ।
2. ਵੱਧ ਤੋਂ ਵੱਧ ਰੁੱਖ ਲਗਾਉਣੇ।
3. ਪਾਲੀਥੀਨ ਦੀ ਵਰਤੋਂ ਬੰਦ ਕਰਨੀ।
4. ਡੰਗਰਾਂ ਦੇ ਮਲ-ਮੂਤਰ, ਕੂੜਾ-ਕਰਕਟ, ਫ਼ਾਲਤੂ ਉਦਯੋਗਿਕ ਪਦਾਰਥਾਂ ਨੂੰ ਠੀਕ ਤਰ੍ਹਾਂ ਨਾਲ ਸੰਭਾਲਣਾ।
5. ਜ਼ਹਿਰੀਲੀਆਂ ਗੈਸਾਂ ਪੈਦਾ ਕਰਨ ਵਾਲੇ ਕਾਰਖ਼ਾਨਿਆਂ ਨੂੰ ਬੰਦ ਕਰਨਾ।
6. ਆਮ ਲੋਕਾਂ ਨੂੰ ਪ੍ਰਦੂਸ਼ਣ ਦੇ ਮਾਰੂ ਖ਼ਤਰਿਆਂ ਤੋਂ ਜਾਣੂ ਕਰਵਾਉਣਾ।

7. ਪ੍ਰਦੂਸ਼ਣ ਸਬੰਧੀ ਪਾਸ ਕੀਤੇ ਗਏ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ। ਪ੍ਰਦੂਸ਼ਣ ਵਰਗੀ ਸਮੱਸਿਆ ਵੱਲ ਸਮੇਂ ਸਿਰ ਉਚੇਚਾ ਧਿਆਨ ਨਾ ਦਿੱਤਾ ਗਿਆ ਤਾਂ ਉਸ ਦੇ ਬਹੁਤ ਹੀ ਭਿਆਨਕ ਸਿੱਟੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ ।

## ਪੰਦਰਾਂ ਅਗਸਤ

**ਸੁਤੰਤਰਤਾ ਦਾ ਜ਼ਰੂਰਤ –** ਚੰਗੀ ਜ਼ਿੰਦਗੀ ਲਈ ਸੁਤੰਤਰਤਾ ਮਨੁੱਖ ਲਈ ਓਨੀ ਹੀ ਜ਼ਰੂਰੀ ਹੈ ਜਿੰਨਾ ਜਿਉਂਦੇ ਰਹਿਣ ਲਈ ਸਾਹ ਲੈਣਾ। ਕੋਈ ਵਿਅਕਤੀ ਉਦੋਂ ਹੀ ਬੋਲਣ, ਸੁਣਨ, ਘੁੰਮਣ ਆਦਿ ਸੁਤੰਰਤਾ ਦਾ ਆਨੰਦ ਮਾਣ ਸਕਦਾ ਹੈ ਜਦੋਂ ਉਹ ਸੁਤੰਤਰ ਦੇਸ਼ ਦਾ ਵਾਸੀ ਹੋਵੇ। ਗ਼ੁਲਾਮੀ ਦੇ ਜੀਵਨ ਨਾਲੋਂ ਮੌਤ ਚੰਗੀ ਹੁੰਦੀ ਹੈ।

**ਵਿਦੇਸ਼ੀ ਪਠਾਣਾ ਤੇ ਮੁਗ਼ਲਾਂ ਵਿਰੁੱਧ ਸੰਘਰਸ਼ –** ਲਗਪਗ 1000 ਸਾਲ ਵੱਖ-ਵੱਖ ਸਮਿਆਂ 'ਤੇ ਵਿਦੇਸ਼ੀਆਂ ਨੇ ਭਾਰਤ ਨੂੰ ਗ਼ੁਲਾਮ ਬਣਾਇਆ ਤੇ ਲੁੱਟਿਆ। ਸਮੇਂ-ਸਮੇਂ ਦੇਸ਼ ਭਰ ਵਿਚ ਵਿਦੇਸ਼ੀ ਹਮਲਾਵਰਾਂ ਦੇ ਅਨਿਆਂ ਵਿਰੁੱਧ ਭਾਰਤੀਆਂ ਵਲੋਂ ਹਥਿਆਰਬੰਦ ਸੰਘਰਸ਼ ਚਲਦੇ ਰਹੇ ਹਨ। ਵਿਦੇਸ਼ੀ ਪਠਾਣਾਂ ਤੇ ਮੁਗ਼ਲਾਂ ਦੀ ਗੁਲਾਮੀ ਵਿਰੁੱਧ ਰਾਣਾ ਪ੍ਰਤਾਪ , ਸ਼ਿਵਾ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਨੂੰ ਨਹੀਂ ਭੁੱਲਿਆ ਜਾ ਸਕਦਾ ਹੈ?

**ਅੰਗਰੇਜ਼ਾਂ ਵਿਰੁੱਧ ਸੰਘਰਸ਼ –** ਭਾਰਤ ਦੇ ਲੋਕਾਂ ਨੇ ਗੁਲਾਮੀ ਦੇ ਦੁੱਖ ਨੂੰ ਬਹੁਤਾ ਅੰਗਰੇਜਓਿ ਰਾਜ ਵਿਚ ਹੀ ਮਹਿਸੂਸ ਕੀਤਾ। ਸਮੁੱਚੇ ਭਾਰਤ ਵਿਚੋਂ ਉੱਠੇ ਦੇਸ਼-ਭਗਤਾਂ ਨੇ ਅੰਗਰੇਜ਼ੀ ਰਾਜ ਨੂੰ ਖ਼ਤਮ ਕਰਨ ਤੇ ਸੁਤੰਤਰਤਾ ਪ੍ਰਾਪਤੀ ਲਈ ਕੁਰਬਾਨੀਆਂ ਦਿੱਤੀਆਂ। ਅਜ਼ਾਦੀ ਦੀ ਲੜ੍ਹਾਈ ਵਿਚ ਨਾਮਧਾਰੀ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਗ਼ਦਰ ਲਹਿਰ, ਕਾਂਗਰਸ ਪਾਰਟੀ, ਬੱਬਰ ਅਕਾਲੀ ਲਹਿਰ, ਨੌਜਵਾਨ ਭਾਰਤ ਸਭਾ, ਅਜ਼ਾਦ ਹਿੰਦ ਫ਼ੌਜ ਆਦਿ ਵਿਚ ਹਿੱਸਾ ਲੈ ਰਹੇ ਨੌਜਵਾਨਾਂ ਨੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ। ਕਰਤਾਰ ਸਿੰਘ ਸਰਾਭਾ, ਸ : ਅਜੀਤ ਸਿੰਘ, ਗੰਗਾਧਰ ਤਿਲਕ, ਸ਼ਹੀਦ ਭਗਤ ਸਿੰਘ, ਮਹਾਤਮਾ ਗਾਂਧੀ, ਲਾਲਾ ਲਾਜਪਤ ਰਾਏ, ਜਵਾਹਰ ਲਾਲ ਨਹਿਰੂ ਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਆਦਿ ਅਜ਼ਾਦੀ ਦੀ ਲਹਿਰ ਦੇ ਪ੍ਰਸਿੱਧ ਆਗੂ ਹੋਏ ਹਨ।

**ਅਜ਼ਾਦੀ ਦੀ ਪ੍ਰਾਪਤੀ –** ਅੰਤ ਦੇਸ਼-ਭਗਤਾਂ ਦੀਆਂ ਸ਼ਹੀਦੀਆਂ ਤੇ ਕੁਰਬਾਨੀਆਂ ਅੱਗੇ ਝੁਕਦੇ 15 ਅਗਸਤ, 1947 ਈ: ਨੂੰ ਅੰਗਰੇਜ਼ ਭਾਰਤ ਛੱਡ ਕੇ ਚਲੇ ਗਏ ਤੇ ਭਾਰਤ ਵਿਚ ਅਜ਼ਾਦੀ ਦੀਆਂ ਸੁਨਹਿਰੀ ਕਿਰਨਾਂ ਖਿਲਾਰਦਾ ਸੂਰਜ ਨਿਕਲ ਆਇਆ।

**ਸੁਤੰਤਰਤਾ ਦਿਵਸ ਦੇ ਸਮਾਰੋਹ –** 15 ਅਗਸਤ ਦਾ ਦਿਨ ਸਮੁੱਚੇ ਭਾਰਤ-ਵਾਸੀਆਂ ਲਈ ਗੌਰਵ ਭਰਿਆ ਦਿਨ ਹੈ। ਹਰ ਸਾਲ ਭਾਰਤਵਾਸੀ ਇਸ ਦਿਨ ਨੂੰ ਇਕ ਤਿਉਹਾਰ ਵਾਂਗ ਮਨਾਉਂਦੇ ਹਨ। ਇਸ ਦਿਨ ਸਵੇਰੇ ਦੇਸ਼ ਦੇ ਪ੍ਰਧਾਨ ਮੰਤਰੀ ਲਾਲ ਕਿਲ੍ਹੇ ਉੱਪਰ ਤਿਰੰਗਾ ਝੰਡਾ ਝੁਲਾਉਂਦੇ ਹਨ। ਉਹ ਅਜ਼ਾਦੀ ਦੇ ਯੋਧਿਆਂ ਨੂੰ ਸ਼ਰਧਾਂਜਲੀਆਂ ਭੇਟਾ ਕਰਦੇ ਹੋਏ ਕੌਮ ਦੇ ਨਾਂ ਸੰਦੇਸ਼ ਪ੍ਰਸਾਰਿਤ ਕਰਦੇ ਹਨ। ਦੇਸ਼ ਦੀਆਂ ਸੈਨਾਵਾਂ ਪਰੇਡ ਕਰਦੀਆਂ ਹਨ ਤੇ ਭਾਰਤ ਦੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਸਕੂਲੀ ਬੱਚੇ ਵੀ ਪਰੇਡ ਕਰਦੇ ਤੇ ਝਾਕੀਆਂ ਕੱਢਦੇ ਹਨ। ਰਾਸ਼ਟਰੀ ਗੀਤ ਗਾਇਆ ਜਾਂਦਾ ਹੈ।। ਸਾਰੇ ਦੇਸ਼ ਵਾਸੀ ਟੈਲੀਵਿਜ਼ਨ ਉੱਪਰ ਇਸ ਪ੍ਰੋਗਰਾਮ ਨੂੰ ਦੇਖਦੇ ਹਨ। ਦੇਸ਼ ਦੀ ਰਾਜਧਾਨੀ ਤੋਂ ਇਲਾਵਾ ਦੇਸ਼ ਭਰ ਵਿਚ ਭਿੰਨ-ਭਿੰਨ ਥਾਵਾਂ ਉੱਤੇ ਇਸ ਦਿਨ ਨੂੰ ਮਨਾਇਆ ਜਾਂਦਾ ਹੈ। ਰਾਜਾਂ ਦੇ ਮੁੱਖ ਮੰਤਰੀ, ਦੂਸਰੇ ਮੰਤਰੀ ਤੇ ਜ਼ਿਲ੍ਹਾ ਅਧਿਕਾਰੀ ਭਿੰਨ-ਭਿੰਨ ਮਿੱਥੇ ਥਾਂਵਾਂ ਉੱਪਰ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਦੇ ਹਨ।

**ਦੇਸ਼ ਪ੍ਰਤੀ ਸਾਡਾ ਫ਼ਰਜ਼ –** ਭਾਰਤੀਆਂ ਨੂੰ ਇਹ ਦਿਨ ਬੇਅੰਤ ਕੁਰਬਾਨੀਆਂ ਤੇ ਸੈਂਕੜੇ ਸ਼ਹੀਦੀਆਂ ਪਿੱਛੋਂ ਪ੍ਰਾਪਤ ਹੋਇਆ ਹੈ। ਅੱਜ ਸਾਡਾ ਕਰਤੱਵ ਹੈ ਕਿ ਅਸੀਂ ਭਾਰਤ ਦੀ ਅਜ਼ਾਦੀ ਨੂੰ ਕਾਇਮ ਰੱਖਣ ਲਈ ਆਪਣਾ ਤਨ, ਮਨ ਤੇ ਧਨ ਕੁਰਬਾਨ ਕਰਨ ਲਈ ਤਿਆਰ ਰਹੀਏ ਤੇ ਇੱਥੇ ਪਸਰ ਰਹੇ ਭ੍ਰਿਸ਼ਟਾਚਾਰ ਤੇ ਕੱਟੜਵਾਦ ਵਿਰੋਧ ਕਰੀਏ।

## ਪਾਠ – 15 ਰਬਿੰਦਰ ਨਾਥ ਟੈਗੋਰ

**ਸਾਹਿਤ ਰੂਪ – ਜੀਵਨੀ　　　　ਲੇਖਕ – ਰਵਿੰਦਰ ਕੌਰ**

**ਪ੍ਰਸ਼ਨ (ੳ) ਸਾਡਾ ਰਾਸ਼ਟਰੀ ਗੀਤ ਕਿਹੜਾ ਹੈ ਅਤੇ ਇਸ ਦਾ ਲੇਖਕ ਕੌਣ ਹੈ?**

ਉੱਤਰ: ਸਾਡਾ ਰਾਸ਼ਟਰੀ ਗੀਤ 'ਜਨ-ਗਣ-ਮਨ' ਹੈ ਅਤੇ ਇਸ ਦਾ ਲੇਖਕ ਰਬਿੰਦਰ ਨਾਥ ਟੈਗੋਰ ਹੈ।

**ਪ੍ਰਸ਼ਨ (ਅ) ਰਬਿੰਦਰ ਨਾਥ ਟੈਗੋਰ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?ਉਨ੍ਹਾਂ ਦਾ ਬਚਪਨ ਕਿਵੇਂ ਬੀਤਿਆ?**

ਉੱਤਰ: ਰਬਿੰਦਰ ਨਾਥ ਟੈਗੋਰ ਦਾ ਜਨਮ ਬਹੁਤ ਅਮੀਰ ਘਰਾਣੇ ਵਿੱਚ 7 ਮਈ 1861 ਈ. ਵਿੱਚ ਕੋਲਕਾਤਾ ਵਿਖੇ ਹੋਇਆ। ਉਨ੍ਹਾਂ ਦਾ ਪਾਲਣ-ਪੋਸ਼ਣ ਇੱਕ ਰਾਜਕੁਮਾਰਾਂ ਵਾਂਗ ਹੋਇਆ।ਰਾਜਮਹੱਲ ਵਰਗੇ ਘਰ ਵਿੱਚ ਉਨ੍ਹਾਂ ਦਾ ਬਚਪਨ ਬੀਤਿਆ।

**ਪ੍ਰਸ਼ਨ (ੲ) ਰਬਿੰਦਰ ਨਾਥ ਟੈਗੋਰ ਨੇ ਕਿਵੇਂ ਅਤੇ ਕਿੱਥੋਂ ਵਿੱਦਿਆ ਪ੍ਰਾਪਤ ਕੀਤੀ?**

ਉੱਤਰ: ਸਕੂਲ ਵਿੱਚ ਦਿਲ ਨਾ ਲੱਗਣ ਕਾਰਨ ਉਨ੍ਹਾਂ ਦੇ ਮਾਤਾ-ਪਿਤਾ ਨੇ ਉਨ੍ਹਾ ਦੀ ਪੜ੍ਹਾਈ ਦਾ ਪ੍ਰਬੰਧ ਘਰ ਵਿੱਚ ਹੀ ਕਰ ਦਿੱਤਾ ਪਰ ਉਨ੍ਹਾਂ ਨੇ ਆਪਣੀ ਸਕੂਲੀ ਵਿੱਦਿਆ ਆਪਣੇ ਪਿਤਾ ਦੇ ਨਾਲ ਸੈਰਸਪਾਟਿਆਂ ਵਿੱਚ ਕੁਦਰਤ ਦੇ ਅੰਗ-ਸੰਗ ਰਹਿੰਦਿਆਂ ਪੂਰੀ ਕੀਤੀ।ਉਹ ਪੜ੍ਹਨ ਲਈ ਇੰਗਲੈਂਡ ਵੀ ਗਏ ਪਰ ਛੇਤੀ ਹੀ ਭਾਰਤ ਪਰਤ ਆਏ।

**ਪ੍ਰਸ਼ਨ (ਸ) ਰਬਿੰਦਰ ਨਾਥ ਟੈਗੋਰ ਆਪਣੇ ਪਿਤਾ ਨਾਲ ਪੰਜਾਬ ਕਦੋਂ ਆਏ? ਇੱਥੋਂ ਦੇ ਮਾਹੌਲ ਦਾ ਉਨ੍ਹਾਂ ਦੇ ਮਨ 'ਤੇ ਕਿਹੋ – ਜਿਹਾ ਪ੍ਰਭਾਵ ਪਿਆ?**

ਉੱਤਰ: ਗਿਆਰਾਂ ਸਾਲ ਦੀ ਉਮਰ ਵਿੱਚ ਆਪਣੇ ਪਿਤਾ ਜੀ ਨਾਲ ਤੀਰਥ ਅਸਥਾਨਾਂ ਦੀ ਸੈਰ ਕਰਦੇ ਹੋਏ ਪੰਜਾਬ ਅੰਮ੍ਰਿਤਸਰ ਆਏ।ਇੱਥੇ ਹਰਿਮੰਦਰ ਸਾਹਿਬ ਦੇ ਪਵਿੱਤਰ ਵਾਤਾਵਰਣ ਦਾ ਉਨ੍ਹਾਂ ਦੇ ਮਨ ਤੇ ਬਹੁਤ ਅਸਰ ਹੋਇਆ।ਓਹ ਕਿੰਨਾ ਚਿਰ ਮੰਤਰ-ਮੁਗਧ ਹੋ ਕੇ ਕੀਰਤਨ ਸੁਣਦੇ ਰਹੇ।

**ਪ੍ਰਸ਼ਨ (ਹ) ਟੈਗੋਰ ਨੇ ਆਪਣੀਆਂ ਰਚਨਾਵਾਂ ਕਿਹੜੀ ਭਾਸ਼ਾ ਵਿੱਚ ਲਿਖੀਆਂ?ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ ਦੇ ਨਾਂ ਲਿਖੋ।**

ਉੱਤਰ: ਟੈਗੋਰ ਨੇ ਆਪਣੀਆਂ ਰਚਨਾਵਾਂ ਬੰਗਲਾ ਭਾਸ਼ਾ ਵਿੱਚ ਲਿਖੀਆਂ।ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ ਨਾਵਲ 'ਗੋਰਾ' ਅਤੇ 'ਨੌਕਾ ਡੁਬੀ' ਨਾਟਕ-ਚਿਤ੍ਰਾਂਗਦਾ, ਕਹਾਣੀਆਂ 'ਕਾਬਲੀਵਾਲ਼ਾ', 'ਪੋਸਟਮਾਸਟਰ' ਅਤੇ 'ਹਾਰ-ਜਿੱਤ' ਬਹੁਤ ਹੀ ਪ੍ਰਸਿੱਧ ਹਨ।ਕਵਿਤਾਵਾਂ ਦੀ ਪੁਸਤਕ 'ਗੀਤਾਂਜਲੀ' ਲਈ ਉਨ੍ਹਾਂ ਨੂੰ ਸੰਸਾਰ ਦਾ ਸਭ ਤੋਂ ਵੱਡਾ ਸਾਹਿਤਕ ਇਨਾਮ 'ਨੋਬਲ ਪੁਰਸਕਾਰ' ਮਿਲਿਆ।

**ਪ੍ਰਸ਼ਨ (ਕ) ਟੈਗੋਰ ਦੀ ਸਭ ਤੋਂ ਵੱਧ ਪ੍ਰਸਿੱਧ ਰਚਨਾ ਕਿਹੜੀ ਹੈ?ਇਸ ਲਈ ਉਨ੍ਹਾਂ ਨੂੰ ਕਿਹੜਾ ਇਨਾਮ, ਕਦੋਂ ਮਿਲਿਆ ਸੀ?**

ਉੱਤਰ: ਕਾਵਿ-ਪੁਸਤਕ 'ਗੀਤਾਂਜਲੀ' ਟੈਗੋਰ ਦੀ ਸਭ ਤੋਂ ਵੱਧ ਪ੍ਰਸਿੱਧ ਰਚਨਾ ਹੈ।ਇਸ ਰਚਨਾ ਲਈ ਉਨ੍ਹਾਂ ਨੂੰ 1913 ਈ. ਵਿੱਚ ਸੰਸਾਰ ਦਾ ਸਭ ਤੋਂ ਵੱਡਾ ਸਾਹਿਤਕ ਇਨਾਮ 'ਨੋਬਲ ਪੁਰਸਕਾਰ' ਮਿਲਿਆ।

**ਪ੍ਰਸ਼ਨ (ਖ) ਸ਼ਾਂਤੀ ਨਿਕੇਤਨ ਬਾਰੇ ਤੁਸੀਂ ਕੀ ਜਾਣਦੇ ਹੋ?**

ਉੱਤਰ: ਇੱਕ ਵਧੀਆ ਅਧਿਆਪਕ ਹੋਣ ਦੇ ਨਾਤੇ ਟੈਗੋਰ ਜੀ ਚਾਹੁੰਦੇ ਸਨ ਕਿ ਬੱਚੇ ਖੁੱਲ੍ਹੇ-ਡੁਲ੍ਹੇ ਮਾਹੌਲ ਵਿੱਚ ਪੜ੍ਹਾਈ ਕਰਨ।ਇਸ ਮੰਤਵ ਦੀ ਪੂਰਤੀ ਲਈ ਟੈਗੋਰ ਜੀ ਨੇ 'ਸ਼ਾਂਤੀ ਨਿਕੇਤਨ' ਨਾਂ ਦੀ ਪਾਠਸ਼ਾਲਾ ਬਣਾਈ । ਇਸ ਪਾਠਸ਼ਾਲਾ ਵਿੱਚ ਕਮਰੇ ਨਹੀਂ ਸਨ।ਵਿਦਿਆਰਥੀ ਰੁੱਖਾਂ ਹੇਠ ਬੈਠ ਕੇ ਪੜ੍ਹਦੇ ਸਨ।ਇੱਥੇ ਸਾਹਿਤ, ਕਲਾ, ਸੰਗੀਤ, ਚਿੱਤਰਕਾਰੀ ਅਤੇ ਭਾਰਤੀ ਸੱਭਿਆਚਾਰ ਦੀ ਸਿੱਖਿਆ ਦਿੱਤੀ ਜਾਂਦੀ ਸੀ।ਇੱਥੇ ਵਿਦਿਆਰਥੀਆਂ ਨੂੰ ਹੋਰ ਵੀ ਜੀਵਨਜਾਚ ਦੇ ਗੁਰ ਸਮਝਾਏ ਜਾਂਦੇ ਸਨ।ਹੁਣ ਇਹ ਸੰਸਥਾ 'ਵਿਸ਼ਵ ਭਾਰਤੀ' ਨਾਂ ਦੀ ਯੂਨੀਵਰਸਿਟੀ ਬਣ ਗਈ ਹੈ।

**ਪ੍ਰਸ਼ਨ (ਗ) ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਦਾ ਟੈਗੋਰ ਦੇ ਮਨ 'ਤੇ ਕੀ ਅਸਰ ਹੋਇਆ?**
ਉੱਤਰ: ਜਲ੍ਹਿਆਂ ਵਾਲੇ ਬਾਗ਼ ਦੀ ਖ਼ੂਨੀ ਘਟਨਾ ਦਾ ਟੈਗੋਰ ਦੇ ਮਨ 'ਤੇ ਗਹਿਰਾ ਅਸਰ ਹੋਇਆ।ਇਸ ਖ਼ੂਨੀ ਘਟਨਾ ਦੇ ਰੋਸ ਵੱਜੋਂ ਟੈਗੋਰ ਜੀ ਨੇ 1913 ਈ. ਵਿੱਚ ਅੰਗਰੇਜ਼ ਸਰਕਾਰ ਵੱਲੋਂ ਦਿੱਤਾ ਗਿਆ 'ਸਰ' ਨਾਂ ਦਾ ਖ਼ਿਤਾਬ ਵਾਪਸ ਕਰ ਦਿੱਤਾ।ਅਜਿਹਾ ਕਰਕੇ ਉਨ੍ਹਾਂ ਨੇ ਦੇਸ-ਪ੍ਰੇਮ ਦੀ ਮਿਸਾਲ ਪੇਸ਼ ਕੀਤੀ।

**2. ਔਖੇ ਸ਼ਬਦਾਂ ਦੇ ਅਰਥ:**

ਤੀਰਥ-ਅਸਥਾਨ – ਪਵਿੱਤਰ ਧਰਮ-ਅਸਥਾਨ ਜਿੱਥੇ ਧਾਰਮਿਕ ਭਾਵਨਾ ਨਾਲ਼ ਲੋਕ ਪੂਜਾ, ਇਸ਼ਨਾਨ ਅਤੇ ਉਪਾਸਨਾ ਲਈ ਜਾਂਦੇ ਹਨ।
ਵਾਤਾਵਰਨ – ਆਲ਼ਾ-ਦੁਆਲਾ, ਚੁਗਿਰਦਾ, ਮਾਹੌਲ
ਵਿਭਿੰਨ- ਵੱਖ-ਵੱਖ, ਅੱਡੋ-ਅੱਡ
ਗੁਰ – ਨਿਯਮ, ਢੰਗ, ਤਰੀਕੇ
ਸੰਸਥਾ – ਸਭਾ, ਸੁਸਾਇਟੀ
ਸੰਗੀ – ਸਾਥੀ, ਮੇਲੀ
ਗਹਿਰਾ – ਡੂੰਘਾ, ਗੂੜ੍ਹਾ
ਕੋਮਲ – ਨਰਮ, ਕੂਲ਼ਾ, ਨਾਜ਼ਕ
ਖ਼ਿਤਾਬ – ਉਪਾਧੀ, ਪਦਵੀ
ਵਿਗਸ ਰਹੇ – ਵਧ-ਫੁੱਲ ਰਹੇ, ਤਰੱਕੀ ਕਰ ਰਹੇ

**3. ਵਾਕਾਂ ਵਿੱਚ ਵਰਤੋ:**

 ਪਾਲਣ-ਪੋਸ਼ਣ (ਪਰਵਰਿਸ਼) ਟੈਗੋਰ ਜੀ ਦਾ ਪਾਲਣ-ਪੋਸ਼ਣ ਰਾਜਕੁਮਾਰਾਂ ਵਾਂਗ ਹੋਇਆ।
 ਵਿਓਂਤ (ਸਕੀਮ) ਉਹ ਹਰ ਰੋਜ਼ ਸਕੂਲ ਨਾ ਜਾਣ ਦੀ ਕੋਈ ਨਾ ਕੋਈ ਵਿਓਂਤ ਬਣਾ ਲੈਂਦੇ ਸਨ।
 ਸੈਰ-ਸਪਾਟਾ (ਘੁੰਮਣਾ-ਫ਼ਿਰਨਾ) ਉਹ ਸੈਰ ਸਪਾਟੇ ਲਈ ਪੰਜਾਬ ਆਏ ।
 ਮਨ ਮੋਹ ਲੈਣਾ(ਮਨ ਨੂੰ ਚੰਗਾ ਲੱਗਣਾ) ਪੰਜਾਬ ਦੇ ਵਾਤਾਵਰਨ ਨੇ ਟੈਗੋਰ ਜੀ ਦਾ ਮਨ ਮੋਹ ਲਿਆ।
 ਰਮਣੀਕ (ਸੁੰਦਰ) ਸ੍ਰੀ ਹਰਿਮੰਦਰ ਸਾਹਿਬ ਜੀ ਬਹੁਤ ਹੀ ਰਮਣੀਕ ਸਥਾਨ ਹੈ।
 ਅਗੰ-ਸੰਗ (ਨਾਲ਼-ਨਾਲ਼) ਟੈਗੋਰ ਜੀ ਹਮੇਸ਼ਾ ਕੁਦਰਤ ਦੇ ਅੰਗ-ਸੰਗ ਰਹੇ।
 ਅਨੁਵਾਦ (ਤਰਜ਼ਮਾ, ਨਕਲ) ਗੀਤਾਂਜਲੀ ਰਚਨਾ ਦਾ ਅਨੁਵਾਦ ਕਈ ਭਾਸ਼ਾਵਾਂ ਵਿੱਚ ਹੋ ਚੁੱਕਾ ਹੈ।
 ਜੀਵਨ-ਜਾਚ (ਜੀਵਨ ਜਿਉਣ ਦਾ ਢੰਗ) ਸ਼ਾਂਤੀ ਨਿਕੇਤਨ ਵਿੱਚ ਜੀਵਨ-ਜਾਚ ਦੇ ਗੁਰ ਸਿਖਾਏ ਜਾਂਦੇ ਸਨ।

**ਵਿਸਰਾਮ ਚਿੰਨ੍ਹ ਕੀ ਹੁੰਦਾ ਹੈ?**
ਲਿਖਦੇ ਸਮੇਂ ਜੋ ਉਤਰਾਅ, ਚੜ੍ਹਾਅ ਤੇ ਠਹਿਰਾਅ ਆਉਂਦੇ ਹਨ, ਉਹਨਾਂ ਨੂੰ ਪ੍ਰਗਟ ਕਰਨ ਲਈ ਜੋ ਚਿੰਨ੍ਹ ਵਰਤੇ ਜਾਂਦੇ ਹਨ ਉਨ੍ਹਾਂ ਨੂੰ ਵਿਸਰਾਮ ਚਿੰਨ੍ਹ ਕਿਹਾ ਜਾਂਦਾ ਹੈ।

**ਵਿਸਰਾਮ ਚਿੰਨ੍ਹਾਂ ਦੇ ਨਾਮ ਤੇ ਚਿੰਨ੍ਹ**

1. ਡੰਡੀ (।)
2. ਪ੍ਰਸ਼ਨ-ਚਿੰਨ੍ਹ (?)
3. ਵਿਸਮਿਕ-ਚਿੰਨ੍ਹ (!)
4. ਕਾਮਾ (,)
5. ਬਿੰਦੀ-ਕਾਮਾ (;)
6. ਪੁੱਠੇ-ਕਾਮੇ (" ")
7. ਦੁਬਿੰਦੀ (:)
8. ਜੋੜਨੀ (-)
9. ਬ੍ਰੈਕਟ ( )
10. ਡੈਸ਼ (–)
11. ਬਿੰਦੀ (•)
12. ਛੁੱਟ-ਮਰੋੜੀ (')
13. ਦੁਬਿੰਦੀ ਡੈਸ਼ (:-)

**ਜਮਾਤ – ਅੱਠਵੀਂ ਪਾਠ – 16 ਗੁਲਾਬ ਦੀ ਫ਼ਸਲ**

**ਸਾਹਿਤ ਰੂਪ – ਕਵਿਤਾ ਲੇਖਕ – ਹਰਿਭਜਨ ਸਿੰਘ ਹੁੰਦਲ**

**ਪ੍ਰਸ਼ਨ ੳ.ਇਸ ਕਵਿਤਾ ਵਿੱਚ ਕੁਝ ਜ਼ਾਲਮਾਂ ਦਾ ਜ਼ਿਕਰ ਆਇਆ ਹੈ,ਜਿਨ੍ਹਾਂ ਨੂੰ ਆਖ਼ਰ ਵਿੱਚ ਆਪਣੇ ਕੀਤੇ ਦੀ ਸਜ਼ਾ ਭੁਗਤਣੀ ਪਈ,ਇਨ੍ਹਾਂ ਬਾਰੇ ਸੰਖੇਪ ਵਿੱਚ ਦੱਸੋ।**
ਉੱਤਰ: ਮੀਰ ਮੰਨੂੰ – ਇਹ ਲਾਹੌਰ ਦਾ ਸੂਬੇਦਾਰ ਸੀ।ਇਸ ਨੇ ਸਿੱਖਾਂ ਦਾ ਕਤਲੇਆਮ ਕੀਤਾ।ਸਿੱਖਾਂ ਦੇ ਸਿਰ ਵੱਢਕੇ ਲਿਆਉਣ ਵਾਲੇ ਨੂੰ ਇਨਾਮ ਦਿੰਦਾ ਸੀ ਪਰ ਫੇਰ ਵੀ ਸਿੱਖ ਨਿਰਾਸ਼ ਨਹੀਂ ਹੋਏ ਅੰਗਿਆਰਾਂ ਦੀ ਅੱਗ ਵਾਂਗ ਟਾਕਰਾ ਕਰਦੇ ਰਹੇ।
ਮੁਗ਼ਲ ਦਰਬਾਰ – ਜਹਾਂਗੀਰ ਤੋਂ ਲੈ ਕੇ ਬਾਦ ਤੱਕ ਜਿੰਨੇ ਵੀ ਬਾਦਸ਼ਾਹ ਹੋਏ ਸਭ ਨੇ ਸਿੱਖਾਂ ਉੱਤੇ ਅਣਮਨੁੱਖੀ ਜ਼ੁਲਮ ਕੀਤੇ ਪਰ ਅੰਤ ਸਿੱਖਾਂ ਨੇ ਉਨ੍ਹਾਂ ਦਾ ਖੁਰਾ-ਖੋਜ ਮਿੱਟਾ ਦਿੱਤਾ।

**ਪ੍ਰਸ਼ਨ ਅ. ਕਵਿਤਾ ਦੀਆਂ ਕਿਹੜੀਆਂ ਤੁਕਾਂ ਹਨ ਜਿਨ੍ਹਾਂ ਵਿੱਚ ਅਤਿ ਦੇ ਜ਼ੁਲਮ ਸਹਿੰਦੇ ਹੋਏ ਵੀ ਅਡੋਲ ਤੇ ਸ਼ਾਂਤ ਰਹਿਣ ਦੀ ਅਵਸਥਾ ਦਾ ਵਰਨਨ ਹੈ?**
ਉੱਤਰ:(ੳ)ਤੱਤੀ ਤਵੀ 'ਤੇ ਬੈਠ,ਅਡੋਲ ਰਹੀਏ, ਆਰੇ ਹੇਠ ਵੀ ਜ਼ਿੰਦਗੀ ਮਾਣਦੇ ਹਾਂ ।
(ਅ) ਜਾ ਕੇ ਪੁੱਛ ਲਓ ਕੰਧ ਸਰਹਿੰਦ ਦੀ ਨੂੰ, ਬਾਲ ਚਿਣੇ ਹੋਏ ਕਿੱਦਾਂ ਹੱਸਦੇ ਨੇ।
(ੲ) ਮੀਰ ਮੰਨੂੰ ਨੇ ਵਾਢੀਆਂ ਲੱਖ ਪਾਈਆਂ, ਅਸੀਂ ਫੇਰ ਵੀ ਖਿੜੇ ਗੁਲਜ਼ਾਰ ਵਾਂਗੂੰ ।
(ਸ) ਬੰਦ-ਬੰਦ ਵੀ ਕੱਟ ਕੇ ਵੇਖ ਚੁੱਕੇ, ਫੁੱਲ ਮਹਿਕਣੇ ਜ਼ਰਾ ਨਾ ਬੰਦ ਹੋਏ।
(ਸ) ਚਾੜ੍ਹ ਚਰਖੜੀ ਪਰਖਦੇ ਯੋਧਿਆਂ ਨੂੰ, ਸਾਡੇ ਕੱਦ ਸੀ ਹੋਰ ਬੁਲੰਦ ਹੋਏ।
(ਹ) ਟੋਟੇ ਜਿਗਰ ਦੇ ਸਾਹਮਣੇ ਕਰਨ ਟੋਟੇ, ਮਾਵਾਂ ਡੱਕਰੇ ਝੋਲੀ ਪਵਾਉਂਦੀਆਂ ਨੇ।

**ਪ੍ਰਸ਼ਨ ੲ.ਲਕੀਰੇ ਸ਼ਬਦ ਕਿਹੜੇ-ਕਿਹੜੇ ਸ਼ਹੀਦਾਂ ਦੀ ਯਾਦ ਦਿਵਾਉਂਦੇ ਹਨ?**

**1. ਸੀਸ ਤਲੀ 'ਤੇ ਰੱਖਣਾ ਜਾਣਦੇ ਹਾਂ।**
ਉੱਤਰ: ਬਾਬਾ ਦੀਪ ਸਿੰਘ

**2. ਤੱਤੀ ਤਵੀ 'ਤੇ ਬੈਠ ਅਡੋਲ ਰਹੀਏ।**
ਉੱਤਰ: ਗੁਰੂ ਅਰਜਨ ਦੇਵ ਜੀ

**3. ਆਰੇ ਹੇਠ ਵੀ ਜ਼ਿੰਦਗੀ ਮਾਣਦੇ ਹਾਂ।**
ਉੱਤਰ: ਭਾਈ ਮਤੀ ਦਾਸ ਜੀ।

**4. ਜਾ ਕੇ ਪੁੱਛ ਲਓ ਕੰਧ ਸਰਹਿੰਦ ਦੀ ਨੂੰ,**
ਉੱਤਰ: ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ।

**5. ਬੰਦ –ਬੰਦ ਵੀ ਕੱਟ ਕੇ ਵੇਖ ਚੁੱਕੇ।**
ਉੱਤਰ: ਭਾਈ ਮਨੀ ਸਿੰਘ

**ਪ੍ਰਸ਼ਨ 3. ਔਖੇ ਸ਼ਬਦਾਂ ਦੇ ਅਰਥ:**

ਥਾਪਨਾ - ਥਾਪੀ, ਹੱਲਾਸ਼ੇਰੀ, ਆਸਰਾ

ਡੱਕਰੇ - ਟੋਟੇ, ਟੁਕੜੇ

ਅਡੋਲ - ਜੋ ਡੋਲੇ ਨਾ, ਸਥਿਰ, ਪੱਕਾ

ਮੋਹ – ਪਿਆਰ, ਲਗਾਅ

ਚਹਿਕਦੀ – ਪੰਛੀਆਂ ਦਾ ਖ਼ੁਸ਼ੀ ਨਾਲ ਬੋਲਣਾ ਜਾਂ ਗਾਉਣਾ

ਰੱਤ – ਖ਼ੂਨ, ਲਹੂ

**ਪ੍ਰਸ਼ਨ 4. ਵਾਕਾਂ ਵਿੱਚ ਵਰਤੋ:**

ਜੂਝਣਾ – ਸਿੰਘ ਜ਼ੁਲਮ ਨਾਲ ਜੂਝਣਾ ਚੰਗੀ ਤਰ੍ਹਾਂ ਜਾਣਦੇ ਹਨ।

ਗੁਲਜ਼ਾਰ ਵਾਂਗ ਖਿੜਨਾ – ਜ਼ੁਲਮ ਸਹਿੰਦੇ ਹੋਏ ਵੀ ਸਿੱਖ ਗੁਲਜ਼ਾਰ ਵਾਂਗ ਖਿੜੇ ਰਹੇ।

ਸਿਰਾਂ ਦੇ ਮੁੱਲ ਪੈਣਾ – ਮੀਰ ਮੰਨੂੰ ਸਿੱਖਾਂ ਦੇ ਸਿਰਾਂ ਦੇ ਮੁੱਲ ਪਾ ਦਿੱਤੇ।

ਬੁਲੰਦ ਹੋਣਾ – ਗੁਰੂ ਜੀ ਦੀ ਲਲਕਾਰ ਨਾਲ ਸਿੱਖਾਂ ਦੇ ਹੌਸਲੇ ਬੁਲੰਦ ਹੋ ਗਏ।

ਜਿਗਰ ਦੇ ਟੋਟੇ – ਮਾਵਾਂ ਦੇ ਸਾਹਮਣੇ ਮੁਗ਼ਲਾਂ ਨੇ ਉਨ੍ਹਾਂ ਦੇ ਜਿਗਰ ਦੇ ਟੋਟੇ ਸ਼ਹੀਦ ਕਰ ਦਿੱਤੇ।

ਰੱਤ ਡੁਲ੍ਹਣਾ – ਜਿੱਥੇ ਵੀ ਸ਼ਹੀਦਾਂ ਦਾ ਰੱਤ ਡੱਲ੍ਹਿਆ ਉਹ ਥਾਂ ਅਮਰ ਹੋ ਗਈ।

ਕੁਰਬਾਨ ਹੋਣਾ – ਧਰਮ ਨੂੰ ਬਚਾਉਣ ਲਈ ਹਜ਼ਾਰਾਂ ਸਿੱਖ ਕੁਰਬਾਨ ਹੋ ਗਏ।

ਭਾਜੀਆਂ ਮੋੜਨਾ – ਸਿੱਖਾਂ ਨੇ ਗਿਣ-ਗਿਣ ਕੇ ਮੁਗ਼ਲਾਂ ਨੂੰ ਭਾਜੀਆਂ ਮੋੜੀਆਂ।

**ਜਮਾਤ – ਅੱਠਵੀਂ ਪਾਠ – 17 ਲੋਹੜੀ**

**ਸਾਹਿਤ ਰੂਪ – ਲੇਖ ਲੇਖਕ – ਡਾ. ਹਰਨੇਕ ਸਿੰਘ ਕਲੇਰ**

**ਪ੍ਰਸ਼ਨ 1. ਲੋਹੜੀ ਦਾ ਤਿਉਹਾਰ ਕਦੋਂ ਤੇ ਕਿਉਂ ਮਨਾਇਆ ਜਾਦਾ ਹੈ?**

ਉੱਤਰ: ਲੋਹੜੀ ਦਾ ਤਿਉਹਾਰ ਪੰਜਾਬ ਵਿੱਚ ਦੇਸੀ ਮਹੀਨੇ ਪੋਹ ਦੀ ਆਖਰੀ ਰਾਤ ਨੂੰ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।ਇਹ ਤਿਉਹਾਰ ਘਰ ਵਿੱਚ ਨਵੇਂ ਜਨਮੇ ਧੀ-ਪੁੱਤਰ ਦੇ ਜਨਮ ਲੈਣ ਦੀ ਖ਼ੁਸ਼ੀ ਵਿੱਚ ਮਨਾਇਆ ਜਾਂਦਾ ਹੈ।

**ਪ੍ਰਸ਼ਨ 2. ਲੋਹੜੀ ਦੇ ਤਿਉਹਾਰ ਦਾ ਸੰਬੰਧ ਕਿਰਸਾਣੀ ਜੀਵਨ ਨਾਲ਼ ਕਿਵੇਂ ਜੁੜਿਆ ਹੋਇਆ ਹੈ?**

ਉੱਤਰ: ਖੇਤੀ ਪ੍ਰਧਾਨ ਰਾਜ ਹੋਣ ਕਾਰਨ ਪਰਿਵਾਰ ਨੂੰ ਵੱਧ ਤੋਂ ਵੱਧ ਬੰਦਿਆਂ ਦੀ ਲੋੜ ਪੈਂਦੀ ਸੀ।ਲੋਕਾਂ ਦਾ ਇਹ ਵਿਸ਼ਵਾਸ ਸੀ ਕਿ ਖੇਤੀਬਾੜੀ ਨਾਲ਼ ਘਰ ਵਿੱਚ ਖੁਸ਼ਹਾਲੀ ਆਉਂਦੀ ਹੈ।ਇਸ ਲਈ ਘਰ ਵਿੱਚ ਪੁੱਤਰ ਦੀ ਆਮਦ 'ਤੇ ਖ਼ੁਸ਼ੀ ਵੱਜੋਂ ਲੋਹੜੀ ਮਨਾਈ ਜਾਣ ਲੱਗੀ।

**ਪ੍ਰਸ਼ਨ 3. ਲੋਹੜੀ ਸ਼ਬਦ ਕਿਵੇਂ ਹੋਂਦ ਵਿੱਚ ਆਇਆ?**

ਉੱਤਰ: ਲੋਹੜੀ ਦੇ ਤਿਉਹਾਰ ਦਾ ਤਿਲਾਂ ਤੇ ਗੁੜ ਨਾਲ ਗਹਿਰਾ ਸੰਬੰਧ ਹੈ। ਤਿਲ ਅਤੇ ਰੋੜੀ ਸ਼ਬਦ ਤੋਂ 'ਤਿਲ-ਰੋੜੀ' ਸ਼ਬਦ ਬਣਿਆ ਜੋ ਹੌਲੀ-ਹੌਲੀ ਲੋਹੜੀ ਸ਼ਬਦ ਬਣ ਗਿਆ।

**ਪ੍ਰਸ਼ਨ 4.'ਈਸ਼ਰ ਆਏ ਦਲਿੱਦਰ ਜਾਏ' ਤੁਕ ਤੋਂ ਕੀ ਭਾਵ ਹੈ?**

ਉੱਤਰ: 'ਈਸ਼ਰ ਆਏ ਦਲਿੱਦਰ ਜਾਏ' ਤੋਂ ਭਾਵ ਹੈ ਕਿ ਟੱਬਰ ਦੇ ਜੀਆਂ ਵਿੱਚ ਹਿੰਮਤ, ਨਵਾਂ ਜੋਸ਼ ਪੈਦਾ ਹੋਵੇ ਤੇ ਆਲਸ ਖਤਮ ਹੋ ਜਾਵੇ ।

**ਪ੍ਰਸ਼ਨ 5.ਪਿੰਡਾਂ ਵਿੱਚ ਲੋਹੜੀ ਦਾ ਤਿਉਹਾਰ ਕਿਵੇਂ ਮਨਾਇਆ ਜਾਂਦਾ ਹੈ?**

ਪਿੰਡ ਦੀ ਇੱਕ ਸਾਂਝੀ ਥਾਂ ਤੇ ਲੱਕੜਾਂ ਤੇ ਪਾਥੀਆਂ ਦੀ ਇੱਕ ਵੱਡੀ ਧੂਣੀ ਬਾਲੀ ਜਾਂਦੀ ਹੈ।ਇਸਤਰੀਆਂ, ਬੱਚੇ, ਬਜ਼ੁਰਗ ਤੇ ਜਵਾਨ ਲੋਹੜੀ ਵਿੱਚ ਤਿੱਲ ਪਾਉਂਦੇ ਹਨ।ਲੋਹੜੀ ਦੁਆਲੇ ਗਿੱਧੇ-ਭੰਗੜੇ ਦੀ ਖੂਬ ਧੂਮ ਮੱਚਦੀ ਹੈ ਅਤੇ ਮੂੰਗਫ਼ਲੀ, ਗੱਚਕ ਰਿਓੜੀਆਂ ਅਤੇ ਮੱਕੀ ਦੀਆਂ ਖਿੱਲਾਂ ਵੰਡੀਆਂ ਜਾਂਦੀਆਂ ਹਨ।

**ਪ੍ਰਸ਼ਨ 6. ਸ਼ਹਿਰਾਂ ਦੀ ਲੋਹੜੀ ਤੇ ਪਿੰਡਾਂ ਦੀ ਲੋਹੜੀ ਵਿੱਚ ਕੀ ਅੰਤਰ ਹੈ?**

ਉੱਤਰ: ਪਿੰਡਾਂ ਦੀ ਲੋਹੜੀ ਜਿੱਥੇ ਪਿੰਡ ਦੀ ਸਾਂਝੀ ਥਾਂ ਅਰਥਾਤ ਸੱਥ ਵਿੱਚ ਬਾਲੀ ਜਾਂਦੀ ਹੈ, ਉੱਥੇ ਸ਼ਹਿਰਾਂ ਵਿੱਚ ਲੋਹੜੀ ਗਲੀਮੁਹੱਲੇ ਵਿੱਚ ਬਾਲੀ ਜਾਂਦੀ ਹੈ।ਕੁਝ ਲੋਕ ਆਪਣੇ ਘਰਾਂ ਦੇ ਵਿਹੜਿਆਂ ਵਿੱਚ ਪਰਿਵਾਰ ਦੇ ਮਿੱਤਰਾਂ-ਸਨੇਹੀਆਂ ਨੂੰ ਬੁਲਾ ਕੇ ਲੋਹੜੀ ਦਾ ਤਿਉਹਾਰ ਮਨਾਉਂਦੇ ਹਨ। ਸ਼ਹਿਰਾਂ ਵਿੱਚ ਲੋਹੜੀ-ਮੇਲੇ ਵੀ ਲੱਗਦੇ ਹਨ।

**ਪ੍ਰਸ਼ਨ 7. "ਉਹ ਦਿਨ ਦੂਰ ਨਹੀਂ ਜਦੋਂ ਲੋਹੜੀ ਧੀਆਂ ਤੇ ਪੁੱਤਰਾਂ ਦਾ ਸਾਂਝਾ ਤਿਉਹਾਰ ਬਣ ਜਾਵੇਗਾ।" ਇਸ ਬਾਰੇ ਵਿਚਾਰ ਲਿਖੋ।**

ਉੱਤਰ: ਸਾਡੇ ਸਮਾਜ ਵਿੱਚ ਹੁਣ ਛੋਟੇ ਪਰਿਵਾਰ ਨੂੰ ਮਹੱਤਵ ਦਿੱਤਾ ਜਾਣ ਲੱਗਾ ਹੈ।ਦੂਜਾ ਪੁੱਤਰ ਤੇ ਧੀ ਵਿਚਲਾ ਫ਼ਰਕ ਘੱਟਦਾ ਜਾ ਰਿਹਾ ਹੈ।ਅਸਲ ਵਿੱਚ ਕੁੜੀਆਂ ਮੁੰਡਿਆਂ ਨਾਲ ਹਰ ਕੰਮ ਨੂੰ ਮੋਢੇ ਨਾਲ ਮੋਢੇ ਜੋੜ ਕੇ ਕਰ ਰਹੀਆਂ ਹਨ।ਅੱਜ ਦੀ ਲੜਕੀ ਵਿੱਦਿਆ, ਕਾਰੋਬਾਰ ਵਿੱਚ ਖੂਬ ਨਾਂ ਕਮਾ ਰਹੀ ਹੈ।ਬਦਲ ਰਹੇ ਸਮਾਜ ਵਿੱਚ ਲੋਹੜੀ ਧੀਆਂ-ਪੱਤਰਾਂ ਦਾ ਸਾਂਝਾ ਤਿਉਹਾਰ ਬਣ ਜਾਵੇਗਾ।

**2. ਔਖੇ ਸ਼ਬਦਾਂ ਦੇ ਅਰਥ ਲਿਖੋ।**

ਪ੍ਰਚੱਲਿਤ - ਜਿਸ ਦਾ ਰਿਵਾਜ਼ ਹੋਵੇ

ਖੁਸ਼ਹਾਲੀ - ਆਰਥਿਕ ਪੱਖੋਂ ਬੇਫ਼ਿਕਰੀ, ਚੰਗੀ ਹਾਲਤ, ਖ਼ੁਸ਼ੀ

ਆਮਦ - ਆਉਣ ਦਾ ਭਾਵ

ਅਸੀਸਾਂ - ਸ਼ੁੱਭ-ਇੱਛਾਵਾਂ, ਅਸ਼ੀਰਵਾਦ

ਵੇਲ ਵਧਣੀ - ਔਲਾਦ ਹੋਣੀ, ਵਾਧਾ ਹੋਣਾ

ਤੋਹਫ਼ੇ - ਸੁਗਾਤਾਂ, ਭੇਟ, ਨਜ਼ਰਾਨੇ

ਸਨੇਹੀ - ਮਿੱਤਰ, ਦੋਸਤ, ਮੇਲੀ-ਗੇਲੀ, ਸਨੇਹ ਰੱਖਣ ਵਾਲੇ

**3. ਵਾਕਾਂ ਵਿੱਚ ਵਰਤੋ:**

ਅਗਾਂਹ-ਵਧੂ (ਪ੍ਰਗਤੀਸ਼ੀਲ) ਅੱਜ-ਕੱਲ੍ਹ ਦੇ ਮਾਪੇ ਅਗਾਂਹ-ਵਧੂ ਸੋਚ ਦੇ ਮਾਲਕ ਹਨ।

ਰੀਤ (ਰਸਮ) ਵਿਆਹ ਵੇਲ਼ੇ ਵਟਣਾ ਲਾਉਣ ਦੀ ਰਸਮ ਬਹੁਤ ਪੁਰਾਣੀ ਹੈ।

ਦਲਿੱਦਰ (ਆਲਸ) ਠੰਡ ਦਾ ਮੌਸਮ ਬੰਦੇ ਵਿੱਚ ਦਲਿੱਦਰ ਪੈਦਾ ਕਰਦਾ ਹੈ।

ਦੁਆਵਾਂ (ਅਸੀਸਾਂ) ਮਾਂ ਆਪਣੀ ਔਲਾਦ ਨੂੰ ਸਾਰੀ ਉਮਰ ਦੁਆਵਾਂ ਦਿੰਦੀ ਹੈ।

ਹਰਮਨ-ਪਿਆਰਾ(ਹਰ ਇੱਕ ਦਾ ਪਿਆਰਾ) ਸ਼ਿਵ ਕੁਮਾਰ ਹਰਮਨ-ਪਿਆਰਾ ਲੇਖਕ ਸੀ।

**4. ਵਿਆਕਰਨ:**

ਪਿੰਡਾਂ ਵਿੱਚ ਇਸ ਤਿਉਹਾਰ ਨੂੰ ਸਾਂਝੀ ਥਾਂ ਪਿੰਡ ਦੀ ਸੱਥ ਵਿੱਚ ਪਾਥੀਆਂ ਤੇ ਲੱਕੜਾਂ ਦੀ ਲੋਹੜੀ ਬਾਲ਼ ਕੇ ਮਨਾਇਆ ਜਾਂਦਾ ਹੈ।ਲੋਹੜੀ ਵਾਲੀ ਪੋਹ ਮਹੀਨੇ ਦੀ ਆਖਰੀ ਰਾਤ ਨੂੰ ਠੰਡ ਦਾ ਨਹੁਤ ਜ਼ੋਰ ਹੁੰਦਾ ਹੈ।ਪਰਿਵਾਰ ਦਾ ਹਰ ਜੀਅ ਇਸਤਰੀਆਂ, ਬੱਚੇ 'ਤੇ ਬਜ਼ੁਰਗ ਬਲ਼ਦੀ ਹੋਈ ਲੋਹੜੀ ਦੁਆਲ਼ੇ ਬੈਠ ਕੇ ਨਿੱਘ ਦਾ ਆਨੰਦ ਮਾਣਦੇ ਹਨ।

ਉਪਰੋਕਤ ਪੈਰ੍ਹੇ ਵਿੱਚ ਲਕੀਰੇ ਸ਼ਬਦ ਸੰਬੰਧਕ ਹਨ।ਸੰਬੰਧਕ ਸ਼ਬਦ ਵਾਕ ਵਿੱਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਸ਼ਬਦ ਦਾ ਵਾਕ ਦੇ ਦੂਜੇ ਸ਼ਬਦਾਂ ਨਾਲ ਸੰਬੰਧ ਪ੍ਰਗਟ ਕਰਦਾ ਹੈ; ਜਿਵੇਂ ਦਾ,ਦੇ,ਦੀ, ਨੇ, ਕੋਲ, ਉੱਤੇ ਅੰਦਰ ਆਦਿ।

**6. ਤਿਉਹਾਰਾਂ ਤੇ ਦਿਨਾਂ ਸੰਬੰਧੀ ਜਾਣਕਾਰੀ**

**ਦਿਨ/ਤਿਉਹਾਰ ਕਾਰਨ**

ਲੋਹੜੀ ਘਰ ਵਿੱਚ ਨਵੇਂ ਜੀਅ ਦੇ ਆਉਣ ਦੀ ਖੁਸ਼ੀ ਵਿੱਚ

26 ਜਨਵਰੀ (ਗਣਤੰਤਰ ਦਿਵਸ) ਦੇਸ ਦਾ ਸੰਵਿਧਾਨ ਲਾਗੂ ਹੋਇਆ ਸੀ।

ਵਿਸਾਖੀ ਖਾਲਸਾ ਪੰਥ ਦੀ ਸਥਾਪਨਾ, ਜਲ੍ਹਿਆ ਵਾਲਾ ਬਾਗ਼ ਗੋਲੀ ਕਾਂਡ , ਕਣਕ ਪੱਕਣ ਦੀ ਖੁਸ਼ੀ ਵਿੱਚ
15 ਅਗਸਤ/ਅਜ਼ਾਦੀ ਦਿਵਸ 15 ਅਗਸਤ 1947 ਈ. ਨੂੰ ਅੰਗਰੇਜ਼ਾਂ ਹੱਥੋਂ ਦੇਸ ਅਜ਼ਾਦ ਸੁਤੰਤਰਤਾ ਦਿਵਸ ਹੋਇਆ ਸੀ
ਦੁਸਹਿਰਾ ਇਸ ਦਿਨ ਸ੍ਰੀ ਰਾਮ ਜੀ ਨੇ ਲੰਕਾ ਦੇ ਰਾਜੇ ਰਾਵਣ ਨੂੰ ਮਾਰਿਆ ਸੀ।
ਦੀਵਾਲੀ ਇਸ ਦਿਨ ਸ੍ਰੀ ਰਾਮ ਜੀ 14 ਸਾਲਾਂ ਦਾ ਬਣਵਾਸ ਕੱਟ ਕੇ ਅਯੁੱਧਿਆ ਵਾਪਸ ਪਹੁੰਚੇ ਸਨ।

**ਜਮਾਤ – ਅੱਠਵੀਂ ਪਾਠ – 18 ਹਾਕੀ ਦਾ ਜਾਦੂਗਰ: ਧਿਆਨ ਚੰਦ**
**ਸਾਹਿਤ ਰੂਪ – ਜੀਵਨੀ ਲੇਖਕ – ਪ੍ਰੋ.ਸੁਰਜੀਤ ਸਿੰਘ ਮਾਨ**

**ਪ੍ਰਸ਼ਨ 1. ਧਿਆਨ ਚੰਦ ਕੌਣ ਸੀ?ਉਸ ਦੀ ਯਾਦ ਹਰ ਸਾਲ ਕਿਵੇਂ ਮਨਾਈ ਜਾਂਦੀ ਹੈ?**
ਉੱਤਰ: ਧਿਆਨ ਚੰਦ ਹਾਕੀ ਦਾ ਵਿਸ਼ਵ ਪ੍ਰਸਿੱਧ ਖਿਡਾਰੀ ਸੀ।ਉਸ ਦੇ ਜਨਮ ਦਿਨ 29 ਅਗਸਤ ਨੂੰ ਪੂਰੇ ਦੇਸ਼ ਵਿੱਚ 'ਖੇਡ ਦਿਵਸ' ਵੱਜੋਂ ਮਨਾਇਆ ਜਾਂਦਾ ਹੈ।

**ਪ੍ਰਸ਼ਨ 2.ਧਿਆਨ ਚੰਦ ਦਾ ਬੁੱਤ ਕਿੱਥੇ ਲੱਗਾ ਹੋਇਆ ਹੈ? ਇਸ ਬੁੱਤ ਦੀ ਕੀ ਵਿਸ਼ੇਸ਼ਤਾ ਹੈ?**
ਉੱਤਰ: ਧਿਆਨ ਚੰਦ ਦਾ ਬੁੱਤ ਵੀਆਨਾ ਵਿੱਚ ਲੱਗਿਆ ਹੋਇਆ ਹੈ। ਇਸ ਬੁੱਤ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਦੋ ਨਹੀਂ, ਸਗੋਂ ਚਾਰ ਹੱਥ ਹਨ ਤੇ ਚਾਰਾਂ ਵਿੱਚ ਹੀ ਹਾਕੀ ਸਟਿੱਕਾਂ ਹਨ।

**ਪ੍ਰਸ਼ਨ 3. ਧਿਆਨ ਚੰਦ ਨੂੰ ਹਾਕੀ ਖੇਡਣ ਦਾ ਸ਼ੌਕ ਕਿਵੇਂ ਪੈਦਾ ਹੋਇਆ?**
ਉੱਤਰ: ਧਿਆਨ ਚੰਦ ਨੂੰ ਹਾਕੀ ਖੇਡਣ ਦਾ ਸ਼ੌਕ ਸੋਲਾਂ ਸਾਲ ਦੀ ਉਮਰ ਵਿੱਚ ਫ਼ੌਜ ਵਿੱਚ ਭਰਤੀ ਹੋਣ ਤੋਂ ਬਾਦ ਪੈਦਾ ਹੋਇਆ।ਫ਼ੌਜ ਵੱਲੋਂ ਕਰਵਾਏ ਹਾਕੀ ਟੂਰਨਾਮੈਂਟਾਂ ਵਿੱਚ ਉਸ ਨੇ ਆਪਣੀ ਖੇਡ ਕਲਾ ਦਾ ਅਜਿਹਾ ਮੁਜ਼ਾਹਰਾ ਕੀਤਾ ਕਿ ਕੌਮੀ ਪੱਧਰ ਦੀ ਹਾਕੀ ਵਿੱਚ ਉਸ ਦਾ ਜ਼ਿਕਰ ਹੋਣ ਲੱਗਾ।

**ਪ੍ਰਸ਼ਨ 4. ਧਿਆਨ ਚੰਦ ਦੀ ਖੇਡ ਨਾਲ਼ ਕਿਹੜੀਆਂ ਦੰਦਕਥਾਵਾਂ ਜੁੜੀਆਂ ਹੋਈਆਂ ਹਨ?**
ਉੱਤਰ:ਧਿਆਨ ਚੰਦ ਜਦੋਂ ਖੇਡਦਾ ਸੀ ਤਾਂ ਉਸ ਦੀ ਹਾਕੀ ਨਾਲ ਗੇਂਦ ਇੰਝ ਚਿਪਕੀ ਹੁੰਦੀ ਜਿਵੇਂ ਕੋਈ ਚੁੰਬਕ ਲੱਗਾ ਹੋਵੇ।ਦਰਸ਼ਕਾਂ ਨੂੰ ਇਹ ਸ਼ੱਕ ਸੀ ਕਿ ਉਸ ਦੀ ਹਾਕੀ ਨਾਲ ਚੁੰਬਕ ਵਰਗੀ ਕੋਈ ਚੀਜ਼ ਚਿਪਕੀ ਹੋਈ ਹੈ।ਕਿਸੇ ਨੇ ਉਸ ਨੂੰ ਆਪਣੀ ਸੈਰ ਕਰਨ ਵਾਲੀ ਸੋਟੀ ਦੇ ਕੇ ਕਿਹਾ ਕਿ 'ਇਸ ਨਾਲ ਗੋਲ ਕਰ ਫੇਰ ਮੰਨਾਂਗੇ।' ਧਿਆਨ ਚੰਦ ਨੇ ਉਸ ਨਾਲ ਵੀ ਗੋਲ ਕਰ ਦਿੱਤੇ।

**ਪ੍ਰਸ਼ਨ 5. ਧਿਆਨ ਚੰਦ ਕਿਸ ਪੁਜ਼ੀਸ਼ਨ ਤੇ ਖੇਡਦਾ ਸੀ ਅਤੇ ਉਸ ਦੀ ਹਾਕੀ ਖੇਡਣ ਦੀ ਤਕਨੀਕ ਕਿਹੋ ਜਿਹੀ ਸੀ?**
ਉੱਤਰ: ਧਿਆਨ ਚੰਦ ਸੈਂਟਰ ਫਾਰਵਰਡ ਦੀ ਪੁਜ਼ੀਸ਼ਨ ਉੱਤੇ ਖੇਡਦਾ ਸੀ ਪਰ ਉਸ ਦੀ ਖੇਡ ਬਲਬੀਰ ਸਿੰਘ, ਹਰਬਿੰਦਰ ਸਿੰਘ, ਸੁਰਿੰਦਰ ਸਿੰਘ ਸੋਢੀ ਜਾਂ ਧੰਨਰਾਜ ਪਿਲੇ ਵਰਗੀ ਤੇਜ਼-ਤਰਾਰ ਅਤੇ ਬਿਜਲੀ ਦੀ ਰਫ਼ਤਾਰ ਵਾਲੀ ਨਹੀਂ ਸੀ।ਇਸ ਦੇ ਉਲਟ ਉਸ ਦੀ ਖੇਡ ਵਿੱਚ ਜੋਸ਼ ਨਾਲੋਂ ਹੋਸ਼ ਵਧੇਰੇ ਸੀ ਤੇ ਨਾਲ ਹੀ ਧੀਮਾਪਨ ਸੀ।

**ਪ੍ਰਸ਼ਨ 6. ਹਾਕੀ ਦੇ ਮੁੱਖ ਕੋਚ ਵੱਜੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਸ ਨੇ ਕਿਵੇਂ ਨਿਭਾਇਆ?**
ਉੱਤਰ: ਧਿਆਨ ਚੰਦ ਗਰਾਊਂਡ ਦੇ ਬਾਹਰ ਬੈਠ ਕੇ ਗੂੜ੍ਹੀ ਹਿੰਦੁਸਤਾਨੀ ਵਿੱਚ ਖਿਡਾਰੀਆਂ ਨੂੰ ਸਮਝਾਉਂਦਾ, ਤਾੜਦਾ, ਝਾੜਦਾ ਅਤੇ ਵਰਜਦਾ।ਖਿਡਾਰੀ ਉਸ ਨੂੰ ਸਤਿਕਾਰ ਨਾਲ 'ਦਾਦਾ' ਆਖਦੇ, ਜਿਸ ਦਾ ਬੰਗਲਾ ਵਿੱਚ ਅਰਥ ਹੈ- ਵੱਡਾ ਭਰਾ।

**ਪ੍ਰਸ਼ਨ 7. ਹਾਕੀ ਦੇ ਜਾਦੂਗਰ ਧਿਆਨ ਚੰਦ ਨੂੰ ਕਿਹੜੇ-ਕਿਹੜੇ ਸਨਮਾਨ ਪ੍ਰਾਪਤ ਹੋਏ?**
ਉੱਤਰ: 1956 ਵਿੱਚ ਧਿਆਨ ਚੰਦ ਨੂੰ ਭਾਰਤ ਸਰਕਾਰ ਵੱਲੋਂ 'ਪਦਮ ਭੂਸ਼ਣ' ਅਤੇ ਉਨ੍ਹਾਂ ਦੀ ਮੌਤ ਤੋਂ ਇੱਕ ਸਾਲ ਬਾਦ ਉਨ੍ਹਾਂ ਦੀ ਯਾਦ ਵਿੱਚ ਇੱਕ ਡਾਕ ਟਿਕਟ ਜਾਰੀ ਕੀਤਾ ਗਿਆ।ਦਿੱਲੀ ਵਿੱਚ ਇੱਕ ਵਿਸ਼ਵ-ਪ੍ਰਸਿੱਧ ਸਟੇਡੀਅਮ ਦਾ ਨਾਂ ਉਸ ਦੇ ਨਾਂ ਤੇ ਰੱਖਿਆ ਗਿਆ। ਡਾਕ ਟਿਕਟ ਸਟੇਡੀਅਮ ਧਿਆਨ ਚੰਦ।

**ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਭਾਵਨਾਵਾਂ- ਵਿਚਾਰ, ਖ਼ਿਆਲ ਰਫ਼ਤਾਰ ਛਾਲ, ਗਤੀ | ਅਹੁਦਾ- ਪਦਵੀ | ਤਕਰੀਬਨ- ਲਗ-ਪਗ, ਨੇੜੇ-ਤੇੜੇ |
| | ਝਕਾਨੀ- ਝਾਂਸਾ, ਚਕਮਾ, ਧੋਖਾ | ਖ਼ਿਤਾਬ- ਉਪਾਧੀ, ਪਦਵੀ |
| ਮੁਜ਼ਾਹਰਾ- ਵਿਖਾਵਾ, ਪ੍ਰਦਰਸ਼ਨ | ਹਲੀਮੀ- ਨਿਮਰਤਾ | ਛੜੀ- ਸੋਟੀ |
| ਧੀਮਾਪਣ- ਹੌਲੀ-ਹੌਲੀ, ਮੱਠੀ ਚਾਲ | ਤਰਜੀਹ- ਪਹਿਲ | ਸਿਮਰਤੀ- ਯਾਦ |
| ਚਰਚੇ- ਜ਼ਿਕਰ,ਹਰ ਪਾਸੇ ਗੱਲਾਂ ਹੋਣੀਆਂ | ਪੁਰਸਕਾਰ- ਇਨਾਮ | ਸ਼ਿਰਕਤ ਕਰਨਾ- ਸ਼ਾਮਲ ਹੋਣਾ |
| ਨਕਾਰਦਾ- ਇਨਕਾਰ ਕਰਦਾ | | |

**ਵਾਕਾਂ ਵਿੱਚ ਵਰਤੋ:**
ਸ਼ਰਧਾਂਜਲੀ (ਸ਼ਰਧਾ ਦੀ ਭਾਵਨਾ ਭੇਟ ਕਰਨਾ)ਅਸੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।
ਜ਼ਿਕਰ (ਚਰਚਾ) ਧਿਆਨ ਚੰਦ ਦੀ ਖੇਡ ਦਾ ਜ਼ਿਕਰ ਰਾਸ਼ਟਰੀ ਪੱਧਰ ਤੇ ਹੋਣ ਲੱਗਾ।
ਯੋਗਦਾਨ (ਹਿੱਸਾ) ਧਿਆਨ ਚੰਦ ਦਾ ਭਾਰਤੀ ਹਾਕੀ ਨੂੰ ਬਹੁਤ ਵੱਡਾ ਯੋਗਦਾਨ ਹੈ।
ਪੇਸ਼ਕਸ਼ (ਪ੍ਰਸਤਾਵ) ਧਿਆਨ ਚੰਦ ਨੂੰ ਹਿਟਲਰ ਨੇ ਕਰਨਲ ਦੇ ਅਹੁਦੇ ਦੀ ਪੇਸ਼ਕਸ਼ ਕੀਤੀ
ਅਦਬ (ਸਤਿਕਾਰ) ਸਾਨੂੰ ਵੱਡਿਆਂ ਨਾਲ ਅਦਬ ਨਾਲ਼ ਪੇਸ਼ ਆਉਣਾ ਚਾਹੀਦਾ ਹੈ।
ਸੰਨਿਆਸ ਲੈ ਲੈਣਾ(ਤਿਆਗ ਕਰ ਦੇਣਾ) ਧੋਨੀ ਨੇ ਕ੍ਰਿਕਟ ਤੋਂ ਸੰਨਿਆਸ ਲੈ ਲਿਆ।
ਦੰਦ-ਕਥਾਵਾਂ (ਪ੍ਰਚੱਲਿਤ ਕਹਾਣੀਆਂ) ਧਿਆਨ ਚੰਦ ਦੀ ਹਾਕੀ ਸੰਬੰਧੀ ਕਈ ਦੰਦ ਕਥਾਵਾਂ ਪ੍ਰਚੱਲਿਤ ਹਨ।
ਸਿਜਦਾ ਕਰਨਾ(ਸਿਰ ਝੁਕਾਉਣਾ)ਵਾਹਿਗੁਰੂ ਨੂੰ ਸਿਜਦਾ ਕਰੋ ਤੇ ਸਭ ਦਾ ਭਲਾ ਮੰਗੋ।
ਵਿਲੱਖਣਕ (ਵੱਖਰੀ) ਧਿਆਨ ਚੰਦ ਦੀ ਖੇਡ ਬਾਕੀਆਂ ਨਾਲੋਂ ਵਿਲੱਖਣ ਸੀ ।
ਤੇਜ਼-ਤਰਾਰ (ਚੁਸਤ-ਫੁਰਤ) ਧਿਆਨ ਚੰਦ ਤੇਜ਼-ਤਰਾਰ ਹਾਕੀ ਨਹੀਂ ਖੇਡਦਾ ਸੀ।
ਘਾਤਕ (ਨੁਕਸਾਨਦਾਇਕ) ਦਰੱਖਤ ਕੱਟਣੇ ਮਨੁੱਖ ਲਈ ਘਾਤਕ ਹਨ।
ਦਾਦ ਦੇਣਾ (ਪ੍ਰਸ਼ੰਸਾ ਕਰਨੀ) ਦਰਸ਼ਕ ਧਿਆਨ ਚੰਦ ਦੀ ਖੇਡ ਦੀ ਦਾਦ ਦਿੰਦੇ ਸਨ।
ਸਮਰਪਿਤ ਕਰਨਾ (ਸੌਂਪ ਦੇਣਾ) ਸ਼ਹੀਦ ਭਗਤ ਸਿੰਘ ਨੇ ਆਪਣਾ ਜੀਵਨ ਦੇਸ ਨੂੰ ਸਮਰਪਿਤ ਕਰ ਦਿੱਤਾ।

**ਵਿਆਕਰਨ**
**ਯੋਜਕ ਕਿਸ ਨੂੰ ਕਿਹਾ ਜਾਂਦਾ ਹੈ?**
ਜਿਹੜੇ ਸ਼ਬਦ ਦੋ ਵਾਕਾਂ ਜਾਂ ਦੋ ਵਾਕੰਸ਼ਾਂ ਜਾਂ ਦੋ ਸ਼ਬਦਾਂ ਨੂੰ ਆਪਸ ਵਿੱਚ ਜੋੜਨ, ਉਸ ਨੂੰ ਯੋਜਕ ਕਿਹਾ ਜਾਂਸਾ ਹੈ।ਜਿਵੇਂ:
(ੳ) ਭੈਣ ਤੇ ਭਰਾ ਜਾ ਰਹੇ ਹਨ।
(ਅ) ਹਰਜੀਤ ਨੇ ਆਖਿਆ ਕਿ ਮੈਂ ਅੱਜ ਬਿਮਾਰ ਹਾਂ।

**ਯੋਜਕ ਦੋ ਪ੍ਰਕਾਰ ਦਾ ਹੁੰਦਾ ਹੈ:**
1. ਸਮਾਨ ਯੋਜਕ: ਦੋ ਪੂਰਨ ਵਾਕਾਂ ਨੂੰ ਆਪਸ ਵਿੱਚ ਜੋੜਨ ਵਾਲਾ ਯੋਜਕ 'ਸਮਾਨ ਯੋਜਕ ਅਖਵਾਉਂਦਾ ਹੈ।ਜਿਵੇਂ:- ਕ੍ਰਿਸ਼ਨ ਅਤੇ ਬਲਰਾਮ ਦੋਵੇਂ ਭਰਾ ਹਨ।
2. ਅਧੀਨ ਯੋਜਕ: ਜਦੋਂ ਜੋੜੇ ਜਾਣ ਵਾਲੇ ਵਾਕਾਂ ਵਿੱਚੋਂ ਇੱਕ ਅਪੂਰਨ ਵਾਕ ਹੋਵੇ, ਤਾਂ ਉਨ੍ਹਾਂ ਨੂੰ ਜੋੜਨ ਵਾਲੇ ਯੋਜਕ ਨੂੰ ਅਧੀਨ ਯੋਜਕ ਕਿਹਾ ਜਾਂਦਾ ਹੈ।ਜਿਵੇ:- ਭਾਵੇਂ ਉਹ ਗ਼ਰੀਬ ਹੈ ਫਿਰ ਵੀ ਇਮਾਨਦਾਰ ਹੈ।

**ਜਮਾਤ - ਅੱਠਵੀਂ ਪਾਠ-19 ਅੰਮੜੀ ਦਾ ਵਿਹੜਾ**
**ਸਾਹਿਤ ਰੂਪ -ਕਵਿਤਾ ਲੇਖਕ - ਅਮ੍ਰਿਤਾ ਪ੍ਰੀਤਮ**

**ਪ੍ਰਸ਼ਨ (ੳ) ਇਸ ਕਵਿਤਾ ਵਿੱਚ ਬਚਪਨ ਦੀਆਂ ਕਿਹੜੀਆਂ ਕਿਹੜੀਆਂ ਮੌਜਾਂ ਤੇ ਖ਼ੁਸ਼ੀਆਂ ਦਾ ਵਰਣਨ ਹੈ?**
ਉੱਤਰ: ਇਸ ਕਵਿਤਾ ਵਿੱਚ ਧੀ ਨੇ ਆਪਣੀ ਮਾਂ ਦੇ ਵਿਹੜੇ ਵਿੱਚ ਜੋ ਮੌਜਾਂ-ਖ਼ੁਸ਼ੀਆਂ ਮਾਣੀਆਂ ਉਨ੍ਹਾਂ ਦਾ ਵਰਣਨ ਹੈ। ਉਹ ਨੇ ਆਪਣੇ ਬਚਪਨ ਵਿੱਚ ਬੇਪਰਵਾਹ ਹੋ ਕੇ ਗੀਟੇ ਖੇਡੇ, ਪੀਂਘਾਂ ਝੂਟੀਆਂ, ਚਰਖਾ ਕੱਤਦੇ ਹੋਏ ਰਾਤ-ਭਰ ਗੀਤ ਗਾਏ ਹਨ।ਉਸ ਨੇ ਮਾਂ-ਬਾਪ ਦੇ ਘਰ ਬਾਦਸ਼ਾਹ ਵਾਂਗ ਬਚਪਨ ਗੁਜ਼ਾਰਿਆ ਹੁੰਦਾ ਹੈ।

**ਪ੍ਰਸ਼ਨ (ਅ) ਇਸ ਕਵਿਤਾ ਵਿੱਚ ਕੁੜੀਆਂ ਦੇ ਪੀਂਘਾਂ ਝੂਟਣ ਅਤੇ ਚਰਖਾ ਕੱਤਣ ਦਾ ਦ੍ਰਿਸ਼ ਵਰਣਨ ਕਰੋ।**
ਉੱਤਰ: ਕੁੜੀਆਂ ਆਪਣੀ ਮਾਂ ਦੇ ਵਿਹੜੇ ਵਿੱਚ ਸਾਰੀ-ਸਾਰੀ ਰਾਤ ਚਰਖਾ ਕੱਤਕੇ ਅਤੇ ਪਿੱਪਲਾਂ ਤੇ ਪੀਂਘਾਂ ਝੂਟ-ਝੂਟ ਕੇ ਜਵਾਨ ਹੋਈਆਂ ਹਨ।ਕਿਹੜੇ ਵੇਲ਼ੇ ਚਰਖੇ ਦੀ ਘੂਕਰ ਨਾਲ ਉਹ ਜਵਾਨ ਹੋ ਗਈਆਂ ਉਨ੍ਹਾਂ ਨੂੰ ਪਤਾ ਹੀ ਨਹੀਂ ਚਲਿਆ।

**2. ਹੇਠ ਲਿਖੀਆਂ ਸਤਰਾਂ ਦਾ ਭਾਵ ਸਪੱਸ਼ਟ ਕਰੋ:**

**(ੳ) ਬੀਤ ਗਿਆ ਦਿਨ ਬੀਤ ਗਿਆ,**
**ਜਿਉਂ ਕੱਤਿਆ, ਤੁੰਬਿਆ ਹੰਢ ਗਿਆ, ਇੱਕ ਰੂੰ ਦਾ ਗੋਹੜਾ।**
ਉੱਤਰ: ਕਵਿੱਤਰੀ ਆਖਦੀ ਹੈ ਕਿ ਧੀ ਦਾ ਬਚਪਨ ਮਾਂ ਦੇ ਘਰ ਵਿੱਚ ਇਸ ਤਰ੍ਹਾਂ ਬੀਤ ਗਿਆ ਹੈ ਜਿਸ ਤਰ੍ਹਾਂ ਤੁੰਬਣ-ਕੱਤਣ ਮਗਰੋਂ ਇੱਕ ਰੂੰ ਦਾ ਗੋਹੜਾ ਮੁੱਕ ਜਾਂਦਾ ਹੈ।

**(ਅ) ਇੱਕ ਬਾਦਸ਼ਾਹੀ ਅਸੀਂ ਮਾਣੀ ਸੀ,**
**ਜਿਦ੍ਹਾ ਬਾਬਲ ਰਾਜਾ ਸੀ ਤੇ ਅੰਮੀ ਰਾਣੀ ਸੀ।**
ਉੱਤਰ: ਧੀ ਨੇ ਮਾਂ-ਬਾਪ ਦੇ ਘਰ ਵਿੱਚ ਇੱਕ ਤਰ੍ਹਾ ਦੇ ਬਾਦਸ਼ਾਹੀ ਜੀਵਨ ਦਾ ਆਨੰਦ ਮਾਣਿਆ ਹੁੰਦਾ ਹੈ ਜਿੱਥੇ ਉਸ ਦਾ ਪਿਤਾ ਰਾਜਾ ਅਤੇ ਮਾਂ ਰਾਣੀ ਹੁੰਦੀ ਸੀ।

**(ੲ) ਕਦੇ ਮੈਂ ਉਸ ਵਿਹੜੇ ਵਸਦੀ ਸਾਂ,**
**ਅੱਜ ਮੇਰੇ ਸੀਨੇ ਵਸਦਾ ਨੀ, ਅੰਮੜੀ ਦਾ ਵਿਹੜਾ।**
ਉੱਤਰ: ਧੀ ਆਖਦੀ ਹੈ ਕਦੇ ਉਹ ਆਪਣੀ ਮਾਂ ਦੇ ਉਸ ਖੁੱਲ੍ਹਾਂ ਤੇ ਖ਼ੁਸ਼ੀਆਂ ਦੇ ਵਿਹੜੇ ਵਿੱਚ ਰਹਿੰਦੀ ਸੀ ਪਰ ਅੱਜ ਪਰਦੇਸਣ ਹੋਣ ਤੋਂ ਬਾਦ ਉਹ ਵਿਹੜਾ ਮੇਰੇ ਦਿਲ ਵਿੱਚ ਵਸਦਾ ਹੈ।

**(ਸ) ਕਦੇ ਸਾਨੂੰ ਕਹਾਣੀਆਂ ਪਾਂਦਾ ਸੀ,**
**ਅੱਜ ਆਪ ਕਹਾਣੀ ਹੋਇਆ ਨੀ, ਅੰਮੜੀ ਦਾ ਵਿਹੜਾ ।**
ਉੱਤਰ: ਕਿਸੇ ਸਮੇਂ ਧੀ ਨੇ ਮਾਂ ਦੇ ਵਿਹੜੇ ਵਿੱਚ ਮਾਂ ਜਾਂ ਦਾਦੀ ਤੋਂ ਕਹਾਣੀਆਂ ਸੁਣੀਆਂ ਸਨ ਅੱਜ ਵਿਹੜਾ ਆਪ ਕਹਾਣੀ ਬਣ ਕੇ ਰਹਿ ਗਿਆ ਹੈ ਭਾਵ ਕਹਾਣੀਆਂ ਵਾਂਗ ਯਾਦ ਆਉਂਦਾ ਹੈ।

**3. ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਗੋਹੜਾ - ਪਿੰਜੀ ਹੋਈ ਰੂੰ ਦਾ ਗੋਲ਼ਾ ਜਿਸ ਤੋਂ ਪੂਣੀਆਂ ਬਣਾਈਆਂ ਜਾਂਦੀਆਂ ਹਨ। | ਪਲੰਘ ਨਵਾਰੀ - ਨਵਾਰ ਬਾ ਬਣਿਆ ਵੱਡਾ ਮੰਜਾ | ਸਈਆਂ - ਸਖੀਆਂ, ਸਹੇਲੀਆਂ |
| | ਅਲਾਣੀ - ਬਿਨਾਂ ਬਿਸਤਰੇ ਤੋਂ | ਲੋਹੜੇ ਦੀ - ਕਹਿਰ ਦੀ, ਗਜ਼ਬ ਦੀ |

**4. ਵਾਕਾਂ ਵਿੱਚ ਵਰਤੋ:**
ਬਾਦਸ਼ਾਹੀ (ਚੰਗੇ ਦਿਨ) ਧੀ ਮਾਂ-ਬਾਪ ਦੇ ਘਰ ਰਹਿੰਦਿਆ ਬਾਦਸ਼ਾਹੀ ਮਾਣਦੀ ਹੈ।
ਅਣਮੁੱਲੀ (ਕੀਮਤੀ) ਸਮਾਂ ਅਣਮੁੱਲੀ ਚੀਜ਼ ਹੈ ਇਸ ਦੀ ਕਦਰ ਕਰੋ।
ਬਾਬਲ (ਪਿਤਾ) ਧੀ ਨੂੰ ਇੱਕ ਦਿਨ ਬਾਬਲ ਦਾ ਘਰ ਛੱਡਣਾ ਹੀ ਪੈਂਦਾ ਹੈ।
ਚਰਖਾ (ਸੂਤ ਕੱਤਣਾ ਯੰਤਰ) ਅੱਜ-ਕੱਲ੍ਹ ਚਰਖਾ ਅਲ਼ੋਪ ਹੋ ਚੁੱਕਾ ਹੈ।
ਵਿਹੜਾ (ਘਰ ਦੇ ਵਿਚਾਲੇ ਖੁਲ੍ਹੀ ਥਾਂ) ਪਹਿਲਾਂ ਘਰ ਦਾ ਵਿਹੜਾ ਬਹੁਤ ਖੁੱਲ੍ਹਾ ਹੁੰਦਾ ਸੀ।
ਪੀਂਘ (ਝੂਲਾ) ਕੁੜੀਆਂ ਪਿੱਪਲਾਂ ਤੇ ਪੀਂਘਾਂ ਝੂਟਦੀਆਂ ਸਨ।
ਘੂਕਰ (ਚਰਖੇ ਦੀ ਅਵਾਜ਼) ਕੁੜੀਆਂ ਚਰਖੇ ਦੀ ਘੂਲਰ ਨਾਲ ਗੀਤ ਗਾਉਂਦੀਆਂ ਸਨ।
ਕਹਾਣੀ (ਕਥਾ) ਮੈਂ ਹੁਣ ਵੀ ਆਪਣੀ ਧੀ ਨੂੰ ਕਹਾਣੀ ਸੁਣਾਉਂਦਾ ਹਾਂ।

**5. ਸਮਾਸ**
ਦੋ ਜਾਂ ਦੋ ਤੋਂ ਵੱਧ ਸ਼ਬਦਾਂ ਨੂੰ ਜੋੜ ਕੇ ਬਣੇ ਸ਼ਬਦ ਨੂੰ ਸਮਾਸ ਕਹਿੰਦੇ ਹਨ।ਜਿਵੇਂ: ਖੇਡ-ਖੇਡ, ਮੱਖਣ-ਪੇੜੇ, ਝੂਟ-ਝੂਟ, ਬੈਠੇ-ਬੂਠੇ, ਝੂੰਮ-ਝੂੰਮ, ਚਾੜ੍ਹ-ਚਾੜ੍ਹ, ਹਾਂ-ਹਾਂ ਆਦਿ।

| | | |
|---|---|---|
| ਖੇੜਾ - ਖ਼ੁਸ਼ੀ, ਅਨੰਦ, ਪ੍ਰਸੰਨਤਾ | ਭੌਣਾ - ਘੁੰਮਣਾ, ਚੱਕਰ ਕੱਟਣਾ, ਫਿਰਨਾ | ਖੋਇਆ - ਗੁਆਚਿਆ |
| ਚੌਗਿਰਦੇ - ਚੁਗਿਰਦੇ, ਆਲ਼ੇ-ਦੁਆਲ਼ੇ | ਸੰਝ - ਸ਼ਾਮ, ਤਕਾਲ਼ਾਂ, ਆਥਣ | |

**ਜਮਾਤ - ਅੱਠਵੀਂ ਪਾਠ - 20 ਛੱਲੀਆਂ ਦੇ ਰਾਖੇ**
**ਸਾਹਿਤ ਰੂਪ - ਕਹਾਣੀ ਲੇਖਕ - ਡਾ. ਗੁਰਮੀਤ ਸਿੰਘ ਬੈਦਵਾਣ**

**ਪ੍ਰਸ਼ਨ (ੳ) ਝੜੀ ਕਿਹੜੇ ਮਹੀਨੇ ਲੱਗੀ ਸੀ ਤੇ ਉਸ ਦਾ ਆਮ ਜਨ-ਜੀਵਨ 'ਤੇ ਕੀ ਪ੍ਰਭਾਵ ਪਿਆ?**
ਉੱਤਰ: ਝੜੀ ਭਾਦੋਂ ਦੇ ਮਹੀਨੇ ਲੱਗੀ ਸੀ।ਚਾਰੇ ਪਾਸੇ ਜਲ-ਥਲ ਹੋਣ ਕਾਰਨ ਕਿਸਾਨਾਂ ਨੂੰ ਚਾਰਾ ਵੱਢਣ ਲਈ ਚਲਦੇ ਪਾਣੀ ਵਿੱਚ ਮੰਜੀਆਂ ਡਾਹੁਣੀਆਂ ਪੈ ਰਹੀਆਂ ਸਨ। ਪੰਛੀ ਚੋਗਾ ਚੁਗਣ ਲਈ ਉਡਾਨ ਨਾ ਭਰ ਸਕੇ।

**ਪ੍ਰਸ਼ਨ (ਅ) ਮਣਾ ਕਿਸ ਨੂੰ ਕਹਿੰਦੇ ਹਨ?**
ਉੱਤਰ: ਮਣਾ ਖੇਤ ਵਿੱਚ ਫ਼ਸਲ ਦੀ ਰਾਖੀ ਕਰਨ ਲਈ ਬਣਾਇਆ ਜਾਂਦਾ ਹੈ। ਖੇਤ ਵਿੱਚ ਚਾਰ ਬੱਲੀਆਂ ਗੱਡ ਕੇ ਉਸ ਉੱਪਰ ਮੰਜਾ ਟਿਕਾ ਦਿੱਤਾ ਜਾਂਦਾ ਹੈ।ਉੱਚਾ ਹੋਣ ਕਾਰਨ ਮਣੇ ਤੋਂ ਸਾਰਾ ਖੇਤ ਨਜ਼ਰ ਆਉਂਦਾ ਹੈ ਅਤੇ ਰਖਵਾਲਾ ਅਸਾਨੀ ਨਾਲ ਪੰਛੀ ਨੂੰ ਉਡਾ ਸਕਦਾ ਹੈ।

**ਪ੍ਰਸ਼ਨ (ੲ) ਪੰਛੀਆਂ ਨੂੰ ਚੋਗਾ ਕਿਉਂ ਨਹੀਂ ਸੀ ਮਿਲ ਰਿਹਾ?**
ਉੱਤਰ: ਲਗਾਤਰ ਕਈ ਦਿਨ ਮੀਂਹ ਪੈਂਦੇ ਰਹਿਣ ਕਾਰਨ ਪੰਛੀਆਂ ਨੂੰ ਚੋਗਾ ਨਹੀਂ ਮਿਲ ਰਿਹਾ ਸੀ। ਜਦੋਂ ਵੀ ਖੰਭ ਝਾੜ ਕੇ ਚੋਗੇ ਲਈ ਉਡਾਨ ਭਰਦੇ, ਤਾਂ ਫੇਰ ਮੀਂਹ ਆ ਜਾਂਦਾ। ਇਸ ਤੋਂ ਇਲਾਵਾ ਫ਼ਸਲ ਦੇ ਰਾਖੇ ਵੀ ਪੰਛੀਆਂ ਨੂੰ ਛੱਲੀਆਂ ਆਦਿ ਨੂੰ ਖਾਣ ਲਈ ਬੈਠਣ ਨਹੀਂ ਸਨ ਦਿੰਦੇ।
**ਪ੍ਰਸ਼ਨ (ਸ) ਕਾਂ ਛੱਲੀ ਕਿਉਂ ਨਹੀਂ ਸੀ ਠੁੰਗ ਸਕਿਆ?**
ਉੱਤਰ: ਕਈ ਦਿਨਾਂ ਤੋਂ ਚੋਗਾ ਨਾ ਮਿਲਣ ਕਾਰਨ ਕਾਂ ਬਹੁਤ ਕਮਜ਼ੋਰ ਹੋ ਗਿਆ ਸੀ। ਉਹ ਬਿਨਾਂ ਖੰਭ ਹਿਲਾਏ ਮੱਕੀ ਤੇ ਡਿੱਗਿਆ ਸੀ ਜਿਵੇਂ ਉਹਦੇ ਵਿੱਚ ਸਾਹ-ਸਤ ਹੀ ਨਾ ਹੋਵੇ। ਉਸ ਵਿੱਚ ਛੱਲੀ ਨੂੰ ਠੁੰਗ ਸਕਣ ਦੀ ਵੀ ਹਿੰਮਤ ਨਹੀਂ ਸੀ।
**ਪ੍ਰਸ਼ਨ (ਹ) ਰਾਖੇ ਨੇ ਕਾਂ ਨਾਲ ਕੀ ਵਿਹਾਰ ਕੀਤਾ?**
ਉੱਤਰ: ਛੱਲੀਆਂ ਦੇ ਰਾਖੇ ਨੇ ਕਾਂ ਉੱਤੇ ਤਰਸ ਦਿਖਾਉਂਦਿਆਂ ਉਸ ਨੂੰ ਕੁਝ ਨਾ ਕਿਹਾ। ਉਸ ਨੇ ਇੱਕ ਛੱਲੀ ਭੰਨ ਕੇ, ਉਸ ਦੇ ਦਾਣੇ ਭੋਰ ਕੇ, ਕਾਂ ਨੂੰ ਖਵਾਏ। ਜਦੋਂ ਕਾਂ ਉਡਣ ਦੇ ਲਾਇਕ ਹੋ ਗਿਆ ਤਾਂ ਉਹ ਉੱਡ ਗਿਆ।
**ਪ੍ਰਸ਼ਨ (ਕ) ਛੱਲੀਆਂ ਦੇ ਰਾਖੇ ਕੌਣ ਸਨ, ਉਹ ਫ਼ਸਲਾਂ ਦੀ ਰਾਖੀ ਕਿਵੇਂ ਕਰਦੇ ਸਨ?**
ਉੱਤਰ: ਛੱਲੀਆਂ ਦੇ ਰਾਖੇ ਲੇਖਕ ਅਤੇ ਉਸ ਦਾ ਤਾਇਆ ਸਨ। ਉਹ ਮਣੇ ਤੇ ਉੱਤੇ ਬੈਠ ਕੇ ਗੋਪੀਏ ਨਾਲ਼ ਪੰਛੀਆਂ ਨੂੰ ਉਡਾਉਂਦੇ ਸਨ। ਤਾਇਆ ਖਾਲੀ ਪੀਪਾ ਖੜਕਾ ਕੇ ਪੰਛੀਆਂ ਨੂੰ ਡਰਾਉਂਦਾ ਸੀ। ਉਹ ਦੋਵੇਂ 'ਹੜਾਤ-ਹੜਾਤ' ਕਰਕੇ ਪੰਛੀਆਂ ਨੂੰ ਦੂਰ ਭਜਾਉਂਦੇ ਸਨ।
**2. ਔਖੇ ਸ਼ਬਦਾਂ ਦੇ ਅਰਥ:**
ਸਿਲਸਿਲਾ - ਲੜੀ, ਰੁਝਾਨ
ਮਣਾ - ਖੇਤ ਵਿੱਚ ਰਾਖੀ ਲਈ ਬਣਾਈ ਉੱਚੀ ਥਾਂ
ਲਾਚਾਰ - ਬੇਵੱਸ
ਟਿਕ-ਟਿਕੀ - ਗਹੁ ਨਾਲ ਦੇਖਣਾ, ਲਗਾਤਾਰ ਦੇਖਣਾ
ਗੁਰੇਜ਼ ਕਰਨਾ - ਰੁਕਣਾ, ਪਰਹੇਜ਼ ਕਰਨਾ
ਨਿਗਰਾਨੀ - ਰਾਖੀ ਜਾਂ ਚੌਕਸੀ
ਪੌਂਚੇ - ਪੰਛੀਆਂ ਦੇ ਪੈਰ
ਅਹਿਸਾਸ ਹੋਣਾ - ਮਹਿਸੂਸ ਹੋਣਾ
ਸਾਹ-ਸਤ ਨਾ ਹੋਣਾ - ਸਰੀਰ ਵਿੱਚ ਜਾਨ ਨਾ ਹੋਣਾ
ਸਮਰੱਥ - ਯੋਗ
ਗੋਪੀਆ - ਪੰਛੀ ਉਡਾਉਣ ਲਈ ਬਣੀ ਹੋਈ ਜਾਲੀਦਾਰ ਰੱਸੀ
ਝੜੀ ਲੱਗਣਾ - ਲਗਾਤਾਰ ਮੀਂਹ ਪੈਣਾ

**3. ਵਾਕਾਂ ਵਿੱਚ ਵਰਤੋ:**
ਜਲ-ਥਲ (ਹਰ ਥਾਂ ਪਾਣੀ ਹੋ ਜਾਣਾ) ਝੜੀ ਲੱਗਣ ਕਾਰਨ ਚਾਰੇ-ਪਾਸੇ ਜਲ-ਥਲ ਹੋ ਗਿਆ।
ਰੌਲ਼ਾ-ਗੋਲ਼ਾ (ਸ਼ੋਰ) ਮੇਲੇ ਵਿੱਚ ਸੀਟੀਆਂ-ਸਪੀਕਰਾਂ ਦਾ ਰੌਲ਼ਾ-ਗੋਲ਼ਾ ਹੁੰਦਾ ਹੈ।
ਹੋ-ਹੱਲਾ (ਰੌਲ਼ਾ) ਕਿਸਾਨ ਹੋ-ਹੱਲਾ ਕਰਕੇ ਪੰਛੀਆਂ ਨੂੰ ਉਡਾ ਦਿੰਦੇ ਹਨ।
ਗੁਲਗੁਲੇ (ਪਕਵਾਨ) ਝੜੀ ਵਾਲੇ ਦਿਨਾਂ ਵਿੱਚ ਅਕਸਰ ਘਰਾਂ ਵਿੱਚ ਗੁਲਗੁਲੇ ਪਕਦੇ ਹਨ।
ਗੜੁੱਚ (ਗਿੱਲੇ ਹੋਣਾ) ਮੀਂਹ ਵਿੱਚ ਭਿੱਜਣ ਕਾਰਨ ਮੇਰੇ ਕੱਪੜੇ ਗੜੁੱਚ ਹੋ ਗਏ।
ਫਿਰਨੀ (ਪਿੰਡ ਦੇ ਚੁਫ਼ੇਰੇ ਦਾ ਰਸਤਾ) ਸਾਡੇ ਪਿੰਡ ਦੀ ਫਿਰਨੀ ਪੱਕੀ ਬਣ ਚੁੱਕੀ ਹੈ।
ਮਨੋ-ਮਨੀ (ਮਨ ਵਿੱਚ) ਲੇਖਕ ਨੂੰ ਜਾਪਿਆ ਪੰਛੀ ਉਸ ਨੂੰ ਮਨੋ-ਮਨੀ ਕੋਸ ਰਹੇ ਹਨ।
ਸ਼ੁਕਰਾਨਾ (ਧੰਨਵਾਦ) ਸੁੱਖ ਵੇਲੇ ਪਰਮਾਤਮਾ ਦਾ ਸ਼ੁਕਰਾਨਾ ਜ਼ਰੂਰ ਕਰੋ।
ਪ੍ਰਤੀਤ (ਮਹਿਸੂਸ) ਲੇਖਕ ਨੂੰ ਪ੍ਰਤੀਤ ਹੋਇਆ ਕਿ ਕਾਂ ਬਹੁਤ ਭੁੱਖਾ ਹੈ।
ਡਿੰਘ ਭਰਨਾ (ਕਦਮ ਚੁੱਕਣਾ) ਚਿੱਕੜ ਵਿੱਚ ਪੱਕੇ ਪੈਰੀਂ ਡਿੰਘ ਭਰਨੀ ਚਾਹੀਦੀ ਹੈ।
ਪੇਟ ਦੀ ਭੁੱਖ ਮਿਟਾਉਣੀ (ਕੁੱਝ ਖਾਣਾ) ਕਾਂ ਨੇ ਮੱਕੀ ਦੇ ਦਾਣੇ ਖਾ ਕੇ ਪੇਟ ਦੀ ਭੁੱਖ ਮਿਟਾਈ।

**ਵਿਆਕਰਨ - ਯੋਜਕ**
ਰੂਪ ਅਤੇ ਵਰਤੋਂ ਦੇ ਪੱਖ ਤੋਂ ਯੋਜਕ ਦੋ ਪ੍ਰਕਾਰ ਦਾ ਹੁੰਦਾ ਹੈ।
1. ਇਕਹਿਰੇ ਯੋਜਕ - ਜਿਹੜਾ ਯੋਜਕ ਇੱਕ ਹੀ ਸ਼ਬਦ ਦਾ ਬਣਿਆ ਹੋਵੇ, ਉਸ ਨੂੰ ਇਕਹਿਰਾ ਯੋਜਕ ਕਿਹਾ ਜਾਂਦਾ ਹੈ। ਜਿਵੇਂ: ਤੇ, ਅਤੇ, ਪਰ, ਕਿ, ਕਿਉਂਕਿ ਆਦਿ।
2. ਸੰਜੁਗਤ ਯੋਜਕ - ਦੋ ਜਾਂ ਦੋ ਤੋਂ ਵੱਧ ਸ਼ਬਦਾਂ ਤੋਂ ਮਿਲ ਕੇ ਬਣੇ ਹੋਏ ਯੋਜਕ ਨੂੰ ਸੰਜੁਗਤ ਯੋਜਕ ਕਿਹਾ ਜਾਂਦਾ ਹੈ।
**ਹੇਠ ਲਿਖੇ ਵਾਕਾਂ ਵਿੱਚੋਂ ਰੂਪ, ਆਕਾਰ ਤੇ ਅਰਥਾਂ ਦੇ ਪੱਖ ਤੋਂ ਯੋਜਕ ਚੁਣੋ:**
**(ੳ) ਜੇ ਕੋਈ ਬੁਰਾ ਵੀ ਕਰੇ ਤਾਂ ਵੀ ਭਲਾਈ ਵਾਲ਼ਾ ਵਿਹਾਰ ਕਰਕੇ ਉਸ ਦਾ ਦਿਲ ਜਿੱਤਣ ਦਾ ਯਤਨ ਕਰਨਾ ਨੇਕੀ ਹੈ।**
ਉੱਤਰ: ਤਾਂ ਵੀ (ਸੰਜੁਗਤ ਯੋਜਕ)
**(ਅ) ਮੈਂ ਸੋਚਿਆ ਭੁੱਖੇ ਤੇ ਬੇਵਸ ਹੋਏ ਕਾਂ ਨੂੰ ਮਾਰਨਾ ਨਹੀਂ ਚਾਹੀਦਾ ਕਿਉਂਕਿ ਉਸ ਨੇ ਛੱਲੀ ਵੀ ਨਹੀਂ ਸੀ ਠੁੰਗੀ ਤੇ ਉਹ ਮੇਰਾ ਚੋਰ ਵੀ ਨਹੀਂ ਸੀ।**
ਉੱਤਰ: 'ਤੇ' 'ਕਿਉਂਕਿ' (ਇਕਹਿਰੇ ਯੋਜਕ)
**(ੲ) ਤਾਇਆ ਚਾਹ ਤੇ ਗੁਲਗੁਲਿਆਂ ਦਾ ਆਨੰਦ ਲੈਣ ਲੱਗਾ।**
ਉੱਤਰ: 'ਤੇ' (ਇਕਹਿਰਾ ਯੋਜਕ)
**(ਸ) ਮੈਂ ਸੱਪ ਨੂੰ ਨਹੀਂ ਮਾਰਿਆ ਕਿਉਂਕਿ ਉਸ ਨੇ ਮੈਨੂੰ ਕੁਝ ਨਹੀਂ ਸੀ ਕਿਹਾ।**
ਉੱਤਰ: 'ਕਿਉਂਕਿ' (ਇਕਹਿਰਾ ਯੋਜਕ)
**(ਹ) ਤੂੰ ਮੈਨੂੰ ਇਸ ਦੀ ਥਾਂ ਇੱਕ ਨਿੱਕੀ ਜਿਹੀ ਸੂਈ ਲਿਆ ਦੇ ਤਾਂ ਕਿ ਮੈਂ ਪਾਟਿਆਂ ਨੂੰ ਜੋੜ ਸਕਾਂ।**
ਉੱਤਰ: 'ਤਾਂ ਕਿ' (ਸੰਜੁਗਤ ਯੋਜਕ)
**(ਕ) ਮੈਂ ਕਾਂ ਨੂੰ ਮਾਰ ਕੇ ਤਾਏ ਦੀ ਨਜ਼ਰਾਂ ਵਿੱਚ ਤਾਂ ਚੰਗਾ ਬਣ ਸਕਦਾ ਸੀ ਪਰ ਆਪਣੀਆਂ ਨਜ਼ਰਾਂ ਵਿੱਚ ਨਹੀਂ - 'ਪਰ' (ਇਕਹਿਰਾ ਯੋਜਕ)**

**ਜਮਾਤ - ਅੱਠਵੀਂ ਪਾਠ- 21 ਸਾਇੰਸ ਸਿਟੀ**
**ਸਾਹਿਤ ਰੂਪ - ਲੇਖ ਲੇਖਕ -ਅਸ਼ਨੀ ਕੁਮਾਰ**
**ਪ੍ਰਸ਼ਨ (ੳ) ਸਾਇੰਸ ਸਿਟੀ ਕਿੱਥੇ ਸਥਿੱਤ ਹੈ? ਇਸ ਦਾ ਕੁੱਲ ਖੇਤਰਫਲ ਕਿੰਨਾ ਹੈ?**
ਉੱਤਰ: ਸਾਇਸ ਸਿਟੀ ਜਲੰਧਰ-ਕਪੂਰਥਲਾ ਸੜਕ ਉੱਤੇ ਸਥਿਤ ਹੈ। ਇਸ ਦਾ ਕੁੱਲ ਖੇਤਰਫਲ 72 ਏਕੜ ਹੈ।
**ਪ੍ਰਸ਼ਨ (ਅ) ਸਾਇੰਸ ਸਿਟੀ ਲੋਕਾਂ ਲਈ ਕਦੋਂ ਖੋਲ੍ਹਿਆ ਗਿਆ?**
ਉੱਤਰ: ਸਾਇੰਸ ਸਿਟੀ ਲੋਕਾਂ ਲਈ 19 ਮਾਰਚ, 2005 ਨੂੰ ਖੋਲ੍ਹਿਆ ਗਿਆ।

**ਪ੍ਰਸ਼ਨ (ੲ) ਸਪੇਸ-ਥਿਏਟਰ ਅਤੇ ਆਮ ਸਿਨਮੇ ਦੀ ਫ਼ਿਲਮ ਵਿੱਚ ਕੀ ਅੰਤਰ ਹੈ?**
ਉੱਤਰ: ਸਪੇਸ ਥਿਏਟਰ ਵਿੱਚ ਆਮ ਸਿਨਮੇ ਨਾਲੋਂ 10 ਗੁਣਾਂ ਵੱਡੀ ਸਕਰੀਨ ਉੱਤੇ ਫ਼ਿਲਮ ਦਿਖਾਈ ਜਾਂਦੀ ਹੈ।ਇਸ ਥਿਏਟਰ ਵਿੱਚ ਬੱਦਲ ਗਰਜਣ ਤੋਂ ਲੈ ਕੇ ਸੂਈ ਡਿੱਗਣ ਤੱਕ ਦੀ ਅਵਾਜ਼ ਸਾਫ਼ ਸੁਣਾਈ ਦਿੰਦੀ ਹੈ। ਇਸ ਵਿੱਚ ਫ਼ਿਲਮ ਦੇਖਦਿਆਂ ਤੁਹਾਨੂੰ ਇੰਝ ਲੱਗੇਗਾ ਹੈ ਜਿਵੇਂ ਤੁਸੀਂ ਫ਼ਿਲਮ ਦਾ ਇੱਕ ਹਿੱਸਾ ਹੋ।

**ਪ੍ਰਸ਼ਨ (ਸ) ਫ਼ਲਾਈਟ ਸਿਮੂਲੇਟਰ ਅਤੇ ਅਰਥਕੁਏਕ -ਸਿਮੂਲੇਟਰ ਦਾ ਸ਼ੋਅ ਕੀ ਹੈ?**
ਉੱਤਰ: ਫ਼ਲਾਈਟ ਸਿਮੂਲੇਟਰ 5 ਡਿਗਰੀ ਦੀ ਚਾਲ ਵਾਲੀ ਇਸ ਸਵਾਰੀ ਵਿੱਚ ਬੈਠਿਆਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਉਹ ਹਵਾਈ ਜਹਾਜ਼ ਵਿੱਚ ਬੈਠਾ ਹੋਵੇ। ਅਰਥਕੁਏਕ ਸਿਮੂਲੇਟਰ ਵਿੱਚ ਬੈਠਿਆਂ ਦਰਸ਼ਕਾਂ ਨੂੰ ਭੂਚਾਲ ਦੇ ਅਸਲੀ ਝਟਕਿਆਂ ਵਰਗਾ ਅਹਿਸਾਸ ਹੁੰਦਾ ਹੈ ਇਸ 'ਚ ਦਿਖਾਇਆ ਗਿਆ ਹੈ ਕਿ ਭੂਚਾਲ ਆਉਣ ਤੇ ਕੀ ਕਰਨਾ ਚਾਹੀਦਾ ਹੈ।

**ਪ੍ਰਸ਼ਨ (ਹ) 3-ਡੀ ਸ਼ੋਅ ਕੀ ਹੈ?ਲੇਜ਼ਰ ਦੀ ਵਰਤੋਂ ਕਿੱਥੇ-ਕਿੱਥੇ ਹੁੰਦੀ ਹੈ?**
ਉੱਤਰ: ਇਹ ਸ਼ੋਅ ਸਪੈਸ਼ਲ ਐਨਕਾਂ ਨਾਲ ਦੇਖਿਆ ਜਾਂਦਾ ਹੈ।ਇਸ ਕਮਾਲ ਦੇ ਥਿਏਟਰ ਵਿੱਚ ਬੈਠਿਆਂ ਦਰਸ਼ਕ ਨੂੰ ਇੰਝ ਲਗਦਾ ਹੈ, ਜਿਵੇਂ ਫ਼ਿਲਮ ਦੇ ਕਿਰਦਾਰ ਸਕਰੀਨ ਤੋਂ ਬਾਹਰ ਆ ਕੇ ਉਸ ਨੂੰ ਛੂਹ ਰਹੇ ਹਨ।ਲੇਜ਼ਰ ਦੀ ਵਰਤੋਂ ਉਦਯੋਗ ਦੇ ਨਾਲ਼-ਨਾਲ਼ ਅੱਖਾਂ ਦੇ ਉਪਰੇਸ਼ਨ, ਕੈਂਸਰ ਥੈਰੇਪੀ ਤੇ ਚੀਰਾ-ਰਹਿਤ ਉਪਰੇਸ਼ਨ ਵਿੱਚ ਕੀਤੀ ਜਾਂਦੀ ਹੈ।

**ਪ੍ਰਸ਼ਨ (ਕ) ਸਿਹਤ ਗੈਲਰੀ ਵਿੱਚ ਕੀ ਕੁਝ ਦੇਖਣ ਯੋਗ ਹੈ?**
ਉੱਤਰ: ਸਿਹਤ ਗੈਲਰੀ ਮਨੁੱਖੀ ਸਰੀਰ ਦੇ ਰਹੱਸਾਂ ਨੂੰ ਖੋਲ੍ਹਦੀ ਹੈ। ਇਸ ਵਿੱਚ 12 ਫੁੱਟ ਉੱਚਾ ਦਿਲ ਦਾ ਮਾਡਲ ਹੈ ਜਿਸ ਵਿੱਚੋਂ ਲੰਘਦਿਆਂ ਦਿਲ ਦੀ ਧੜਕਨ ਦੀ ਅਵਾਜ਼ ਸੁਣਾਈ ਦਿੰਦੀ ਹੈ।ਪਾਰਦਰਸ਼ੀ ਮਨੁੱਖ ਥਿਏਟਰ ਵਿੱਚ ਵਿੱਚ ਸਾਨੂੰ ਆਪਣੇ ਸਰੀਰ ਦੇ ਅੰਗਾਂ ਦੀਆਂ ਕਿਰਿਆਵਾਂ ਦਾ ਪਤਾ ਲਗਦਾ ਹੈ।ਪਾਰਦਰਸ਼ੀ ਮਨੁੱਖ ਬੋਲ ਕੇ ਦੱਸਦਾ ਹੈ ਕਿ ਸਾਡਾ ਦਿਲ ਦਿਨ ਵਿੱਚ ਕਿੰਨੀ ਵਾਰ ਧੜਕਦਾ ਹੈ ਤੇ ਅਸੀਂ ਕਿੰਨੀ ਵਾਰ ਸਾਹ ਲੈਂਦੇ ਹਾਂ।ਇਸ ਗੈਲਰੀ ਵਿੱਚ ਦਰਸ਼ਕ ਸਿਟੀ ਸਕੈਨ ਤੇ ਉਪਰੇਸ਼ਨ ਵੀ ਕਰਕੇ ਦੇਖ ਸਕਦੇ ਹਨ।

**ਪ੍ਰਸ਼ਨ (ਖ) ਊਰਜਾ-ਪਾਰਕ ਕੀ ਹੈ?**
ਉੱਤਰ: ਊਰਜਾ ਪਾਰਕ ਵਿੱਚ ਕੇਵਲ ਸੂਰਜੀ ਊਰਜਾ ਹੀ ਵਰਤੀ ਜਾਂਦੀ ਹੈ।ਇਸ ਪਾਰਕ ਵਿੱਚ ਸੂਰਜੀ ਊਰਜਾ ਨੂੰ ਵਰਤਣ ਬਾਰੇ ਜਾਣਕਾਰੀ ਮਿਲਦੀ ਹੈ।ਇਸ ਵਿੱਚ ਸੂਰਜੀ ਊਰਜਾ ਨੂੰ ਬੈਟਰੀਆਂ ਵਿੱਚ ਸਟੋਰ ਕਰਕੇ ਇਹ ਦੱਸਿਆ ਗਿਆ ਹੈ ਕਿ ਸੂਰਜ ਨਾ ਚੜ੍ਹਨ ਤੇ ਵੀ ਕਿਸ ਤਰ੍ਹਾਂ ਸੂਰਜੀ ਊਰਜਾ ਨੂੰ ਵਰਤ ਸਕਦੇ ਹਾਂ।ਇਸ ਵਿਚਲੇ ਪਣ ਸ਼ਕਤੀ ਕੇਂਦਰ ਰਾਹੀਂ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਪਾਣੀ ਤੋਂ ਬਿਜਲੀ ਤਿਆਰ ਕੀਤੀ ਜਾਂਦੀ ਹੈ।ਇਸ ਵਿੱਚ ਦੱਸਿਆ ਗਿਆ ਹੈ ਪ੍ਰਮਾਣੂ ਸ਼ਕਤੀ ਕੇਵਲ ਬੰਬ ਬਣਾਉਣ ਲਈ ਨਹੀਂ ਸਗੋਂ ਇਸ ਦੀ ਵਰਤੋਂ ਲੋਕ-ਭਲਾਈ ਵੀ ਕੀਤੀ ਜਾ ਸਕਦੀ ਹੈ।

**ਪ੍ਰਸ਼ਨ (ਗ) ਡਾਇਨਾਸੋਰ ਪਾਰਕ ਵਿੱਚ 'ਡਾਇਨਾਸੋਰ ਦੇ ਮਾਡਲ ਆਪਣੀ ਕਹਾਣੀ ਆਪ ਬਿਆਨ ਕਰਦੇ ਹਨ' ਚਰਚਾ ਕਰੋ।**
ਉੱਤਰ: ਡਾਇਨਾਸੋਰ ਪਾਰਕ ਵਿੱਚ ਬਣੀ ਇੱਕ ਝੀਲ ਵਿੱਚ ਸਥਿਤ ਟਾਪੂ ਵਿੱਚ 44 ਡਾਇਨਾਸੋਰ ਦੇ ਮਾਡਲ ਰੱਖੇ ਹਨ।ਇਸ ਪਾਰਕ ਵਿੱਚ ਡਾਇਨਾਸੋਰ ਹਿਲਦੇ-ਜੁਲਦੇ ਮਾਡਲ ਵਿਖਾਏ ਗਏ ਹਨ।ਜੋ ਇਸ ਤਰ੍ਹਾਂ ਲੱਗਦੇ ਹਨ ਜਿਵੇਂ ਸਾਡੇ ਨਾਲ ਗੱਲਾਂ ਕਰਨੀਆਂ ਚਾਹੁੰਦੇ ਹਨ।ਉਨ੍ਹਾਂ ਦੇ ਅੰਤ ਹੋਣ ਦਾ ਕਾਰਨ ਜਵਾਲਾਮੁਖੀ ਦਾ ਫੱਟਣਾ ਦੱਸਿਆ ਗਿਆ ਹੈ।

**ਪ੍ਰਸ਼ਨ (ਘ) ਜੰਗੀ ਹਥਿਆਰਾਂ ਨਾਲ਼ ਸੰਬੰਧਿਤ ਗੈਲਰੀ ਵਿੱਚ ਕੀ ਕੁੱਝ ਰੱਖਿਆ ਗਿਆ ਹੈ?**
ਉੱਤਰ: ਇਸ ਗੈਲਰੀ ਵਿੱਚ 1980 ਵਿੱਚ ਬਣਿਆ ਮਿਗ 23 ਜਹਾਜ਼ ਰੱਖਿਆ ਗਿਆ ਹੈ।ਇਸ ਜਹਾਜ਼ ਨੂੰ ਉਪਰੇਸ਼ਨ ਬਰਾਸਟੈਕ ਤੇ ਕਾਰਗਿਲ ਦੀ ਲੜਾਈ ਵਿੱਚ ਵਰਤਿਆ ਗਿਆ ਸੀ। ਇੱਥੇ ਭਾਰਤ ਦਾ ਬਣਿਆ ਵਿਜੈਅੰਤਾ ਟੈਂਕ ਵੀ ਰੱਖਿਆ ਗਿਆ ਹੈ।

**ਪ੍ਰਸ਼ਨ (ਙ) ਸਪੋਰਟਸ-ਗੈਲਰੀ ਅਤੇ ਰੇਲਵੇ-ਗੈਲਰੀ ਵਿੱਚ ਕੀ ਹੈ?**
ਉੱਤਰ: ਸਪੋਰਟਸ ਗੈਲਰੀ ਵਿੱਚ ਕ੍ਰਿਕਟ, ਹਾਕੀ, ਬਾਸਕਟ ਬਾਲ, ਵਾਲੀਬਾਲ ਖੇਡਾਂ ਪਿੱਛੇ ਕੰਮ ਕਰਦੇ ਵਿਗਿਆਨਿਕ ਸਿਧਾਤਾਂ ਬਾਰੇ ਦੱਸਿਆ ਗਿਆ ਹੈ।ਰੇਲਵੇ ਗੈਲਰੀ ਵਿੱਚ ਦਿੱਲੀ ਮੈਟਰੋ, ਜਾਪਾਨ ਦੀ ਬੁਲਿਟ ਟ੍ਰੇਨ ਅਤੇ ਕਾਲਕਾ ਦੀ ਸ਼ਿਮਲਾ ਮੇਲ ਦੇ ਮਾਡਲ ਪ੍ਰਦਰਸ਼ਿਤ ਕੀਤੇ ਗਏ ਹਨ।

**2. ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਅਹਿਮ - ਬਹੁਤ ਜ਼ਰੂਰੀ | ਵਿਕਾਸ - ਤਰੱਕੀ, ਉੱਨਤੀ | ਪ੍ਰਕਿਰਿਆ - ਤਰੀਕਾ, ਅਮਲ |
| ਯੋਗਦਾਨ - ਸਹਿਯੋਗ, ਦੇਣ | ਗਲੋਬ - ਧਰਤੀ ਦਾ ਮਾਡਲ, ਭੂਮੰਡਲ | ਰਹੱਸ - ਭੇਤ, ਗੁੱਝੀ ਗੱਲ |
| ਥਿਏਟਰ - ਸਿਨਮਾ, ਨਾਟਕ ਘਰ | ਦਾਸਤਾਨ - ਕਹਾਣੀ , ਵਿੱਥਿਆ | ਪ੍ਰਦਰਸ਼ਨੀ - ਨੁਮਾਇਸ਼, ਦਿਖਾਵਾ |
| ਕਿਰਦਾਰ - ਪਾਤਰ | ਗਲੈਕਸੀ - ਅਕਾਸ਼ ਗੰਗਾ, ਤਾਰਾਸਮੂਹ | ਆਕਰਸ਼ਣ - ਖਿੱਚ, ਕਸ਼ਸ਼ |
| ਉਪਰਾਲੇ - ਜਤਨ, ਹੀਲੇ, ਉਪਾਅ | ਸੈਟੇਲਾਈਟ - ਉਪਗ੍ਰਹਿ | ਟੈਲੀਸਕੋਪ - ਦੂਰਬੀਨ |

**3. ਵਾਕਾਂ ਵਿੱਚ ਵਰਤੋ:**
ਜਾਗਰੂਕ (ਸੁਚੇਤ) ਟ੍ਰੈਫ਼ਿਕ ਨਿਯਮਾਂ ਸੰਬੰਧੀ ਜਾਗਰੂਕ ਰਹਿਣਾ ਚਾਹੀਦਾ ਹੈ।
ਸਕਰੀਨ (ਪਰਦਾ) ਸਪੇਸ-ਥਿਏਟਰ ਵਿੱਚ 10 ਗੁਣਾ ਵੱਡੀ ਸਕਰੀਨ ਤੇ ਫ਼ਿਲਮ ਦਿਖਾਈ ਜਾਂਦੀ ਹੈ।
ਪੁਲਾੜ (ਖਿਲਾਅ) ਕਲਪਨਾ ਚਾਵਲਾ ਨੇ ਪੁਲਾੜ ਵਿੱਚ ਕਾਫ਼ੀ ਦਿਨ ਬਿਤਾਏ।
ਮਾਡਲ (ਨਮੂਨਾ) ਗਲੋਬ ਧਰਤੀ ਦਾ ਮਾਡਲ ਹੁੰਦਾ ਹੈ।
ਮੇਕ-ਅਪ (ਸ਼ਿੰਗਾਰ) ਫ਼ਿਲਮ ਸਟਾਰ ਬਹੁਤ ਮੇਕ-ਅਪ ਕਰਦੇ ਹਨ।
ਟ੍ਰੇਨਿੰਗ (ਸਿਖਲਾਈ) ਬਿਨਾਂ ਟ੍ਰੇਨਿੰਗ ਤੋਂ ਪੁਲਾੜ ਵਿੱਚ ਰਹਿਣਾ ਸੰਭਵ ਨਹੀਂ ਹੈ।
ਲਾਹੇਵੰਦ (ਫ਼ਾਇਦੇਮੰਦ) ਸਵੇਰ ਦੀ ਸੈਰ ਸਿਹਤ ਲਈ ਲਾਹੇਵੰਦ ਹੁੰਦੀ ਹੈ।
ਪਾਰਦਰਸ਼ੀ (ਆਰ-ਪਾਰ ਦਿਸਣ ਵਾਲਾ) ਜ਼ੈਲੀਫ਼ਿਸ਼ ਦੇ ਆਰ-ਪਾਰ ਵੇਖਿਆ ਜਾ ਸਕਦਾ ਹੈ।

**ਵਿਆਕਰਨ - ਵਿਸਮਿਕ**
ਉਹ ਸ਼ਬਦ ਜੋ ਮਨ ਦੀ ਖ਼ੁਸ਼ੀ, ਗ਼ਮੀ, ਹੈਰਾਨੀ, ਆਦਿ ਭਾਵਾਂ ਨੂੰ ਪ੍ਰਗਟ ਕਰਨ, ਵਿਸਮਿਕ ਅਖਵਾਉਂਦੇ ਹਨ। ਜਿਵੇਂ: ਓ ਹੋ, ਵਾਹ-ਵਾਹ, ਬੱਲੇ-ਬੱਲੇ, ਜਿਊਂਦਾ ਰਹਿ, ਸ਼ਾਬਾਸ਼, ਲੱਖ ਲਾਹਣਤ, ਭਲਾ ਹੋਵੇ, ਹਾਏ ਆਦਿ।

## ਸ੍ਰੀ ਗੁਰੂ ਨਾਨਕ ਦੇਵ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਸਨ।ਆਪ ਦਾ ਪੰਜਾਬ ਦੇ ਇਤਿਹਾਸਕ, ਧਾਰਮਿਕ ਤੇ ਸਮਾਜਿਕ ਖੇਤਰ ਵਿੱਚ ਵਿਸ਼ੇਸ਼ ਸਥਾਨ ਹੈ।ਆਪ ਦਾ ਧਰਮ ਸਰਬ-ਸਾਂਝਾ ਸੀ,ਜਿਸ ਕਾਰਨ ਆਪ 'ਹਿੰਦੂਆਂ ਦੇ ਗੁਰੂ' 'ਤੇ 'ਮੁਸਲਮਾਨਾਂ ਦੇ ਪੀਰ' ਅਖਵਾਏ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਵਿੱਚ ਰਾਇ ਭੋਇ ਦੀ ਤਲਵੰਡੀ ਵਿੱਚ ਹੋਇਆ । ਇਹ ਥਾਂ ਅੱਜ-ਕੱਲ੍ਹ ਨਨਕਾਣਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਆਪ ਜੀ ਦੇ ਪਿਤਾ ਦਾ ਨਾਂ ਮਹਿਤਾ ਕਾਲੂ ਜੀ ਅਤੇ ਮਾਤਾ ਜੀ ਦਾ ਨਾਂ ਤ੍ਰਿਪਤਾ ਜੀ ਸੀ।

ਸੱਤ ਸਾਲ ਦੀ ਉਮਰ ਵਿੱਚ ਆਪ ਨੂੰ ਪੜ੍ਹਨ ਲਾਇਆ ਗਿਆ ਪਰ ਆਪ ਨੇ ਪੰਡਤ, ਪਾਂਧੇ ਤੇ ਮੌਲਵੀ ਨੂੰ ਹੈਰਾਨ ਕਰ ਦੇਣ ਵਾਲੇ ਪ੍ਰਸ਼ਨ ਕੀਤੇ, ਜਿਨ੍ਹਾਂ ਦੇ ਉੱਤਰ ਉਹ ਨਾ ਦੇ ਸਕੇ।ਆਪ ਦੀ ਸੂਝ ਅਤੇ ਗਿਆਨ ਤੋਂ ਸਭ ਹੈਰਾਨ ਸਨ। ਬਚਪਨ ਤੋਂ ਹੀ ਆਪ ਦਾ ਝੁਕਾਅ ਪ੍ਰਭੂ-ਭਗਤੀ ਵੱਲ ਸੀ।ਸੰਤਾਂ ਦੀ ਸੂਝ ਅਤੇ ਗਿਆਨ ਆਪ ਪਾਸ ਸੀ।ਇਸ ਲਈ ਬਹੁਤਾ ਪੜ੍ਹਨ ਦੀ ਲੋੜ ਨਹੀ ਸੀ। ਦੁਨੀਆਵੀਂ ਕੰਮਾਂ ਵਿੱਚ ਧਿਆਨ ਲਾਉਣ ਲਈ ਆਪ ਦੇ ਪਿਤਾ ਜੀ ਨੇ ਆਪ ਜੀ ਨੂੰ ਵਪਾਰ ਕਰਨ ਲਈ 20 ਰੁਪਏ ਦਿੱਤੇ ਪਰ ਆਪ ਨੇ ਉਨ੍ਹਾਂ ਪੈਸਿਆਂ ਨਾਲ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਦਿੱਤਾ। ਪਿਤਾ ਜੀ ਦੇ ਪੁੱਛਣ ਕਿਹਾ, "ਇਸ ਤੋਂ ਸੱਚਾ ਸੋਦਾ ਹੋਰ ਕਿਹੜਾ ਹੋ ਸਕਦਾ ਹੈ"।

ਦੁਨੀਆਂਦਾਰੀ ਦੇ ਕੰਮਾਂ ਵਿੱਚ ਲਾਉਣ ਲਈ ਆਪ ਜੀ ਦਾ ਵਿਆਹ ਸੁਲੱਖਣੀ ਜੀ ਨਾਲ ਕਰ ਦਿੱਤਾ। ਆਪ ਦੇ ਘਰ ਦੋ ਸਪੁੱਤਰ ਹੋਏ ਪਰ ਆਪ ਲਈ ਸ਼ਾਦੀ ਵੀ ਰੁਕਾਵਟ ਨਾ ਬਣ ਸਕੀ।ਅੰਤ ਆਪ ਨੂੰ ਸੁਲਤਾਨਪੁਰ ਮੋਦੀਖਾਨੇ ਵਿੱਚ ਨੌਕਰੀ ਕਰਨ ਲਈ ਭੇਜ ਦਿੱਤਾ । ਜਿੱਥੇ ਆਪ ਆਪਣੀ ਕਮਾਈ ਦਾ ਬਹੁਤਾ ਹਿੱਸਾ ਸੰਤਾਂ ਤੇ ਗਰੀਬਾਂ ਵਿੱਚ ਵੰਡ ਦਿੰਦੇ ।

ਇੱਕ ਦਿਨ ਆਪ ਬੇਈਂ ਨਦੀ ਵਿੱਚ ਇਸ਼ਨਾਨ ਲਈ ਗਏ ਆਪ ਨੂੰ ਰੱਬੀ ਦਰਸ਼ਨ ਹੋਏ।ਆਪ ਨੇ ਨੌਕਰੀ ਛੱਡ ਦਿੱਤੀ ਅਤੇ ਲੋਕ ਕਲਿਆਣ ਲਈ ਚਾਰੇ ਦਿਸ਼ਾਵਾਂ ਵਿੱਚ ਚਾਰ ਵੱਡੀਆਂ ਉਦਾਸੀਆਂ ਕੀਤੀਆਂ ਅਤੇ ਇਸ ਸਮੇਂ ਵਿੱਚ ਹੀ ਆਪ ਨੇ ਕਰਤਾਰ ਪੁਰ ਵਸਾਇਆ।

ਆਪ ਨੇ ਬਹੁਤ ਸਾਰੀ ਬਾਣੀ ਰਚੀ -ਜਪੁਜੀ ਸਾਹਿਬ, ਬਾਰਾਂ ਮਾਹ, ਸਿੱਧ ਗੋਸ਼ਟਿ ਤੇ ਆਸਾ ਦੀ ਵਾਰ, ਆਪ ਦੀਆਂ ਪ੍ਰਸਿੱਧ ਰਚਨਾਵਾਂ ਹਨ।ਆਪ ਦੀ ਸਿੱਖਿਆ ਬੜੀ ਸਰਲ ਤੇ ਸਿੱਧੀ ਹੈ।ਆਪ ਨੇ ਕਿਹਾ ਪਰਮਾਤਮਾ ਇੱਕ ਹੈ, ਸਭ ਮਨੁੱਖ ਬਰਾਬਰ ਹਨ। ਆਪ ਨੇ ਮੂਰਤੀ ਪੂਜਾ ਅਤੇ ਪਾਖੰਡ ਦਾ ਡਟ ਕੇ ਵਿਰੋਧ ਕੀਤਾ। ਆਪ ਨੇ ਇਸਤਰੀ ਦੇ ਹੱਕ ਵਿੱਚ ਅਵਾਜ਼ ਉਠਾਈ ਅਤੇ ਕਿਹਾ, "ਸੋ ਕਿਉਂ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ ।ਆਪ ਜੀ ਦੀ ਮੁੱਖ ਸਿੱਖਿਆ ਸੀ, 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਭਟਕੇ ਹੋਏ ਲੋਕਾਂ ਨੂੰ ਸਿੱਧੇ ਰਾਹੇ ਪਾਉਂਦੇ ਹੋਏ ਆਪ 70 ਸਾਲ ਦੀ ਉਮਰ ਵਿੱਚ 1539 ਈ. ਨੂੰ ਕਰਤਾਰਪੁਰ ਵਿਖੇ ਜੋਤੀ -ਜੋਤ ਸਮਾ ਗਏ।ਇਸ ਤੋਂ ਪਹਿਲਾਂ ਹੀ ਆਪ ਨੇ ਗੁਰਿਆਈ ਦੀ ਗੱਦੀ ਭਾਈ ਲਹਿਣਾ ਜੀ ਨੂੰ ਦਿੱਤੀ ਤੇ ਉਨ੍ਹਾਂ ਨੂੰ ਗੁਰੂ ਅੰਗਦ ਦੇਵ ਜੀ ਦਾ ਨਾਂ ਦਿੱਤਾ।

## ਦੀਵਾਲੀ

ਭਾਰਤ ਮੇਲਿਆਂ ਅਤੇ ਤਿਉਹਾਰਾਂ ਦਾ ਦੇਸ ਹੈ।ਇੱਥੇ ਗੁਰੂਆਂ, ਅਵਤਾਰਾਂ, ਭਗਤਾਂ ਅਤੇ ਸੂਰਮਿਆਂ ਨੇ ਜਨਮ ਲਿਆ ਹੈ।ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਇਹ ਤਿਉਹਾਰ ਧੂਮ- ਧਾਮ ਨਾਲ ਮਨਾਏ ਜਾਂਦੇ ਹਨ।ਇਨ੍ਹਾਂ ਤਿਉਹਾਰਾਂ ਵਿੱਚ ਦੀਵਾਲੀ ਭਾਰਤ ਦਾ ਪ੍ਰਸਿੱਧ ਤਿਉਹਾਰ ਹੈ ਜੋ ਹਰ ਪਿੰਡ ਹਰ ਸ਼ਹਿਰ ਵਿੱਚ ਮਨਾਇਆ ਜਾਂਦਾ ਹੈ।

ਦੀਵਾਲੀ ਸ਼ਬਦ 'ਦੀਪਾਵਲੀ' ਤੋਂ ਬਣਿਆ ਹੈ ਜਿਸ ਦਾ ਅਰਥ ਦੀਵਿਆਂ ਦੀ ਮਾਲਾ।ਇਹ ਤਿਉਹਾਰ ਕੱਤਕ ਦੀ ਮੱਸਿਆ ਦੀ ਘੁੱਪ ਹਨੇਰੀ ਰਾਤ ਨੂੰ ਮਨਾਇਆ ਜਾਂਦਾ ਹੈ।ਇਹ ਦੁਸਹਿਰੇ ਤੋਂ ਵੀਹ ਦਿਨ ਬਾਅਦ ਆਉਂਦਾ ਹੈ।ਇਸ ਦਿਨ ਦੀਵਿਆਂ, ਬਲਬਾਂ ਅਤੇ ਮੋਮਬੱਤਿਆਂ ਨਾਲ ਖ਼ੂਬ ਰੋਸ਼ਨੀ ਕੀਤੀ ਜਾਂਦੀ ਹੈ।ਇਸ ਲਈ ਇਸ ਨੂੰ ਰੋਸ਼ਨੀ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ।

ਇਸ ਦਿਨ ਸ੍ਰੀ ਰਾਮ ਜੀ 14 ਸਾਲਾਂ ਦਾ ਬਨਵਾਸ ਕੱਟ ਕੇ ਰਾਵਣ ਨੂੰ ਮਾਰ ਕੇ ਲਛਮਣ ਅਤੇ ਸੀਤਾ ਸਮੇਤ ਅਯੁੱਧਿਆ ਵਾਪਸ ਪਰਤੇ ਸਨ। ਉਨ੍ਹਾਂ ਦੇ ਆਉਣ ਦੀ ਖੁਸ਼ੀ ਵਿੱਚ ਅਯੁੱਧਿਆ ਵਾਸੀਆਂ ਨੇ ਦੀਵੇ ਬਾਲ ਕੇ ਖੁਸ਼ੀਆਂ ਮਨਾਈਆਂ ਸਨ।ਉਸ ਦਿਨ ਤੋਂ ਲਗਾਤਾਰ ਇਹ ਤਿਉਹਾਰ ਮਨਾਇਆ ਜਾਣ ਲੱਗਿਆ।

ਇਸ ਤਿਉਹਾਰ ਦਾ ਸੰਬੰਧ ਸਿੱਖ ਧਰਮ ਨਾਲ ਵੀ ਹੈ।ਇਸ ਦਿਨ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਜਹਾਂਗੀਰ ਦੀ 40 ਦਿਨਾਂ ਕੈਦ ਪਿੱਛੋਂ ਗਵਾਲੀਅਰ ਦੇ ਕਿਲ੍ਹੇ ਵਿੱਚੋਂ 52 ਰਾਜਿਆਂ ਸਮੇਤ ਰਿਹਾਅ ਹੋ ਕੇ ਵਾਪਸ ਅੰਮ੍ਰਿਤਸਰ ਆਏ ਸਨ।ਇਸ ਲਈ ਇਸ ਦਿਨ ਨੂੰ 'ਬੰਦੀ ਛੋੜ ਦਿਵਸ' ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ।

ਦੀਵਾਲੀ ਦੇ ਦਿਨ ਲੋਕਾਂ ਵਿੱਚ ਬੜਾ ਚਾਅ ਹੁੰਦਾ ਹੈ। ਬਜ਼ਾਰ ਸਜੇ-ਫ਼ਬੇ ਹੁੰਦੇ ਹਨ। ਪਟਾਕਿਆਂ, ਮਠਿਆਈਆਂ ਅਤੇ ਸਜਾਵਟ ਦੇ ਸਮਾਨ ਦੀਆਂ ਦੁਕਾਨਾਂ ਤੋਂ ਲੋਕ ਸਮਾਨ ਖਰੀਦਦੇ ਹਨ ਅਤੇ ਰਾਤ ਨੂੰ ਲੱਛਮੀ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਘਰਾਂ ਦੇ ਬਨੇਰਿਆਂ ਦੇ ਦੀਵੇ,ਮੋਮਬੱਤੀਆਂ ਅਤੇ ਲਾਈਟਾਂ ਜਗਾ ਕੇ ਰੋਸ਼ਨੀ ਕੀਤੀ ਜਾਂਦੀ ਹੈ।ਬੱਚੇ ਮਠਿਆਈ ਖਾ ਕੇ ਪਟਾਕੇ ਚਲਾਉਂਦੇ ਹਨ।ਪੰਜਾਬ ਵਿੱਚ ਅੰਮ੍ਰਿਤਸਰ ਦੀ ਦੀਵਾਲੀ ਵੇਖਣ ਯੋਗ ਹੁੰਦੀ ਹੈ।

## ਦਾਜ ਦੀ ਸਮੱਸਿਆ

ਭੂਮਿਕਾ-ਭਾਰਤੀ ਸਮਾਜ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਹਨ ਜੋ ਸਮਾਜ ਨੂੰ ਘੁਣ ਵਾਂਗ ਖਾ ਰਹੀਆਂ ਹਨ। ਜਿਵੇਂ ਬੇਰੁਜ਼ਗਾਰੀ, ਅਨਪੜ੍ਹਤਾ, ਭਰੂਣ-ਹੱਤਿਆ, ਭ੍ਰਿਸ਼ਟਾਚਾਰ ਆਦਿ।ਇਨ੍ਹਾਂ ਵਿੱਚੋਂ ਦਾਜ ਦੀ ਸਮੱਸਿਆ ਪ੍ਰਮੁੱਖ ਹੈ। ਕਿੰਨੀਆਂ ਕੀਮਤੀ ਜਾਨਾਂ ਇਸ ਨਾ-ਮੁਰਾਦ ਪ੍ਰਥਾ ਦਾ ਸ਼ਿਕਾਰ ਹੋ ਚੁੱਕੀਆਂ ਹਨ।

ਦਾਜ ਕੀ ਹੈ?-ਪ੍ਰਾਚੀਨ ਸਮੇਂ ਵਿੱਚ ਲੜਕੀ ਨੂੰ ਸ਼ਾਦੀ ਦੇ ਮੌਕੇ ਤੇ ਤੋਹਫ਼ੇ ਦੇ ਰੂਪ ਵਿੱਚ ਆਪਣੀ ਹੈਸੀਅਤ ਅਨੁਸਾਰ ਚੀਜ਼ਾਂ ਦਿੱਤੀਆਂ ਜਾਂਦੀਆਂ ਸਨ ਪਰ ਹੌਲੀ-ਹੌਲੀ ਇਹ ਇੱਕ ਲਾਜ਼ਮੀ ਰਸਮ ਬਣ ਗਈ ਤੇ ਵਿਆਹ ਇੱਕ ਵਪਾਰ ਬਣ ਗਿਆ।

ਦਾਜ ਦਾ ਅਜੋਕਾ ਰੂਪ - ਅੱਜ-ਕੱਲ੍ਹ ਇਸ ਦਾ ਭਿਆਨਕ ਰੂਪ ਵੇਖਣ ਨੂੰ ਮਿਲ ਰਿਹਾ ਹੈ।ਅਖ਼ਬਾਰ ਵਿੱਚੋਂ ਰੋਜ਼ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਹਨ 'ਨਵੀਂ ਵਿਆਹੀ ਨੂੰ ਤੇਲ ਪਾ ਕੇ ਸਾੜ ਦਿੱਤਾ' 'ਦਾਜ ਦੇ ਲਾਲਚ ਕਾਰਨ ਬਰਾਤ ਵਾਪਸ' 'ਨਵਵਿਆਹੀ ਨੇ ਜ਼ਹਿਰ ਖਾ ਕੇ ਦਿੱਤੀ ਜਾਨ।ਵਿਆਹ ਤੋਂ ਬਾਦ ਵੀ ਮੁੰਡੇ ਵਾਲਿਆਂ ਦੀਆਂ ਮੰਗਾਂ ਨਹੀਂ ਮੁੱਕਦੀਆਂ।

ਨੂੰਹ ਨਾਲ ਜ਼ਿਆਦਤੀਆਂ - ਦਾਜ ਦੀ ਕੋਈ ਨਿਸ਼ਚਿੱਤ ਸੀਮਾ ਨਹੀਂ ਹੈ।ਘੱਟ ਦਾਜ ਲਿਆਉਣ ਲਈ ਨੂੰਹਾਂ ਨੂੰ ਤਾਅਨੇ-ਮਿਹਣੇ ਦਿੱਤੇ ਜਾਂਦੇ ਹਨ।ਨੌਬਤ ਲੜਾਈ-ਝਗੜੇ ਤੇ ਆ ਜਾਂਦੀ ਹੈ।ਕਈ ਵਾਰ ਕੁੜੀ ਨੂੰ ਸਾੜ ਦਿੱਤਾ ਜਾਂਦਾ ਹੈ ਜਾਂ ਤੰਗ ਹੋ ਕੇ ਕੁੜੀ ਆਤਮ-ਹੱਤਿਆ ਕਰ ਲੈਂਦੀ ਹੈ।

ਦਾਜ ਲੈਣ-ਦੇਣ ਦੇ ਕਾਰਨ- ਇਸ ਪ੍ਰਥਾ ਲਈ ਮੁੰਡੇ ਅਤੇ ਕੁੜੀ ਵਾਲੇ ਬਰਾਬਰ ਜ਼ਿੰਮੇਵਾਰ ਹਨ।ਉਹ ਆਪਣੇ ਨਾਲੋਂ ਵੱਡੇ ਘਰ ਵਿੱਚ ਕੁੜੀ ਨੂੰ ਵਿਆਹੁਣਾ ਚਾਹੁੰਦੇ ਹਨ।ਉਹ ਕੁੜੀ ਨੂੰ ਵੱਧ ਤੋਂ ਵੱਧ ਦਾਜ ਦੇਣ ਦੀ ਕੋਸ਼ਿਸ਼ ਕਰਦੇ ਹਨ।ਕਾਬਲ ਇਨਸਾਨ ਦੀ ਚੋਣ ਕਰੋ ਉਹ ਸਭ ਕੁੱਝ ਆਪ ਬਣਾ ਸਕਦਾ ਹੈ।

ਦੂਰ ਕਰਨ ਦੇ ਉਪਾਅ- ਪੜ੍ਹੇ-ਲਿਖੇ ਮੁੰਡੇ ਕੁੜੀਆਂ ਨੂੰ ਅੱਗੇ ਆ ਕੇ ਇਸ ਪ੍ਰਥਾ ਦਾ ਵਿਰੋਧ ਕਰਨਾ ਚਾਹੀਦਾ ਹੈ।ਆਦਰਸ਼ ਵਿਆਹ ਕਰਕੇ ਮਿਸਾਲ ਬਣਨਾ ਪਵੇਗਾ।ਇਸ ਸੰਬੰਧੀ ਬਣੇ ਕਾਨੂੰਨ ਨੂੰ ਸਹੀ ਰੂਪ ਵਿੱਚ ਲਾਗੂ ਕਰਨਾ ਪਵੇਗਾ।ਕੁੜੀਆਂ ਨੂੰ ਆਤਮ ਨਿਰਭਰ ਬਣਨਾ ਚਾਹੀਦਾ ਹੈ।

ਸਾਰ-ਅੰਸ਼- ਦਾਜ ਇੱਕ ਜਨਤਕ ਮਸਲਾ ਹੈ।ਇਸ ਤੋਂ ਛੁਟਕਾਰਾ ਪਾਉਣ ਲਈ ਸਮਾਜਿਕ ਤਬਦੀਲੀ ਦੀ ਲੋੜ ਹੈ।ਮਾਂ-ਬਾਪ ਨੂੰ ਵੀ ਇਸ ਪ੍ਰਤੀ ਜਾਗਰੁਕ ਹੋਣਾ ਪਵੇਗਾ।

## ਅੱਖੀਂ ਡਿੱਠਾ ਮੈਚ

ਐਤਵਾਰ ਦਾ ਦਿਨ ਸੀ।ਪਿਛਲੇ ਦੋ ਦਿਨਾਂ ਤੋਂ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਗਰਾਊਂਡ ਵਿੱਚ ਫੁੱਟਬਾਲ ਦੇ ਮੈਚ ਹੋ ਰਹੇ ਸਨ।ਬਹੁਤ ਸਾਰੀਆਂ ਟੀਮਾਂ ਜਿੱਤੀਆਂ ਤੇ ਹਾਰੀਆਂ ।ਅੱਜ ਫਾਈਨਲ ਮੈਚ ਸਾਡੇ ਸਕੂਲ ਦੀ ਟੀਮ ਅਤੇ ਦੁਆਬਾ ਹਾਈ ਸਕੂਲ ਦੀ ਟੀਮ ਵਿਚਕਾਰ ਖੇਡਿਆ ਜਾਣਾ ਸੀ। ਸ਼ਾਮ ਦੇ ਚਾਰ ਵਜੇ ਖਿਡਾਰੀ ਖੇਡ ਦੇ ਮੈਦਾਨ ਵਿੱਚ ਪੁੱਜ ਗਏ।

ਰੈਫ਼ਰੀ ਨੇ ਠੀਕ ਸਮੇਂ ਤੇ ਵਿਸਲ ਵਜਾਈ ਤੇ ਦੋਵੇਂ ਟੀਮਾਂ ਮੈਚ ਖੇਡਣ ਲਈ ਮੈਦਾਨ ਵਿੱਚ ਆ ਗਈਆਂ। ਅਸੀਂ ਟਾਸ ਜਿੱਤਿਆ। ਰੈਫ਼ਰੀ ਨੇ ਦੋਹਾਂ ਟੀਮਾਂ ਨੂੰ ਖੇਡ ਦੇ ਕੁੱਝ ਨਿਯਮ ਦੱਸਕੇ ਮੈਚ ਸ਼ੁਰੂ ਕੀਤਾ। ਰੈਫ਼ਰੀ ਨੇ ਵਿਸਲ ਵਜਾਈ ਤੇ ਅੱਖ ਦੇ ਫ਼ਰਕਣ ਦੇ ਸਮੇਂ ਵਿੱਚ ਹੀ ਖੇਡ ਆਰੰਭ ਹੋ ਗਈ ਵੱਡੀ ਗਿਣਤੀ ਵਿੱਚ ਲੋਕ ਮੈਚ ਮੈਚ ਵੇਖਣ ਆਏ ਹੋਏ ਸਨ।10 ਕੁ ਮਿੰਟ ਸਾਡੀ ਟੀਮ ਨੇ ਵਿਰੋਧੀ ਟੀਮ ਤੇ ਦਬਾਅ ਬਣਾਈ ਰੱਖਿਆ ਪਰ ਬਾਦ ਵਿੱਚ ਦੁਆਬਾ ਹਾਈ ਸਕੂਲ ਦੀ ਟੀਮ ਨੇ ਬਹੁਤ ਵਧੀਆ ਖੇਡ ਵਿਖਾਈ ਅਤੇ ਕਈ ਵਾਰ ਸਾਡੇ ਵੱਲ ਗੋਲ਼ ਹੁੰਦਾ ਹੁੰਦਾ ਬਚਿਆ ਕਿਉਂਕਿ ਸਾਡਾ ਗੋਲਚੀ ਬਹੁਤ ਚੌਕੰਨਾ ਸੀ।ਅਚਾਨਕ ਅੱਧੇ ਸਮੇਂ ਦੀ ਵਿਸਲ ਵੱਜ ਗਈ।
ਸਾਡੇ ਪੀ.ਟੀ.ਆਈ ਅਧਿਆਪਕ ਨੇ ਸਾਨੂੰ ਚੰਗੀ ਖੇਡ ਖੇਡਣ ਲਈ ਕੁੱਝ ਚੇਤਾਵਨੀਆਂ ਦਿੱਤੀਆਂ।ਇਸ ਵਾਰ ਵਿਰੋਧੀ ਟੀਮ ਨੇ ਬਹੁਤ ਤੇਜ਼ ਖੇਡ ਖੇਡਦੇ ਹੋਏ ਸਾਡੇ ਸਿਰ ਇੱਕ ਗੋਲ ਕਰ ਦਿੱਤਾ। ਸਾਡੇ ਕੋਲ 15 ਮਿੰਟ ਹੀ ਰਹਿ ਗਏ ਸਨ।ਮੈਂ ਬਹੁਤ ਤੇਜ਼ੀ ਨਾਲ਼ ਬਾਲ ਕੱਢ ਕੇ ਝੱਟ ਨਾਲ ਦੇ ਖਿਡਾਰੀ ਨੂੰ ਦੇ ਦਿੱਤਾ। ਉਸ ਨੇ ਕੋਨੇ ਤੇ ਜਾ ਕੇ ਅਜਿਹੀ ਕਿੱਕ ਮਾਰੀ ਕਿ ਗੋਲ ਉਤਾਰ ਦਿੱਤਾ।
ਹੁਣ ਖੇਡ ਦੀ ਰਫ਼ਤਾਰ ਹੋਰ ਵੀ ਤੇਜ਼ ਹੋ ਚੁੱਕੀ ਸੀ।ਬਾਲ ਮੇਰੇ ਕੋਲ ਆ ਚੁੱਕਾ ਸੀ।ਮੈਂ ਸੈਂਟਰ ਵਿੱਚੋਂ ਅਜਿਹੀ ਕਿੱਕ ਮਾਰੀ ਕਿ ਉਨ੍ਹਾਂ ਦੇ ਗੋਲਚੀ ਨੇ ਬਾਲ ਰੋਕ ਲਈ ਪਰ ਬਾਲ ਤਿਲਕ ਕੇ ਗੋਲ਼ ਵਿੱਚੋਂ ਲੰਘ ਗਿਆ।ਰੈਫ਼ਰੀ ਨੇ ਵਿਸਲ ਵਜਾ ਕੇ ਗੋਲ ਦਾ ਐਲਾਨ ਕਰ ਦਿੱਤਾ।ਅਸੀਂ ਮੈਚ ਜਿੱਤ ਕੇ ਜਿਲ੍ਹੇ ਵਿੱਚੋਂ ਫ਼ਸਟ ਰਹੇ।

## ਸਕੂਲ ਮੁਖੀ ਨੂੰ ਮੈਚ ਦੇਖਣ ਜਾਣ ਦੀ ਇਜਾਜ਼ਤ ਲੈਣ ਲਈ ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ...... ਸਕੂਲ,
.........।

ਸ੍ਰੀਮਾਨ ਜੀ,

ਬੇਨਤੀ ਹੈ ਕਿ ਸਾਡੇ ਸਕੂਲ ਦੀ ਹਾਕੀ ਦੀ ਟੀਮ ਜਿਲ੍ਹਾ ਪੱਧਰੀ ਮੈਚ ਖੇਡਣ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ......ਵਿਖੇ ਜਾ ਰਹੀ ਹੈ।ਆਪਣੀ ਟੀਮ ਬਹੁਤ ਵਧੀਆ ਖੇਡ ਦਿਖਾ ਰਹੀ ਹੈ।ਹਾਕੀ ਮੇਰੀ ਮਨਪਸੰਦ ਖੇਡ ਹੈ।ਮੈਂ ਉੱਥੇ ਜਾ ਕੇ ਆਪਣੀ ਟੀਮ ਦਾ ਹੌਸਲਾ ਵਧਾਉਣਾ ਚਾਹੁੰਦਾ ਹਾਂ।ਇਸ ਲਈ ਮੈਂ ਕੱਲ੍ਹ ਨੂੰ ਹੋਣ ਵਾਲੇ ਮੈਚ ਨੂੰ ਦੇਖਣ ਜਾਣ ਦੀ ਆਗਿਆ ਚਾਹੁੰਦਾ ਹਾਂ।ਮੈਨੂੰ ਉਮੀਦ ਹੈ ਤੁਸੀਂ ਮੈਨੂੰ ਨਿਰਾਸ਼ ਨਹੀਂ ਕਰੋਗੇ। ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰੀ
ਨਾਮ ਏਕਮਜੋਤ,
ਜਮਾਤ ਅੱਠਵੀਂ ।
ਰੋਲ ਨੰ 14

## ਸਕੂਲ ਲਾਇਬ੍ਰੇਰੀ ਲਈ ਰਿਸਾਲੇ ਮੰਗਵਾਉਣ ਲਈ ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ ਹਾਈ ਸਕੂਲ,
ਰੱਤਾਖੇੜਾ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਸਾਡੇ ਸਕੂਲ ਦੀ ਲਾਇਬ੍ਰੇਰੀ ਵਿੱਚ 'ਪ੍ਰੀਤਲੜੀ', 'ਆਲ੍ਹੇ-ਭੋਲ੍ਹੇ' ਅਤੇ 'ਬਾਲ-ਪ੍ਰੀਤ' ਰਿਸਾਲਿਆਂ ਦੀ ਇੱਕ ਜਾਂ ਦੋ ਕਾਪੀਆਂ ਆਉਂਦੀਆਂ ਹਨ, ਜਿਸ ਕਾਰਨ ਬਹੁਤ ਸਾਰੇ ਵਿਦਿਆਰਥੀਆਂ ਨੂੰ ਇਨ੍ਹਾਂ ਨੂੰ ਪੜ੍ਹਨ ਵਿੱਚ ਮੁਸ਼ਕਿਲ ਆਉਂਦੀ ਹੈ।ਇਸ ਲਈ ਬੇਨਤੀ ਹੈ ਕਿ ਇਨ੍ਹਾਂ ਰਿਸਾਲਿਆਂ ਦੀਆਂ 3-4 ਕਾਪੀਆਂ ਮੰਗਵਾਉਣ ਦਾ ਪ੍ਰਬੰਧ ਕੀਤਾ ਜਾਵੇ।ਇੱਕ-ਦੋ ਖੇਡਾਂ ਸੰਬੰਧੀ ਰਿਸਾਲੇ ਵੀ ਮੰਗਵਾਏ ਜਾਣ ਤਾਂ ਜੋ ਵਿਦਿਆਰਥੀ ਪਾਠ-ਕ੍ਰਮ ਤੋਂ ਇਲਾਵਾ ਵੀ ਹੋਰ ਰਿਸਾਲਿਆਂ ਦੀ ਸਮੱਗਰੀ ਤੋਂ ਲਾਭ ਉਠਾ ਸਕਣ।
ਆਸ ਹੈ ਆਪ ਵਿਦਿਆਰਥੀਆਂ ਦੇ ਬੌਧਿਕ ਵਿਕਾਸ ਲਈ ਜਲਦੀ ਤੋਂ ਜਲਦੀ ਇਹ ਰਿਸਾਲੇ ਮੰਗਵਾਉਣ ਦੀ ਕ੍ਰਿਪਾਲਤਾ ਕਰੋਗੇ।

ਧੰਨਵਾਦ ਸਹਿਤ।
ਆਪ ਜੀ ਦੇ ਵਿਸ਼ਵਾਸਪਾਤਰ,
ਸਮੂਹ ਵਿਦਿਆਰਥੀ,
ਜਮਾਤ ਅੱਠਵੀਂ।

**ਕਿਰਿਆ ਵਿਸ਼ੇਸ਼ਣ ਕਿਸ ਨੂੰ ਕਹਿੰਦੇ ਹਨ?**
ਜਿਹੜਾ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ, ਸਥਾਨ, ਕਾਰਨ, ਢੰਗ, ਤਰੀਕਾ ਦੱਸੇ, ਉਸ ਨੂੰ ਕਿਰਿਆ ਵਿਸ਼ੇਸ਼ਣ ਕਿਹਾ ਜਾਂਦਾ ਹੈ।
ਕਿਰਿਆ ਵਿਸ਼ੇਸ਼ਣ ਅੱਠ ਪ੍ਰਕਾਰ ਦੇ ਹਨ:
1. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ - ਹੁਣੇ, ਭਲਕੇ, ਰਾਤੋ-ਰਾਤ, ਹਰ ਰੋਜ਼ ਕਦੇ-ਕਦਾਈ।
2. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ - ਘਰ, ਬਜ਼ਾਰ, ਇੱਧਰ, ਪਿੱਛੇ ਸਾਹਮਣੇ, ਸੱਜਿਓਂ, ਖੱਬਿਓਂ ।
3. ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ - ਹੌਲ਼ੀ, ਛੇਤੀ, ਇਉਂ, ਉਸ ਤਰ੍ਹਾਂ।
4. ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ - ਇਸ ਲਈ, ਇੰਝ, ਕਿਉਂਕਿ, ਤਦੇ, ਤਾਂ ਹੀ।
5. ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ - ਜ਼ਰਾ, ਬਹੁਤ, ਏਨਾ, ਜਿੰਨਾ, ਰਤਾ।
6. ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ - ਘੜੀ-ਮੁੜੀ, ਦੁਬਾਰਾ, ਕਈ ਵਾਰ, ਇੱਕ-ਇੱਕ, ਦੋ-ਦੋ ।
7. ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ - ਜੀ ਹਾਂ, ਆਹੋ ਜੀ, ਚੰਗਾ ਜੀ।
8. ਨਿਸ਼ਚੇ-ਵਾਚਕ ਕਿਰਿਆ- ਵਿਸ਼ੇਸ਼ਣ - ਬੇਸ਼ੱਕ, ਬਿਲਕੁਲ, ਜ਼ਰੂਰ

**ਪ੍ਰਸ਼ਨ 1. ਕਾਲ ਤੋਂ ਕੀ ਭਾਵ ਹੈ? ਇਹ ਕਿੰਨੇ ਪ੍ਰਕਾਰ ਦਾ ਹੁੰਦਾ ਹੈ?**
ਉੱਤਰ: ਕਾਲ ਤੋਂ ਭਾਵ ਹੈ ਸਮਾਂ।ਸਮੇਂ ਅਨੁਸਾਰ ਬਦਲ ਕੇ ਕਿਰਿਆ ਜੋ ਰੂਪ ਧਾਰਨ ਕਰਦੀ ਹੈ, ਉਸ ਨੂੰ ਕਾਲ ਕਿਹਾ ਜਾਂਦਾ ਹੈ।
ਕਾਲ ਤਿੰਨ ਪ੍ਰਕਾਰ ਦਾ ਹੁੰਦਾ ਹੈ-
1. ਭੂਤ ਕਾਲ - ਜਿਹੜਾ ਸਮਾਂ ਬੀਤ ਚੁੱਕਾ ਹੈ।
2. ਵਰਤਮਾਨ ਕਾਲ - ਜਿਹੜਾ ਸਮਾਂ ਚੱਲ ਰਿਹਾ ਹੈ।
3. ਭਵਿੱਖ ਕਾਲ - ਜਿਹੜਾ ਸਮਾਂ ਆਉਣ ਵਾਲਾ ਹੈ।

**2. ਹੇਠ ਲਿਖੇ ਵਾਕ ਕਿਹੜੇ ਕਾਲ ਨਾਲ ਸੰਬੰਧ ਰੱਖਦੇ ਹਨ:**
1. ਭਾਰਤ ਦੀ ਟੀਮ ਮੈਚ ਖੇਡੇਗੀ। - ਭਵਿੱਖ ਕਾਲ
2. ਮੁੱਖ ਮੰਤਰੀ ਜੀ ਭਾਸ਼ਣ ਕਰ ਰਹੇ ਹਨ। - ਵਰਤਮਾਨ ਕਾਲ
3. ਅਧਿਆਪਕਾ ਪੜ੍ਹਾ ਰਹੀ ਹੈ। - ਵਰਤਮਾਨ ਕਾਲ
4. ਰਾਜੂ ਅੱਠਵੀਂ ਜਮਾਤ ਵਿੱਚੋਂ ਪਾਸ ਹੋ ਗਿਆ ਹੈ। - ਭੂਤ ਕਾਲ
5. ਉਨ੍ਹਾਂ ਨੇ ਦਰਿਆ ਪਾਸ ਕਰ ਲਿਆ ਸੀ। - ਭੂਤ ਕਾਲ
6. ਸ਼ਰਮਾ ਜੀ ਜੱਜ ਦੀ ਭੂਮਿਕਾ ਨਿਭਾ ਰਹੇ ਸਨ। - ਭੂਤ ਕਾਲ
7. ਮੁੱਖ ਮੰਤਰੀ ਜੀ ਨੇ ਪਿੰਡ ਦਾ ਦੌਰਾ ਕੀਤਾ। - ਭੂਤ ਕਾਲ
8. ਜਿਲ੍ਹਾ ਸਿੱਖਿਆ ਅਫ਼ਸਰ ਸਕੂਲ ਦੀ ਚੈਕਿੰਗ ਕਰਨਗੇ।- ਭਵਿੱਖ ਕਾਲ

**3. ਭੂਤ ਕਾਲ ਵਿੱਚ ਬਦਲੋ:**
1. ਸਚਿਨ ਕ੍ਰਿਕਟ ਖੇਡਦਾ ਹੈ - ਸਚਿਨ ਕ੍ਰਿਕਟ ਖੇਡਦਾ ਸੀ।
2. ਮਾਤਾ ਜੀ ਖਾਣਾ ਪਕਾਉਂਦੇ ਹਨ। - ਮਾਤਾ ਜੀ ਖਾਣਾ ਪਕਾਉਂਦੇ ਸਨ।
3. ਸੂਰਜ ਨਿਕਲ਼ ਰਿਹਾ ਹੈ। - ਸੂਰਜ ਨਿਕਲ ਰਿਹਾ ਸੀ।
4. ਪਸ਼ੂ ਘਾਹ ਚਰਦੇ ਹਨ। - ਪਸ਼ੂ ਘਾਹ ਚਰਦੇ ਸਨ।
5. ਗੱਡੀ ਚਲੀ ਗਈ ਹੈ। - ਗੱਡੀ ਚਲੀ ਗਈ ਸੀ
6. ਬੱਚਾ ਪਤੰਗ ਉਡਾਉਂਦਾ ਹੈ। - ਬੱਚਾ ਪਤੰਗ ਉਡਾਉਂਦਾ ਸੀ।

**4. ਭਵਿੱਖ ਕਾਲ ਵਿੱਚ ਬਦਲੋ:**
1. ਵਰਖਾ ਪੈ ਰਹੀ ਹੈ। - ਵਰਖਾ ਪੈ ਰਹੀ ਹੋਵੇਗੀ।
2. ਘੋੜੇ ਦੌੜਦੇ ਹਨ। - ਘੋੜੇ ਦੌੜਦੇ ਹੋਣਗੇ ।
3. ਮੱਝਾਂ ਚਰ ਰਹੀਆਂ ਹਨ। - ਮੱਝਾਂ ਚਰ ਰਹੀਆਂ ਹੋਣਗੀਆਂ।
4. ਕੁੜੀਆਂ ਖੇਡ ਰਹੀਆਂ ਹਨ। - ਕੁੜੀਆਂ ਖੇਡ ਰਹੀਆਂ ਹੋਣਗੀਆਂ।
5. ਸੁਰਜੀਤ ਹਾਕੀ ਖੇਡ ਰਿਹਾ ਹੈ। - ਸੁਰਜੀਤ ਹਾਕੀ ਖੇਡ ਰਿਹਾ ਹੋਵੇਗਾ।

**ਸਮਾਨਾਰਥਕ ਸ਼ਬਦ ਕੀ ਹੁੰਦਾ ਹੈ?**
ਸਮਾਨਾਰਾਥਕ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ: ਸਮਾਨ + ਅਰਥਕ। ਸਮਾਨ ਤੋਂ ਭਾਵ ਹੈ ਇੱਕੋ ਜਿਹਾ ਅਤੇ ਅਰਥਕ ਤੋਂ ਭਾਵ ਹੈ: ਅਰਥ ਵਾਲਾ।ਉਹ ਸ਼ਬਦ ਜੋ ਵੱਖ-ਵੱਖ ਹੁੰਦੇ ਹੋਏ ਵੀ ਇੱਕ ਹੀ ਅਰਥ ਪ੍ਰਗਟ ਕਰਦੇ ਹਨ, ਉਹ ਸਮਾਨਾਰਥਕ ਸ਼ਬਦ ਅਖਵਾਉਂਦੇ ਹਨ।

ਠਰ੍ਹੰਮਾ ਸਬਰ , ਧੀਰਜ, ਸ਼ਾਂਤੀ, ਟਿਕਾਅ
ਠੀਕ ਸਹੀ, ਦਰੁੱਸਤ, ਉਚਿਤ, ਢੁਕਵਾਂ, ਯੋਗ
ਤਰੱਕੀ ਵਿਕਾਸ, ਉੱਨਤੀ, ਪ੍ਰਗਤੀ, ਵਾਧਾ, ਖ਼ੁਸ਼ਹਾਲੀ
ਤਾਕਤ ਸ਼ਕਤੀ, ਜ਼ੋਰ, ਬਲ, ਸਮੱਰਥਾ
ਦੁਸ਼ਮਣ ਵੈਰੀ, ਵਿਰੋਧੀ, ਸ਼ਤਰੂ
ਦੋਸਤ ਯਾਰੀ, ਮਿੱਤਰਤਾ, ਸੱਜਣਤਾ
ਧਰਤੀ ਜ਼ਮੀਨ, ਭੌਂ, ਭੂਮੀ, ਪ੍ਰਿਥਵੀ
ਨਿਰਧਨ ਗ਼ਰੀਬ, ਕੰਗਾਲ, ਤੰਗ
ਨਿਰਮਲ ਸ਼ਾਫ਼, ਸ਼ੁੱਧ, ਸੁਥਰਾ, ਸ੍ਵਥ
ਨੇਕੀ ਭਲਾਈ, ਉਪਕਾਰ, ਚੰਗਿਆਈ
ਪ੍ਰਸੰਸਾ ਸ਼ਲਾਘਾ, ਉਪਮਾ, ਵਡਿਆਈ
ਪਹਿਰਾਵਾ ਪੁਸ਼ਾਕ, ਕੱਪੜੇ, ਵਸਤਰ
ਪਰਖ ਇਮਤਹਿਾਨ, ਪ੍ਰੀਖਿਆ, ਜਾਂਚ, ਪੜਤਾਲ, ਅਜ਼ਮਾਇਸ਼
ਫੁੱਲ ਪੁਸ਼ਪ, ਸੁਮਨ, ਕੁਸਮ

**ਮੁਹਾਵਰਾ ਕੀ ਹੁੰਦਾ ਹੈ?**
ਸ਼ਬਦਾਂ ਦਾ ਉਹ ਸਮੂਹ ਜਿਸ ਦੇ ਜਿਸ ਦੇ ਸ਼ਾਬਦਿਕ ਅਰਥ ਕੁਝ ਹੋਰ ਅਤੇ ਭਾਵ ਅਰਥ ਕੁਝ ਹੋਰ ਹੋਣ, ਉਸ ਨੂੰ ਮੁਹਾਵਰਾ ਆਖਿਆ ਜਾਂਦਾ ਹੈ।
101. ਮੈਦਾਨ ਮਾਰਨਾ (ਜਿੱਤ ਹਾਸਲ ਕਰਨਾ) ਕਈ ਦੇਸਾਂ ਨੇ ਅਨੁਸ਼ਾਸਨ ਵਿੱਚ ਰਹਿੰਦੇ ਹੋਏ ਕੋਰੋਨਾ ਤੇ ਮੈਦਾਨ ਮਾਰ ਲਿਆ।
102. ਮੂੰਹ ਦੀ ਖਾਣੀ (ਹਾਰ ਹੋਣੀ) ਮੁਗ਼ਲਾਂ ਨੂੰ ਸਿੱਖਾਂ ਵਿਰੁੱਧ ਹਰ ਲੜਾਈ ਵਿੱਚ ਮੂੰਹ ਦੀ ਖਾਣੀ ਪਈ।
103. ਮੁੱਠੀ ਗਰਮ ਕਰਨੀ (ਰਿਸ਼ਵਤ ਦੇਣੀ) ਨੌਕਰੀ ਲੈਣ ਲਈ ਅਫ਼ਸਰਾਂ ਦੀ ਮੁੱਠੀ ਗਰਮ ਕਰਨੀ ਪੈਂਦੀ ਹੈ।
104. ਮੱਖਣ ਵਿੱਚੋਂ ਵਾਲ ਵਾਂਗੂੰ ਕੱਢਣਾ (ਅਸਾਨੀ ਨਾਲ਼ ਦੁਸ਼ਮਣ ਨੂੰ ਹਰਾ ਦੇਣਾ) ਬੰਦਾ ਬਹਾਦਰ ਨੇ ਆਪਣੀ ਬਹਾਦਰੀ ਨਾਲ ਮੁਗਲਾਂ ਨੂੰ ਮੱਖਣ ਵਿੱਚੋਂ ਵਾਲ ਵਾਂਗੂੰ ਕੱਢ ਦਿੱਤਾ।
105. ਯੱਕੜ ਮਾਰਨੇ (ਗੱਪ ਮਾਰਨਾ) ਯੱਕੜ ਮਾਰਨ ਵਿੱਚ ਸੰਤੂ ਦਾ ਕੋਈ ਮੁਕਾਬਲਾ ਨਹੀਂ ਸੀ।
106. ਰਾਈ ਦਾ ਪਹਾੜ ਬਣਾਉਣਾ (ਵਧਾ-ਚੜ੍ਹਾ ਕੇ ਗੱਲ ਕਰਨੀ) ਚੰਗੀ ਪੱਤਰਕਾਰੀ ਉਹ ਹੈ ਜੋ ਕਿਸੇ ਘਟਨਾ ਨੂੰ ਰਾਈ ਦਾ ਪਹਾੜ ਨਾ ਬਣਾਉਣ।
107. ਰਫੂ-ਚੱਕਰ ਹੋ ਜਾਣਾ (ਭੱਜ ਜਾਣਾ) ਪੁਲਿਸ ਨੂੰ ਵੇਖ ਕੇ ਸ਼ਰਾਬੀ ਰਫੂ-ਚੱਕਰ ਹੋ ਗਿਆ।
108. ਰੰਗ ਉੱਡ ਜਾਣਾ (ਘਬਰਾ ਜਾਣਾ) ਨੌਕਰੀ ਤੋਂ ਕੱਢੇ ਜਾਣ ਦੀ ਖ਼ਬਰ ਸੁਣ ਕੇ ਸਿਪਾਹੀ ਦਾ ਰੰਗ ਉੱਡ ਗਿਆ।
109. ਲੜ ਫੜਨਾ (ਆਸਰਾ ਹੋਣਾ) ਅਸਲ ਮਿੱਤਰ ਉਹ ਹੈ ਜੋ ਮੁਸੀਬਤ ਪੈਣ ਤੇ ਮਿੱਤਰ ਦਾ ਫੜ ਲਏ।
110. ਲਹੂ ਪੱਘਰਨਾ (ਪਿਆਰ ਜਾਗ ਪੈਣਾ) ਔਲਾਦ ਕਿੰਨੀ ਹੀ ਮਾੜੀ ਕਿਉਂ ਨਾ ਹੋਵੇ ਮਾਂ-ਬਾਪ ਦਾ ਲਹੂ ਪੱਘਰ ਹੀ ਜਾਂਦਾ ਹੈ।
111. ਲਹੂ ਸੁੱਕਣਾ (ਫ਼ਿਕਰ ਹੋਣਾ) ਜਿਵੇਂ-ਜਿਵੇਂ ਪੇਪਰ ਨਜ਼ਦੀਕ ਆਉਂਦੇ ਹਨ ਵਿਦਿਆਰਥੀਆਂ ਦਾ ਲਹੂ ਸੁੱਕਣ ਲਗ ਜਾਂਦਾ ਹੈ।
112. ਵਾਲ ਵਿੰਗਾ ਨਾ ਹੋਣਾ (ਕੋਈ ਨੁਕਸਾਨ ਨਾ ਹੋਣਾ) ਪਰਮਾਤਮਾ ਜਿਨ੍ਹਾਂ ਦੇ ਅੰਗ-ਸੰਗ ਹੁੰਦਾ ਹੈ ਉਨ੍ਹਾਂ ਦਾ ਵਾਲ ਵਿੰਗਾ ਨਹੀਂ ਹੁੰਦਾ।
113. ਵੇਲ਼ੇ ਨੂੰ ਰੋਣਾ (ਪਛਤਾਉਣਾ) ਜੋ ਲੋਕ ਸਮੇਂ ਦੀ ਕਦਰ ਨਹੀਂ ਕਰਦੇ ਉਹ ਬੀਤੇ ਵੇਲ਼ੇ ਨੂੰ ਰੋਂਦੇ ਹਨ।

**ਵਚਨ ਕੀ ਹੁੰਦਾ ਹੈ?**
ਉੱਤਰ: ਸ਼ਬਦ ਦੇ ਜਿਸ ਰੂਪ ਤੋਂ ਕਿਸੇ ਜੀਵ, ਵਸਤੂ, ਸਥਾਨ ਆਦਿ ਦੀ ਗਿਣਤੀ ਵਿੱਚ ਇੱਕ ਜਾਂ ਇੱਕ ਤੋਂ ਵੱਧ ਹੋਣ ਦੇ ਫ਼ਰਕ ਦਾ ਪਤਾ ਲੱਗੇ ਉਸ ਨੂੰ ਵਚਨ ਆਖਦੇ ਹਨ।ਪੰਜਾਬੀ ਵਿੱਚ ਵਚਨ ਦੋ ਪ੍ਰਕਾਰ ਦੇ ਹਨ
(1) ਇੱਕਵਚਨ: ਸ਼ਬਦ ਦੇ ਜਿਸ ਰੂਪ ਤੋਂ ਕਿਸੇ ਇੱਕ ਜੀਵ, ਵਸਤੂ, ਸਥਾਨ ਆਦਿ ਦਾ ਪਤਾ ਲੱਗੇ, ਜਿਵੇਂ :- ਕੁੜੀ, ਕਿਤਾਬ, ਜਮਾਤ ਆਦਿ।
(2) ਬਹੁਵਚਨ: ਸ਼ਬਦ ਦੇ ਜਿਸ ਰੂਪ ਤੋਂ ਇੱਕ ਤੋਂ ਵੱਧ ਜੀਵਾਂ, ਵਸਤੂਆਂ, ਸਥਾਨਾਂ ਆਦਿ ਦਾ ਗਿਆਨ ਹੋਵੇ, ਜਿਵੇ:- ਕੁੜੀਆਂ, ਕਿਤਾਬਾਂ, ਜਮਾਤਾਂ ਆਦਿ।

**ਇੱਕਵਚਨ - ਬਹੁਵਚਨ**

| | | | | | |
|---|---|---|---|---|---|
| ਬਾਬਾ-ਬਾਬੇ | ਖ਼ੁਸ਼ਬੋ-ਖ਼ੁਸ਼ਬੋਆਂ | ਪੱਤਾ-ਪੱਤੇ | ਵਸਤੂ-ਵਸਤੂਆਂ | ਮੰਜਾ-ਮੰਜੇ | ਕਨਸੋ-ਕਨਸੋਆਂ |
| ਕੀੜਾ-ਕੀੜੇ | ਲੈ-ਲੈਆਂ | ਚਰਖਾ-ਚਰਖੇ | ਬਹੂ-ਬਹੂਆਂ | ਘੋੜਾ-ਘੋੜੇ | ਤੂੰ-ਤੁਸੀਂ |

ਤੀਵੀਂ-ਤੀਵੀਆਂ
ਤੇਰਾ-ਤੁਹਾਡਾ
ਕਾਪੀ-ਕਾਪੀਆਂ ਮੈਂ-ਅਸੀਂ
ਰੱਸੀ-ਰੱਸੀਆਂ ਉਹ-ਉਹਨਾਂ
ਧੀ-ਧੀਆਂ ਭੈਣ-ਭੈਣਾਂ
ਘੋੜੀ-ਘੋੜੀਆਂ ਸ਼ੇਰ-ਸ਼ੇਰਾਂ

ਮਾਂ-ਮਾਵਾਂ ਛਾਂ-ਛਾਂਵਾਂ
ਗਾਂ-ਗਾਂਵਾਂ ਲਾਂ-ਲਾਂਵਾਂ
ਸਭਾ-ਸਭਾਵਾਂ ਮੋਰਨੀ-ਮੋਰਨੀਆਂ
ਦੁਰਘਟਨਾ-ਦੁਰਘਟਨਾਵਾਂ
ਪੋਥੀ-ਪੋਥੀਆਂ
ਹਵਾ-ਹਵਾਵਾਂ ਬੇਰੀ-ਬੇਰੀਆਂ

ਪੁਸਤਕ-ਪੁਸਤਕਾਂ ਤੋਤਾ-ਤੋਤੇ
ਸਲੇਟ-ਸਲੇਟਾਂ ਰੱਸਾ-ਰੱਸੇ
ਇੱਟ-ਇੱਟਾਂ ਦਰਵਾਜਾ-ਦਰਵਾਜੇ
ਸ਼ਹਿਰ-ਸ਼ਹਿਰਾਂ ਤਲਵਾਰ-ਤਲਵਾਰਾਂ
ਪੰਜਾਬਣ-ਪੰਜਾਬਣਾਂ ਤਾਰਾ-ਤਾਰੇ

**ਵਾਕਾਂ ਵਿੱਚ ਵਚਨ ਬਦਲਣ ਦਾ ਅਭਿਆਸ**

**1. ਚਿੱਟਾ ਘੋੜਾ ਦੌੜਦਾ ਹੈ।**
ਉੱਤਰ: ਚਿੱਟੇ ਘੋੜੇ ਦੌੜਦੇ ਹਨ।
**2. ਉੱਚੀ ਇਮਾਰਤ ਦੂਰੋਂ ਦਿੱਸਦੀ ਹੈ।**
ਉੱਤਰ: ਉੱਚੀਆਂ ਇਮਾਰਤਾਂ ਦੂਰੋਂ ਦਿੱਸਦੀਆਂ ਹਨ।
**3. ਲੜਕਾ ਗੀਤ ਗਾ ਰਿਹਾ ਹੈ।**
ਉੱਤਰ: ਲੜਕੇ ਗੀਤ ਗਾ ਰਹੇ ਹਨ।
**4. ਪੰਛੀ ਅਕਾਸ਼ ਵਿੱਚ ਉਡਾਰੀ ਮਾਰ ਰਿਹਾ ਹੈ।**
ਉੱਤਰ: ਪੰਛੀ ਅਕਾਸ਼ ਵਿੱਚ ਉਡਾਰੀ ਮਾਰ ਰਹੇ ਹਨ।
**5. ਚਿੜੀ ਚੀਂ-ਚੀਂ ਕਰਦੀ ਹੈ।**
ਉੱਤਰ: ਚਿੜੀਆਂ ਚੀਂ-ਚੀਂ ਕਰਦੀਆਂ ਹਨ।
**6. ਪੁਸਤਕ ਅਲਮਾਰੀ ਵਿੱਚ ਪਈ ਹੈ।**
ਉੱਤਰ: ਪੁਸਤਕਾਂ ਅਲਮਾਰੀਆਂ ਵਿੱਚ ਪਈਆਂ ਹਨ।
**7. ਕੁੜੀ ਰੌਲ਼ਾ ਪਾ ਰਹੀ ਹੈ।**
ਉੱਤਰ: ਕੁੜੀਆਂ ਰੌਲ਼ਾਂ ਪਾ ਰਹੀਆਂ ਹਨ।
**8. ਸ਼ੇਰਨੀ ਜੰਗਲ ਵਿੱਚ ਫਿਰਦੀ ਹੈ।**
ਉੱਤਰ: ਸ਼ੇਰਨੀਆਂ ਜੰਗਲ ਵਿੱਚ ਫਿਰਦੀਆਂ ਹਨ।
**9. ਅੰਬ ਮਿੱਠਾ ਤੇ ਸੁਆਦੀ ਹੈ।**
ਉੱਤਰ: ਅੰਬ ਮਿੱਠੇ ਤੇ ਸੁਆਦੀ ਹਨ।
**10. ਕਿਰਸਾਨ ਹਲ਼ ਚਲਾ ਰਿਹਾ ਹੈ।**
ਉੱਤਰ: ਕਿਰਸਾਨ ਹਲ਼ ਚਲਾ ਰਹੇ ਹਨ।
**11. ਮੇਰੇ ਮਿੱਤਰ ਕੋਲ਼ ਬੱਕਰੀ ਹੈ।**
ਉੱਤਰ: ਸਾਡੇ ਮਿੱਤਰਾਂ ਕੋਲ਼ ਬੱਕਰੀਆਂ ਹਨ
**12. ਕੁੜੀ ਟੈਲੀਫ਼ੋਨ ਤੇ ਗੱਲ ਕਰ ਰਹੀ ਹੈ।**
ਉੱਤਰ: ਕੁੜੀਆਂ ਟੈਲੀਫੋਨ ਤੇ ਗੱਲਾਂ ਕਰ ਰਹੀਆਂ ਹਨ।

## ਜਮਾਤ - ਅੱਠਵੀਂ ਪਾਠ -22 ਸ਼ਿਵ ਸਿੰਘ ਬੁੱਤ-ਘਾੜਾ

## ਸਾਹਿਤ ਰੂਪ - ਜੀਵਨੀ ਲੇਖਕ - ਮਲਕੀਤ ਸਿੰਘ 'ਆਰਟਿਸਟ

**ਪ੍ਰਸ਼ਨ (ੳ) ਸ਼ਿਵ ਸਿੰਘ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?**
ਉੱਤਰ: ਸ਼ਿਵ ਸਿੰਘ ਦਾ ਜਨਮ 1938 ਵਿੱਚ ਬਸੀ ਗ਼ੁਲਾਮ ਹੁਸੈਨ, ਜਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ।

**ਪ੍ਰਸ਼ਨ (ਅ) ਸ਼ਿਵ ਸਿੰਘ ਦਾ ਬਚਪਨ ਕਿਵੇਂ ਬੀਤਿਆ?**
ਉੱਤਰ: ਸ਼ਿਵ ਸਿੰਘ ਦੇ ਮਾਪਿਆਂ ਨੇ ਉਸ ਨੂੰ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿੱਚ ਪਾਲਿਆ। ਮਾਂ-ਬਾਪ ਨੇ ਉਸ ਨੂੰ ਗੁਰਬਾਣੀ, ਲੋਕ-ਕਥਾਵਾਂ ਅਤੇ ਲੋਕ-ਸਾਹਿਤ ਤੋਂ ਜਾਣੂ ਕਰਾਇਆ।ਬਚਪਨ ਤੋਂ ਹੀ ਉਸ ਨੂੰ ਕੁਦਰਤ ਨਾਲ ਬਹੁਤ ਪਿਆਰ ਸੀ।ਉਹ ਪਿੰਡ ਦੇ ਇੱਕ ਚੋਅ ਵਿੱਚ ਖੇਡਣ ਚਲਾ ਜਾਂਦਾ।ਉੱਥੇ ਚੀਕਣੀ ਮਿੱਟੀ ਨਾਲ ਪੈਰਾਂ ਉੱਪਰ ਘਰ ਅਤੇ ਰੇਤ ਨਾਲ ਘੁੱਗੂ-ਘੋੜੇ ਬਣਾਉਂਦਾ ਰਹਿੰਦਾ। ਚੋਅ ਦੇ ਸਰਕੰਡੇ ਦੀਆਂ ਤੀਲ੍ਹੀਆਂ ਨਾਲ ਉਹ ਊਠ, ਘੋੜੇ, ਛੁਣਛੁਣੇ ਤੇ ਕਈ ਹੋਰ ਤਰ੍ਹਾਂ ਦੇ ਪੰਛੀਆਂ ਦੇ ਰੂਪ ਬਣਾਉਂਦਾ ਰਹਿੰਦਾ।ਉਹ ਪਾਣੀ ਵਿੱਚ ਤਰਦੀਆਂ ਲੱਕੜਾਂ ਨੂੰ ਬਾਹਰ ਕੱਢ ਕੇ ਉਨ੍ਹਾਂ ਦੇ ਪਸ਼ੂਆਂ 'ਤੇ ਜਾਨਵਰਾਂ ਦੇ ਰੂਪ ਬਣਾਉਂਦਾ ਰਹਿੰਦਾ।

**ਪ੍ਰਸ਼ਨ (ੲ) ਬੁੱਤ-ਤਰਾਸ਼ੀ ਕਰਨ ਵੇਲ਼ੇ ਸ਼ਿਵ ਸਿੰਘ ਕੀ ਮਹਿਸੂਸ ਕਰਦਾ ਹੈ?**
ਉੱਤਰ: ਬੁੱਤ-ਤਰਾਸ਼ੀ ਕਰਨ ਵੇਲੇ ਸ਼ਿਵ ਸਿੰਘ ਲੱਕੜਾਂ ਵਿੱਚੋਂ ਮਨੁੱਖੀ ਸੰਵੇਦਨਾ ਭਰੇ ਗੁਣ ਮਹਿਸੂਸ ਕਰਦਾ ਹੈ। ਜਦੋਂ ਉਹ ਲੱਕੜ ਨੂੰ ਤਰਾਸ਼ਦਾ ਤਾਂ ਇਸ ਵਿੱਚੋਂ ਉਸ ਨੂੰ ਉੱਭਰਦੇ ਅਕਾਰ ਤੇ ਰੂਪ ਰਹੱਸਮਈ ਵਿਖਾਈ ਦਿੰਦੇ ਹਨ।ਲੱਕੜ, ਲੋਹੇ, ਪਿੱਤਲ, ਤਾਂਬੇ ਜਾਂ ਕੋਈ ਹੋਰ ਵਸਤੂ ਨੂੰ ਘੜਨ ਨਾਲ ਉਸ ਨੂੰ ਖੁੱਲ੍ਹ ਦਾ ਅਹਿਸਾਸ ਹੁੰਦਾ ਹੈ।ਉਸ ਵੇਲੇ ਉਸ ਨੂੰ ਉਹ ਕਲਾਕ੍ਰਿਤ ਜਾਨਦਾਰ ਲੱਗਣ ਲਗ ਪੈਂਦੀ ਹੈ।

**ਪ੍ਰਸ਼ਨ (ਸ) ਕਲਾ ਦੀ ਖੋਜ ਸੰਬੰਧੀ ਸ਼ਿਵ ਸਿੰਘ ਨੂੰ ਕਿਹੜੇ ਦੇਸ ਦੀ ਸਰਕਾਰ ਵੱਲੋਂ ਬੁਲਾਇਆ ਗਿਆ ਅਤੇ ਉੱਥੇ ਆਪ ਨੂੰ ਕਿਹੋ-ਜਿਹਾ ਤਜ਼ਰਬਾ ਹਾਸਲ ਹੋਇਆ?**
ਉੱਤਰ: ਕਲਾ ਦੀ ਖੋਜ ਸੰਬੰਧੀ ਸ਼ਿਵ ਸਿੰਘ ਨੂੰ ਜਰਮਨ ਸਰਕਾਰ ਵੱਲੋਂ ਬੁਲਾਇਆ ਗਿਆ।ਉੱਥੇ ਰਹਿੰਦਿਆਂ ਉਸ ਨੂੰ ਪਿੱਤਲ, ਤਾਂਬੇ, ਸਟੀਲ, ਜਿਸਤੀ-ਪਾਈਪ ਅਤੇ ਹੋਰ ਨਵੀਂ ਕਿਸਮ ਦੀ ਸਮੱਗਰੀ ਦੀ ਵਰਤੋਂ ਕਰਨ ਨਾਲ ਕਈ ਤਰ੍ਹਾਂ ਦੇ ਤਜ਼ਰਬੇ ਹਾਸਲ ਹੋਏ।

**ਪ੍ਰਸ਼ਨ (ਹ) ਸ਼ਿਵ ਸਿੰਘ ਦੀ ਕਲਾਂ-ਪ੍ਰਦਰਸ਼ਨੀਆਂ ਕਿਹੜੇ-ਕਿਹੜੇ ਦੇਸਾਂ ਵਿੱਚ ਲਗ ਚੁੱਕੀਆਂ ਹਨ?**
ਉੱਤਰ: ਸ਼ਿਵ ਸਿੰਘ ਦੀ ਕਲਾਂ-ਪ੍ਰਦਰਸ਼ਨੀਆਂ ਅਮਰੀਕਾ, ਜਰਮਨੀ, ਫ਼ਰਾਂਸ, ਸਵਿਟਜ਼ਰਲੈਂਡ, ਡੈਨਮਾਰਕ, ਸਵੀਡਨ, ਕਨੇਡਾ, ਸ੍ਰੀ ਲੰਕਾ, ਸਿੰਗਾਪੁਰ, ਸਕਾਟਲੈਂਡ, ਇੰਗਲੈਂਡ, ਤੇ ਹਾਲੈਂਡ ਆਦਿ ਦੇਸ਼ਾਂ ਵਿੱਚ ਲਗ ਚੁੱਕੀਆਂ ਹਨ।

**ਪ੍ਰਸ਼ਨ (ਕ) ਪੰਜਾਬ ਅਤੇ ਚੰਡੀਗੜ੍ਹ ਵਿੱਚ ਸ਼ਿਵ ਸਿੰਘ ਦੀਆਂ ਕਲਾ ਕਿੱਥੇ ਅਤੇ ਕਿਸ ਰੂਪ ਵਿੱਚ ਦੇਖੀ ਜਾ ਸਕਦੀ ਹੈ?**
ਉੱਤਰ: ਪੰਜਾਬ ਦੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਸ਼ਿਵ ਸਿੰਘ ਦੀ ਕਲਾ ਦਾ ਅਦਭੁੱਤ ਨਮੂਨਾ ਵੇਖਿਆ ਜਾ ਸਕਦਾ ਹੈ।ਇੱਥੇ 15 ਫੁੱਟ ਉੱਚੇ ਸੀਮਿੰਟ, ਕੰਕਰੀਟ ਤੇ ਲੋਹੇ ਦੇ ਬਣੇ ਵੱਡ-ਅਕਾਰੀ ਵਾਯੂਮੰਡਲ-ਬੁੱਤ ਕੁਦਰਤ ਦੇ ਅਨੰਤ ਰੂਪਾਂ ਨੂੰ ਪੇਸ਼ ਕਰਦੇ ਹਨ।ਪੰਜਾਬ ਕਲਾ ਦੇ ਭਵਨ ਸੈਕਟਰ 16 ਚੰਡੀਗੜ੍ਹ ਵਿੱਚ ਸ਼ਿਵ ਸਿੰਘ ਦੀ ਲੋਹੇ ਦੇ ਪਾਈਪਾਂ ਦੀ ਕਲਾ-ਕਿਰਤ 'ਪੰਜਾਬ ਦੇ ਭੰਗੜਾ ਪਾਉਂਦੇ ਜਵਾਨ ਆਪਣੀ ਵੱਕਰੀ ਪਹਿਚਾਣ ਰੱਖਦੀ ਹੈ।

**ਪ੍ਰਸ਼ਨ (ਖ) ਸ਼ਿਵ ਸਿੰਘ ਨੂੰ ਇੱਕ ਕਲਾਕਾਰ ਵੱਜੋਂ ਕਿਹੜੇ-ਕਿਹੜੇ ਇਨਾਮਸਨਮਾਨ ਪ੍ਰਾਪਤਹੋ ਚੁੱਕੇ ਹਨ?**
ਉੱਤਰ: 1979 ਵਿਚ ਉਸ ਨੂੰ ਨੈਸ਼ਨਲ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਸੇ ਸਾਲ ਉਸ ਨੂੰ ਪੰਜਾਬ ਆਰਟ ਕੌਂਸਲ ਚੰਡੀਗੜ੍ਹ ਨੇ ਸਿਰਮੌਰ ਕਲਾਕਾਰ ਦਾ ਸਨਮਾਨ ਦਿੱਤਾ। 1991 ਵਿੱਚ ਹਰਿਆਣਾ ਸਰਕਾਰ ਨੇ ਸੂਰਜ ਕੁੰਡ ਕਰਾਫ਼ਟ ਮੇਲੇ ਵਿੱਚ ਆਪ ਨੂੰ ਸਨਮਾਨਿਤ ਕੀਤਾ।ਪੰਜਾਬ ਲਲਿਤ ਕਲਾ ਅਕਾਦਮੀ ਚੰਡੀਗੜ੍ਹ ਨੇ ਉਸ ਦੀਆਂ ਵਿਲੱਖਣ ਕਲਾ-ਕ੍ਰਿਤਾਂ ਕਰਕੇ ਉਸ ਨੂੰ ਪੁਰਸਕਾਰ ਦਿੱਤਾ।

**2. ਔਖੇ ਸ਼ਬਦਾਂ ਦੇ ਅਰਥ:**

ਵਿਦਮਾਨ - ਮੌਜੂਦ
ਰੂਪਮਾਨ ਕਰਨਾ - ਰੂਪ ਦੇਣਾ, ਤਸਵੀਰ ਪੇਸ਼ ਕਰਨਾ
ਆਰਟ-ਟੀਚਰ - ਕਲਾ ਸਿਖਾਉਣ ਵਾਲਾ ਅਧਿਆਪਕ
ਸਿਰਜਣਾਤਮਿਕਤਾ - ਰਚਨਾ ਕਰਨ ਦੀ ਸਮੱਰਥਾ
ਅਨੁਭਵ - ਗਿਆਨ ਮਹਿਸੂਸ ਕਰਨ ਦਾ ਭਾਵ
ਸਿਰਮੌਰ - ਸਰਦਾਰ, ਮੋਹਰੀ, ਪ੍ਰਮੁੱਖ
ਪੁਰਸਕ੍ਰਿਤ ਕੀਤਾ - ਇਨਾਮ ਦਿੱਤਾ
ਗੁਰੇਜ਼ ਕਰਨਾ - ਪਰਹੇਜ਼ ਕਰਨਾ, ਟਲਨਾ, ਭੱਜਣਾ
ਵੇਸ - ਪਹਿਰਾਵਾ, ਲਿਬਾਸ, ਪੁਸ਼ਾਕ

**3. ਵਾਕਾਂ ਵਿੱਚ ਵਰਤੋ:**

ਪ੍ਰੇਰਨਾ ਸ੍ਰੋਤ – ਮੇਰੇ ਮਾਤਾ ਜੀ ਮੇਰੇ ਪ੍ਰੇਰਨਾ-ਸ੍ਰੋਤ ਹਨ।
ਪ੍ਰਤਿਭਾਸ਼ਾਲੀ – ਸ਼ਿਵ ਸਿੰਘ ਵਿੱਚ ਬਚਪਨ ਤੋਂ ਹੀ ਪ੍ਰਤਿਭਾਸ਼ਾਲੀ ਸੀ।
ਨਮੂਨੇ – ਸਾਡਾ ਘਰ ਨਮੂਨੇ ਅਨੁਸਾਰ ਬਣਿਆ ਹੈ।
ਉਤਸ਼ਾਹਿਤ -ਮਾਪਿਆਂ ਨੇ ਸ਼ਿਵ ਸਿੰਘ ਨੂੰ ਬੁੱਤ-ਤਰਾਸ਼ੀ ਲਈ ਉਤਸ਼ਾਹਿਤ ਕੀਤਾ।
ਪ੍ਰਗਟਾਵਾ – ਉਸ ਦੀ ਸੋਚ ਦਾ ਪ੍ਰਗਟਾਵਾ ਉਸ ਦੇ ਬੁੱਤਾਂ ਤੋਂ ਹੋ ਜਾਂਦਾ ਹੈ।
ਰਹੱਸਮਈ – ਸਾਡੇ ਪਿੰਡ ਵਾਲਾ ਕਿਲਾ ਰਹੱਸਮਈ ਹੈ।
ਅੰਤਰਰਾਸ਼ਟਰੀ – ਮੋਹਾਲੀ ਵਿਖੇ ਅੰਤਰਰਾਸ਼ਟਰੀ ਸਟੇਡੀਅਮ ਹੈ।
ਸਿਰਜਣਾ – ਸਾਰਾ ਸੰਸਾਰ ਪਰਮਾਤਮਾ ਦੀ ਸਿਰਜਣਾ ਹੈ।
ਪ੍ਰਥਾ – ਦਹੇਜ ਦੀ ਪ੍ਰਥਾ ਭਾਰਤੀ ਸਮਾਜ ਲਈ ਕਲੰਕ ਹੈ।
ਪ੍ਰਕਿਰਤੀ – ਪੂਰੀ ਪ੍ਰਕਿਰਤੀ ਪਰਮਾਤਮਾ ਦੀ ਆਰਤੀ ਕਰ ਰਹੀ ਹੈ।

## ਜਮਾਤ – ਅੱਠਵੀਂ ਪਾਠ – 23 ਪਿੰਡ ਦੀ ਘੁਲਾੜੀ

### ਸਾਹਿਤ ਰੂਪ – ਕਵਿਤਾ ਲੇਖਕ – ਮਨਮੋਹਨ ਸਿੰਘ ਦਾਊਂ

**ਪ੍ਰਸ਼ਨ(ੳ)ਘੁਲਾੜੀ ਚੱਲਦੀ ਹੋਈ ਕਿਹੋ-ਜਿਹੀ ਲਗਦੀ ਹੈ?**
ਉੱਤਰ: ਘੁਲਾੜੀ ਚੱਲਦੀ ਹੋਈ ਬਹੁਤ ਚੰਗੀ ਲੱਗਦੀ ਹੈ।
**ਪ੍ਰਸ਼ਨ (ਅ) ਚਾਚਾ ਬਲ਼ਦਾਂ ਨੂੰ ਕੀ ਕਰਦਾ ਹੈ?**
ਉੱਤਰ: ਚਾਚਾ ਬਲ਼ਦਾਂ ਨੂੰ ਚਾਅ ਨਾਲ ਹੱਕਦਾ ਹੈ।
**ਪ੍ਰਸ਼ਨ (ੲ) ਖੇਤਾਂ ਵਿੱਚੋਂ ਗੰਨੇ ਦੀਆਂ ਭਰੀਆਂ ਘੁਲਾੜੀ ਤੱਕ ਕਿਵੇਂ ਲਿਆਂਦੀਆਂ ਗਈਆਂ ?**
ਉੱਤਰ: ਖੇਤਾਂ ਵਿੱਚੋਂ ਗੰਨੇ ਦੀਆਂ ਭਰੀਆਂ ਟ੍ਰਾਲੀ ਵਿੱਚ ਲਿਆਂਦੀਆਂ ਗਈਆਂ।
**ਪ੍ਰਸ਼ਨ (ਸ) ਗੰਨੇ ਤੋਂ ਕਿਹੜੀਆਂ-ਕਿਹੜੀਆਂ ਚੀਜ਼ਾਂ ਬਣਦੀਆਂ ਹਨ?**
ਉੱਤਰ: ਗੰਨੇ ਤੋਂ ਗੁੜ, ਸ਼ੱਕਰ, ਸੌਂਫ਼ ਵਾਲੀ ਟਿੱਕੀ ਆਦਿ ਚੀਜ਼ਾਂ ਬਣਦੀਆਂ ਹਨ।

**2. ਹੇਠ ਲਿਖੀਆਂ ਸਤਰਾਂ ਦਾ ਭਾਵ ਸਪੱਸ਼ਟ ਕਰੋ:**
**(ੳ) ਚੱਲਦੀ ਘੁਲਾੜੀ ਕਿੰਨੀ ਚੰਗੀ ਲੱਗਦੀ,**
**ਬਲ਼ਦਾਂ ਦੀ ਜੋੜੀ ਅੱਗੇ-ਅੱਗੇ ਭੱਜਦੀ।**
ਉੱਤਰ: ਇਨ੍ਹਾਂ ਸਤਰਾਂ ਦਾ ਭਾਵ ਹੈ ਕਿ ਜਦੋਂ ਬਲ਼ਦਾਂ ਦੀ ਜੋੜੀ ਭੱਜ ਕੇ ਵੇਲਣੇ ਨੂੰ ਚਲਾਉਂਦੀ ਹੈ ਤਾਂ ਉਹ ਦ੍ਰਿਸ਼ ਬਹੁਤ ਸੋਹਣਾ ਲੱਗਦਾ ਹੈ।
**(ਅ) ਗੁੜ ਖਾਦੇ ਭਿੰਨ-ਭੇਦ, ਕੋਈ ਨਾ ਵਿਚਾਰਦਾ,**
**ਗੁੜ ਵਾਲ਼ਾ ਚੱਕ ਸਭ ਨੂੰ ਪਿਆਰਦਾ।**
ਉੱਤਰ: ਇਨ੍ਹਾਂ ਸਤਰਾਂ ਦਾ ਭਾਵ ਹੈ ਕਿ ਜਦੋਂ ਲੋਕ ਗੁੜ ਖਾਂਦੇ ਹਨ ਤਾਂ ਕਿਸੇ ਕਿਸਮ ਜਾਤ-ਪਾਤ ਦਾ ਭੇਦ-ਭਾਵ ਨਹੀਂ ਕੀਤਾ ਜਾਂਦਾ।ਸ਼ੱਕਰ ਬਣਾਉਣ ਵਾਲਾ ਭਾਂਡਾ ਸਭ ਨੂੰ ਪਿਆਰ ਦਿੰਦਾ ਹੈ।

**3. ਔਖੇ ਸ਼ਬਦਾਂ ਦੇ ਅਰਥ:**

ਚੱਕ – ਉਹ ਖੁੱਲ੍ਹਾਂ ਭਾਂਡਾ ਜਿਸ ਵਿੱਚ ਸ਼ੱਕਰ ਬਣਦੀ ਹੈ।
ਪਾਥਾ – ਲੱਕੜ ਦਾ ਸੰਦ ਜਿਸ ਨਾਲ਼ ਚੱਕ ਵਿੱਚੋਂ ਗੁੜ ਨੂੰ ਇਕੱਠਾ ਕਰਨ ਲਈ ਵਰਤਿਆ ਜਾਂਦਾ ਹੈ।
ਪੇਸੀ – ਗੁੜ ਦੀਆਂ ਛੋਟੀਆਂ-ਛੋਟੀਆਂ ਰੋੜੀਆਂ
ਲੂੰਬਾ – ਚਿਮਨੀ, ਭੱਠੀ ਆਦਿ ਦਾ ਧੂੰਆਂ ਨਿਕਲਨ ਦੀ ਥਾਂ
ਕਮਾਦ – ਗੰਨੇ ਦੀ ਫ਼ਸਲ
ਘੁਲਾੜੀ – ਵੇਲਣਾ, ਗੰਨਾ ਪੀੜਨ ਵਾਲਾ ਇੱਕ ਯੰਤਰ

**4. ਵਾਕਾਂ ਵਿੱਚ ਵਰਤੋ:**

ਘੁਲਾੜੀ – ਘੁਲਾੜੀ ਗੁੜ ਬਣਾਉਣ ਵਾਲਾ ਯੰਤਰ ਹੁੰਦਾ ਹੈ।
ਭੇਲੀ – ਗੁੜ ਦੀਆਂ ਭੇਲੀਆਂ ਬਣਾਈਆਂ ਜਾਂਦੀਆਂ ਹਨ।
ਵਿਰਸਾ – ਪੰਜਾਬ ਦਾ ਵਿਰਸਾ ਬਹੁਤ ਮਹਾਨ ਹੈ।
ਕਮਾਦ – ਅੱਜ-ਕੱਲ੍ਹ ਕਮਾਦ ਘੱਟ ਬੀਜਿਆ ਜਾਂਦਾ ਹੈ।
ਚੱਕ – ਪੁਰਾਣੇ ਸਮੇਂ ਵਿੱਚ ਚੱਕ ਵਿੱਚੋਂ ਬਿਨਾਂ ਭੇਦ-ਭਾਵ ਗੁੜ ਖਾਇਆ ਜਾਂਦਾ ਹੈ।
ਗੁੜ – ਗੁੜ ਗੰਨੇ ਤੋਂ ਬਣਦਾ ਹੈ।
ਟ੍ਰਾਲੀ – ਟ੍ਰਾਲੀ ਰਾਹੀਂ ਗੰਨੇ ਘੁਲਾੜੀ ਤੱਕ ਲਿਆਂਦੀ ਜਾਂਦੀ ਸੀ।
ਘੁੰਗਰੂ – ਬਲ਼ਦਾਂ ਦੇ ਗਲ਼ ਘੁੰਗਰੂ ਪਾਏ ਹੋਏ ਸਨ।

## ਜਮਾਤ – ਅੱਠਵੀਂ ਪਾਠ – 24 ਭੂਆ

### ਸਾਹਿਤ ਰੂਪ – ਕਹਾਣੀ ਲੇਖਕ – ਨਾਨਕ ਸਿੰਘ

**ਪ੍ਰਸ਼ਨ (ੳ) ਲੇਖਕ ਨੂੰ ਤੀਹ-ਪੈਂਤੀ ਵਰ੍ਹੇ ਪਹਿਲਾਂ ਭੂਆ ਕਿਹੜੀਆਂ ਗੱਲਾਂ ਯਾਦ ਸਨ?**
ਉੱਤਰ: ਲੇਖਕ ਨੂੰ ਯਾਦ ਸੀ ਕਿ ਤੀਹ-ਪੈਂਤੀ ਵਰ੍ਹੇ ਪਹਿਲਾਂ ਨਿੱਕੇ ਹੁੰਦੇ ਹੁੰਦਿਆਂ ਭੂਆ ਉਸ ਨੂੰ ਪਿਆਰ-ਪੁਚਕਾਰ ਕੇ ਸਕੂਲ ਛੱਡਣ ਜਾਂਦੀ ਸੀ ਅਤੇ ਅੱਧੀ ਛੁੱਟੀ ਵੇਲ਼ੇ ਉਹ ਉਸ ਲਈ ਮਲਾਈ ਵਾਲੇ ਦੁੱਧ ਦਾ ਕੌਲ ਲੈ ਕੇ ਸਕੂਲ ਆਇਆ ਕਰਦੀ ਸੀ।
**ਪ੍ਰਸ਼ਨ (ਅ) ਲੇਖਕ ਭੂਆ ਦੇ ਪਿੰਡ ਕਿਉਂ ਗਿਆ?**
ਉੱਤਰ: ਬਚਪਨ ਵਿੱਚ ਲੇਖਕ ਦਾ ਭੂਆ ਨਾਲ ਬਹੁਤ ਪਿਆਰ ਹੁੰਦਾ ਸੀ ਤੇ ਹੁਣ ਉਸ ਨੂੰ ਭੂਆ ਨੂੰ ਮਿਲਿਆਂ 10 ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਸੀ।ਭੂਆ ਕਹਾਣੀਕਾਰ ਦੇ ਵੱਡੇ-ਵਡੇਰਿਆਂ ਵਿੱਚੋਂ, ਜਿਹੜੇ ਉਸ ਨੂੰ 'ਕਾਕਾ' ਪੁੱਤਰ ਆਖ ਕੇ ਬੁਲਾਉਣ ਦਾ ਅਧਿਕਾਰ ਰੱਖਦੇ ਸਨ, ਇੱਕੋ ਇੱਕ ਬਚੀ ਹੋਈ ਪੁਰਾਣੀ ਬੁੱਢੀ ਸੀ।
**ਪ੍ਰਸ਼ਨ (ੲ) ਭੂਆ ਨੇ ਆਪਣੇ ਭਤੀਜੇ ਲਈ ਮੋਹ ਕਿਵੇਂ ਪ੍ਰਗਟ ਕੀਤਾ?**
ਉੱਤਰ: ਲੇਖਕ ਨੂੰ ਪਛਾਣਨ ਤੋਂ ਬਾਦ ਸਾਰੀ ਦੀ ਸਾਰੀ ਭੂਆ ਉਸ ਦੇ ਦੁਆਲੇ ਲਿਪਟ ਗਈ।ਉਸ ਨੂੰ ਚੁੰਮ-ਚੁੰਮ ਕੇ ਉਸ ਦਾ ਮੂੰਹ ਗਿੱਲਾ ਕਰ ਛੱਡਿਆ। ਆਪਣੇ ਦੋਹਾਂ ਹੱਥਾਂ ਨਾਲ ਲੇਖਕ ਦੀ ਪਿੱਠ, ਸਿਰ ਤੇ ਮੂੰਹ ਨੂੰ ਪਿਆਰਦੀ ਹੋਈ ਉਸ ਦੇ ਬਾਲ-ਬੱਚਿਆਂ ਦਾ ਹਾਲ ਪੁੱਛਣ ਲੱਗੀ।ਉਸ ਨੇ ਲੇਖਕ ਦੀ ਨਾਂਹ-ਨੁੱਕਰ ਦੀ ਦੀ ਪਰਵਾਹ ਕੀਤੇ ਬਿਨਾਂ ਉਸ ਨੂੰ ਪਰਾਉਂਠਿਆਂ, ਸੇਵੀਆਂ, ਸ਼ੱਕਰ, ਘਿਓ, ਤੇ ਦੁੱਧ ਨਾਲ ਰਜਾਉਣਾ ਚਾਹਿਆ। ਕਹਾਣੀ ਦੇ ਅੰਤ ਵਿੱਚ ਜਦੋਂ ਲੇਖਕ ਲਈ ਦੁੱਧ ਨਹੀਂ ਮਿਲਦਾ ਤਾਂ ਉਹ ਸ਼ਰਮਿੰਦਗੀ ਨਾਲ ਲੇਖਕ ਦੀ ਪਿੱਠ ਉੱਤੇ ਹੱਥ ਫੇਰਦੀ ਹੋਈ ਬੋਲੀ, "ਕਾਕਾ ਭੁੱਖਾ ਈ ਸਵੇਂਗਾ ਹੁਣ"।
**ਪ੍ਰਸ਼ਨ (ਸ) 'ਅੱਗੇ ਜਿਠਾਣੀ ਦੇ ਫੁੱਲ ਲੈ ਕੇ ਗਈ ਸੈਂ, ਹੁਣ ਭਾਵੇਂ ਭਤੀਜੇ ਦੇ ਫੁੱਲਾਂ ਦੀ ਵਾਰੀ ਹੈ' ਇਹ ਗੱਲ ਭਤੀਜੇ ਨੇ ਕਿਉਂ ਸੋਚੀ?**
ਉੱਤਰ: ਭਤੀਜੇ ਦਾ ਪੇਟ ਪਹਿਲਾਂ ਹੀ ਭਰਿਆ ਪਿਆ ਸੀ ਪਰੰਤੂ ਭੂਆ ਉਸ ਨੂੰ ਜ਼ਬਰਦਸਤੀ ਹੋਰ ਖੁਆਉਣਾ ਚਾਹੁੰਦੀ ਸੀ।ਜਦੋਂ ਲੇਖਕ ਦੀ ਭੂਆ ਅੱਗੇ ਕੋਈ ਪੇਸ਼ ਨਾ ਚੱਲੀ ਤਾਂ ਉਹ ਸੋਚਣ ਲੱਗਾ ਕਿ 'ਅੱਗੇ ਜਿਠਾਣੀ ਦੇ ਫੁੱਲ ਲੈ ਕੇ ਗਈ ਸੈਂ, ਹੁਣ ਭਾਵੇਂ ਭਤੀਜੇ ਦੇ ਫੁੱਲਾਂ ਦੀ ਵਾਰੀ ਹੈ।'

**ਪ੍ਰਸ਼ਨ (ਹ) 'ਭਲਾ ਹੋਇਆ ਮੇਰਾ ਚਰਖਾ ਟੁੱਟਾ ਜਿੰਦ ਅਜਾਬੋਂ ਛੁੱਟੀ', ਇਸ ਕਹਾਵਤ ਦਾ ਕੀ ਅਰਥ ਹੈ? ਇਸ ਕਹਾਣੀ ਵਿੱਚ ਇਹ ਕਿਸ ਆਖੀ ਅਤੇ ਕਿਉਂ?**

ਉੱਤਰ: ਇਸ ਕਹਾਵਤ ਦਾ ਅਰਥ ਹੈ ਕਿ ਬਹੁਤ ਚੰਗਾ ਹੋਇਆ ਜੋ ਕੰਮ ਵਿੱਚ ਵਿਘਨ ਪੈ ਗਿਆ ਤੇ ਕੰਮ ਕਰਨ ਤੋਂ ਜਾਨ ਸੌਖੀ ਹੋ ਗਈ। ਇਸ ਕਹਾਣੀ ਵਿੱਚ ਲੇਖਕ ਇਹ ਸ਼ਬਦ ਉਸ ਵੇਲੇ ਬੋਲਦਾ ਹੈ ਜਦੋਂ ਭੂਆ ਦੀ ਨੂੰਹ ਦੁੱਧ ਵਾਲਾ ਖਾਲੀ ਛੰਨਾ ਲੈ ਕੇ ਘਰ ਪੁੱਜਦੀ ਹੈ। ਖਾਲੀ ਛਮਨੇ ਨੂੰ ਦੇਖ ਕੇ ਲੇਖਕ ਦੀ ਜਾਨ ਵਿੱਚ ਜਾਨ ਆਉਂਦੀ ਹੈ ਕਿਉਂਕਿ ਉਹ ਕਾਫ਼ੀ ਰੱਜ ਚੁੱਕਾ ਸੀ ਤੇ ਹੋਰ ਖਾਣ ਦੀ ਉਸ ਵਿੱਚ ਹਿੰਮਤ ਨਹੀਂ ਸੀ।

**ਪ੍ਰਸ਼ਨ (ਕ) ਇਸ ਕਹਾਣੀ ਵਿੱਚ ਲੇਖਕ ਨੂੰ ਖਾਣ-ਪੀਣ ਦੀਆਂ ਚੀਜ਼ਾਂ ਤੋਂ ਏਨਾ ਡਰ ਕਿਉਂ ਲੱਗਦਾ ਹੈ?**

ਉੱਤਰ: ਲੇਖਕ ਸ਼ਹਿਰ ਦਾ ਰਹਿਣ ਵਾਲਾ ਹੈ। ਸ਼ਹਿਰ ਵਿੱਚ ਲੋਕਾਂ ਨੂੰ ਹਲਕਾ-ਫੁਲਕਾ ਖਾਣ ਦੀ ਆਦਤ ਹੁੰਦੀ ਹੈ ਜਦ ਕਿ ਪੇਂਡੂ ਲੋਕ ਖੁੱਲ੍ਹਾ ਖਾਣ ਦੇ ਸ਼ੌਕੀਨ ਹੁੰਦੇ ਹਨ। ਭੂਆ ਦੇ ਪਿੰਡ ਜਾ ਕੇ ਉਹ ਖਾਣ-ਪੀਣ ਦੀਆਂ ਚੀਜ਼ਾਂ ਤੋਂ ਇਸ ਕਰਕੇ ਡਰਦਾ ਹੈ ਕਿ ਜਿਆਦਾ ਖਾ ਕੇ ਉਹ ਬਿਮਾਰ ਹੀ ਨਾ ਪੈ ਜਾਵੇ।

**2. ਔਖੇ ਸ਼ਬਦਾਂ ਦੇ ਅਰਥ:**

| | | | |
|---|---|---|---|
| ਸੋਤੇ ਪਏ-ਸੌਣ ਵੇਲੇ | ਆਹਰ-ਕੰਮ, ਧੰਦਾ, ਰੁਝੇਵਾਂ | ਉਤਾਵਲੇ-ਕਾਹਲੇ,ਤੇਜ਼ | ਸੰਧਿਆ ਵੇਲ਼ੇ-ਸੰਝ, ਤਕਾਲਾਂ |
| ਅੰਬਾਰ-ਢੇਰ | ਪਲੱਥਾ ਮਾਰ ਕੇ-ਚੌਕੜੀ ਮਾਰ ਕੇ | ਤਰਜੀਹ ਦੇਣੀ-ਪਹਿਲ ਦੇਣੀ | ਘੁਰਕੀ-ਢਰਾਵਾ, ਧਮਕੀ |
| ਅੰਬਰਸਰ-ਅੰਮ੍ਰਿਤਸਰ | ਲੱਪ-ਹੱਥ ਦਾ ਇੱਕ ਰੁੱਗ | ਸੰਕੋਚ-ਸੰਗ, ਸ਼ਰਮ | ਸਬੱਬ ਨਾਲ-ਸੁਭਾਵਿਕ ਹੀ |
| ਪੁਆੜੇ-ਝਗੜਾ | ਕਾਲ ਰੂਪੀ-ਮੌਤ ਰੂਪੀ | ਤਾਣ-ਬਲ,ਤਾਕਤ | ਗਰਾਹੀ-ਬੁਰਕੀ |
| ਕਮਬਖ਼ਤ-ਬਦਨਸੀਬ | ਖ਼ਲਾਸੀ-ਛੁਟਕਾਰਾ, ਮੁਕਤੀ | ਹੀਂਹ-ਮੰਜੇ ਦੀ ਬਾਹੀ | |
| ਇੰਤਜ਼ਾਮ-ਪ੍ਰਬੰਧ, ਬੰਦੋਬਸਤ | ਖੇਚਲ-ਕਸ਼ਟ, ਤਕਲੀਫ਼ | ਤਬੀਅਤ ਦਿੱਕ ਹੋ ਗਈ -ਮਨ ਖ਼ਰਾਬ ਹੋ ਗਿਆ | |

**3. ਵਾਕਾਂ ਵਿੱਚ ਵਰਤੋ:**

ਖ਼ਾਹਸ਼ - ਮੇਰੀ ਖ਼ਾਹਸ਼ ਹੈ ਕਿ ਮੈਂ ਸਭ ਦਾ ਭਲਾ ਕਰਦਾ ਰਹਾਂ।
ਭੁੱਖਾ-ਭਾਣਾ - ਮੁਸਾਫ਼ਿਰ ਭੁੱਖਾ-ਭਾਣਾ ਆਪਣੀ ਮੰਜ਼ਿਲ ਵੱਲ ਤੁਰਦਾ ਰਿਹਾ।
ਸਦਕੇ ਜਾਣਾ - ਮਾਂ ਆਪਣੇ ਪੁੱਤਰ ਤੋਂ ਸਦਕੇ ਜਾਂਦੀ ਹੈ।
ਜਸ ਖੱਟਣਾ - ਚੰਗੇ ਕੰਮਾਂ ਕਰਕੇ ਉਸ ਨੇ ਖ਼ੂਬ ਜਸ ਖੱਟਿਆ।
ਅੱਧ-ਪਚੱਧਾ - ਉਸ ਨੇ ਅੱਧ-ਪਚੱਧਾ ਭੋਜਨ ਖਾਇਆ।
ਮੁਹਿੰਮ - ਮੈਂ ਰੁੱਖ ਲਗਾਉਣ ਵਾਲੀ ਮੁਹਿੰਮ ਦਾ ਹਿੱਸਾ ਜ਼ਰੂਰ ਬਣਦਾ ਹਾਂ।
ਮੱਛੀ ਵਾਂਗ ਤਫੜਣਾ - ਜਿਆਦਾ ਖਾਣਾ ਖਾ ਕੇ ਲੇਖਕ ਮੱਛੀ ਵਾਂਘ ਤੜਫਣ ਲੱਗਾ।
ਬਰਦਾਸ਼ਤ ਕਰਨਾ - ਉਸ ਤੋਂ ਦਰਦ ਬਰਦਾਸ਼ਤ ਨਾ ਹੋਇਆ।
ਚਿਤਾਵਨੀ - ਸਰਕਾਰ ਨੇ ਲੋਕਾਂ ਨੂੰ ਬਿਨਾਂ ਮਾਸਕ ਤੋਂ ਬਾਹਰ ਨਾ ਨਿਕਲਣ ਦੀ ਚਿਤਾਵਨੀ ਦਿੱਤੀ ਹੈ।
ਜਫ਼ਰ ਜਾਲਣਾ - ਆਪਣੀ ਔਲਾਦ ਨੂੰ ਪਾਲਣ ਲਈ ਮਾਂ ਬਹੁਤ ਜਫ਼ਰ ਜਾਲਦੀ ਹੈ।

## ਜਮਾਤ - ਅੱਠਵੀਂ ਪਾਠ - 25 ਰੱਬ ਦੀ ਪੌੜੀ

## ਸਾਹਿਤ ਰੂਪ - ਸਫਰਨਾਮਾ ਲੇਖਕ - ਬਲਵੰਤ ਗਾਰਗੀ

**ਪ੍ਰਸ਼ਨ (ੳ) ਲੇਖਕ ਨੇ 'ਰੱਬ ਦੀ ਪੌੜੀ' ਕਿਸ ਨੂੰ ਕਿਹਾ ਹੈ ਅਤੇ ਇਹ ਕਿੱਥੇ ਸਥਿੱਤ ਹੈ?**

ਉੱਤਰ: ਲੇਖਕ ਨੇ 'ਰੱਬ ਦੀ ਪੌੜੀ' ਐਮਪਾਇਰ ਸਟੇਟ ਬਿਲਡਿੰਗ ਨੂੰ ਕਿਹਾ ਹੈ। ਇਹ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਸਥਿਤ ਹੈ।

**ਪ੍ਰਸ਼ਨ (ਅ) ਲੇਖਕ ਨੇ ਨਿਊਯਾਰਕ ਅਤੇ ਟੋਕੀਓ ਦੇ ਸਟੋਰ-ਕਰਮਚਾਰੀਆਂ ਦੇ ਵਤੀਰੇ ਵਿੱਚ ਕੀ ਅੰਤਰ ਦੇਖਿਆ?**

ਉੱਤਰ: ਲੇਖਕ ਨੇ ਨਿਊਯਾਰਕ ਅਤੇ ਟੋਕੀਓ ਦੇ ਸਟੋਰ ਕਰਮਚਾਰੀਆਂ ਦੇ ਵਤੀਰੇ ਵਿੱਚ ਬਹੁਤ ਜ਼ਿਆਦਾ ਅਮਤਰ ਦੇਖਿਆ। ਨਿਊਯਾਰਕ ਦੇ ਸਟੋਰ ਕਰਮਚਾਰੀ ਉਸ ਨੂੰ ਬਹੁਤ ਜ਼ਿਆਦਾ ਰੁੱਖੇ ਜਿਹੇ ਵਤੀਰੇ ਦੇ ਲੱਗੇ ਜਦ ਕਿ ਟੋਕੀਓ ਦੇ ਸਟੋਰ ਕਰਮਚਾਰੀਆਂ ਵਿੱਚ ਉਸ ਨੇ ਬਹੁਤ ਜ਼ਿਆਦਾ ਨਰਮੀ, ਅਪਨਾਪਨ ਅਤੇ ਪਿਆਰ ਦੇਖਿਆ। ਟੋਕੀਓ ਦੇ ਸਟੋਰਾਂ ਤੋਂ ਕੋਈ ਸਮਾਨ ਲਵੇ ਜਾਂ ਨਾ ਲਵੇ ਉਹ ਬੜੀ ਨਰਮੀ ਨਾਲ ਗਾਹਕ ਦਾ ਧੰਨਵਾਦ ਕਰਦੇ ਹਨ। ਇਸ ਦੇ ਉਲਟ ਨਿਊਯਾਰਕ ਦੇ ਸਟੋਰ ਕਰਮਚਾਰੀ ਗਾਹਕਾਂ ਨਾਲ ਬੜਾ ਰੁੱਖਾ ਜਿਹਾ ਵਤੀਰਾ ਰੱਖਦੇ ਹਨ।

**ਪ੍ਰਸ਼ਨ (ੲ) 'ਐਮਪਾਇਰ ਸਟੇਟ ਬਿਲਡਿੰਗ' ਦੇ ਉੱਪਰੋਂ ਆਲੇ-ਦੁਆਲੇ ਦਾ ਦ੍ਰਿਸ਼ ਕਿਹੋ-ਜਿਹਾ ਦਿਖਾਈ ਦਿੰਦਾ ਹੈ?**

ਉੱਤਰ: 'ਐਮਪਾਇਰ ਸਟੇਟ ਬਿਲਡਿੰਗ' ਦੇ ਉੱਪਰੋਂ ਹੇਠਾਂ ਝਾਤ ਮਾਰੋ ਤਾਂ ਚੀਜ਼ਾਂ ਬਹੁਤ ਛੋਟੀਆਂ-ਛੋਟੀਆਂ ਦਿਖਾਈ ਦਿੰਦੀਆਂ ਹਨ। ਸੜਕਾਂ ਉੱਤੇ ਚੱਲ ਰਹੀਆਂ ਮੋਟਰ-ਗੱਡੀਆਂ ਕੀੜੀਆਂ ਵਾਂਗ ਨਜ਼ਰ ਆਉਂਦੀਆਂ ਹਨ। ਇੱਥੋਂ 80 ਮੀਲ ਤੱਕ ਦਾ ਦ੍ਰਿਸ਼ ਸਾਫ਼ ਨਜ਼ਰ ਆਉਂਦਾ ਹੈ।

**ਪ੍ਰਸ਼ਨ (ਸ) 'ਐਮਪਾਇਰ ਸਟੇਟ ਬਿਲਡਿੰਗ' ਕਦੋਂ ਬਣਨੀ ਸ਼ੁਰੂ ਹੋਈ ਅਤੇ ਇਹ ਕਿਵੇਂ ਤੇ ਕਿੰਨੇ ਸਮੇਂ ਵਿੱਚ ਮੁਕੰਮਲ ਹੋਈ?**

ਉੱਤਰ: 'ਐਮਪਾਇਰ ਸਟੇਟ ਬਿਲਡਿੰਗ' 1 ਅਕਤੂਬਰ, 1929 ਨੂੰ ਬਣਨੀ ਸ਼ੁਰੂ ਹੋਈ। ਸਭ ਤੋਂ ਪਹਿਲਾਂ ਇੱਥੇ ਬਣੇ ਹੋਟਲ ਨੂੰ ਢਾਹਿਆ ਗਿਆ। ਫਿਰ 55 ਫੁੱਟ ਡੂੰਘੀ ਨੀਂਹ ਖੋਦੀ ਗਈ ਅਤੇ ਉਸਾਰੀ ਦਾ ਕੰਮ ਸ਼ੁਰੂ ਹੋਇਆ। ਪੌਣੇ ਦੋ ਸਾਲਾਂ ਵਿੱਚ ਇਹ ਇਮਾਰਤ ਬਣ ਕੇ ਤਿਆਰ ਹੋਈ। ਪੁਰਾਣੇ ਸਮੇਂ ਵਿੱਚ ਮਸ਼ੀਨਰੀ ਨਾ ਹੋਣ ਦੇ ਬਾਵਜੂਦ ਇਸ ਦੀਆਂ ਚਾਰ ਮੰਜ਼ਿਲਾਂ ਹਰ ਹਫ਼ਤੇ ਬਣ ਕੇ ਤਿਆਰ ਹੋ ਜਾਂਦੀਆਂ ਸਨ। ਜਦੋਂ ਕਿਤੇ ਕੰਮ ਜ਼ੋਰਾਂ ਤੇ ਹੁੰਦਾ ਤਾਂ ਇੱਕ-ਇੱਕ ਦਿਨ ਵਿੱਚ ਹੀ ਡੇਢ ਮੰਜ਼ਿਲ ਉਸਰ ਜਾਂਦੀ।

**ਪ੍ਰਸ਼ਨ (ਹ) ਇਸ ਇਮਾਰਤ ਦੀ ਵਰਤੋਂ ਕਿਹੜੇਕਿਹੜੇ ਕੰਮਾਂ ਲਈ ਕੀਤੀ ਜਾਂਦੀ ਹੈ?**

ਉੱਤਰ: ਇਹ ਇਮਾਰਤ ਦੁਨੀਆਂ ਦਾ ਅੱਠਵਾਂ ਅਜੂਬਾ ਅਖਵਾਉਂਦੀ ਹੈ। ਇਸ ਦੀ ਸਭ ਤੋਂ ਉੱਤਲੀ ਮੰਜ਼ਿਲ ਬੁਰਜ਼ੀ ਤੋਂ ਟੈਲੀਵਿਜ਼ਨ ਕੰਪਨੀਆਂ ਆਪਣਾ ਪ੍ਰੋਗ੍ਰਾਮ ਪ੍ਰਸਾਰਿਤ ਕਰਦੀਆਂ ਹਨ। ਜਿਨ੍ਹਾਂ ਨੂੰ ਨੇੜੇ-ਨੇੜੇ ਦੀਆਂ ਚਾਰ ਰਿਆਸਤਾਂ ਦੇ 52 ਲੱਖ ਦਰਸ਼ਕ ਦੇਖਦੇ ਹਨ। ਇਸ ਬਿਲਡਿੰਗ ਵਿੱਚ ਸੈਂਕੜੇ ਦਫ਼ਤਰ ਹਨ। ਜਿਨ੍ਹਾਂ ਵਿੱਚ ਹਜਾਰਾਂ ਆਦਮੀ ਕੰਮ ਕਰਦੇ ਹਨ।

**2. ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਸ਼ਟੋਰ-ਗੁਦਾਮ, ਚੀਜ਼ਾਂ ਦੇ ਰੱਖਣ ਦੀ ਥਾਂ, ਵੱਡੀ ਦੁਕਾਨ | ਡਾਕ-ਗੱਡੀ ਵਾਂਗ ਤੇਜ਼ੀ ਨਾਲ | ਐਵੇਨਿਊ-ਪੰਜਵੀਂ ਗਲੀ, ਪੰਜਵਾਂ ਰਾਹ |
| ਤਰਤੀਬ-ਸਿਲਸਿਲੇਵਾਰ, ਕ੍ਰਮ ਅਨੁਸਾਰ | ਸੁਰਖ-ਲਾਲ, ਰੱਤਾ, ਕਿਰਮਚੀ | ਖਾੜੀ-ਸਮੁੰਦਰ ਦਾ ਉਹ ਹਿੱਸਾ ਜੋ ਦੂਰ ਤੱਕ ਖ਼ੁਸ਼ਕੀ ਦੇ ਅੰਦਰ ਚਲਾ ਗਿਆ ਹੋਵੇ |
| ਨਿਗਰਾਨ-ਦੇਖਭਾਲ ਕਰਨ ਵਾਲਾ, ਨਿਰੀਖਕ | ਮਾਹੀਗੀਰ-ਮੱਛੀਆਂ ਫੜਨ ਵਾਲੇ, ਮਾਛੀ, ਮਛੇਰੇ | ਕੈਫ਼ੇ-ਕਾਫ਼ੀ ਹਾਊਸ, ਉਹ ਥਾਂ ਜਿੱਥੇ ਕਾਫ਼ੀ ਤਿਆਰ ਕਰਕੇ ਪਿਆਈ ਜਾਂਦੀ ਹੈ। |
| ਬੁਰਜੀ-ਮਿਨਾਰ, ਗੁੰਬਦ, ਗੁੰਬਦ ਦੀ ਸ਼ਕਲ ਦਾ ਬਣਿਆ ਮਕਾਨ | ਖਪ ਜਾਂਦਾ-ਲੱਗ ਜਾਂਦਾ, ਮੁੱਕ ਜਾਂਦਾ, ਜਜ਼ਬ ਹੋ ਜਾਂਦਾ | |
| | ਫ਼ੌਲਾਦ-ਬਹੁਤ ਸਖ਼ਤ ਤੇ ਵਧੀਆ ਲੋਹਾ | |

**3. ਵਾਕਾਂ ਵਿੱਚ ਵਰਤੋ:**

ਸਜਾਵਟ - ਦੀਵਾਲੀ ਦੇ ਦਿਨ ਘਰ ਖ਼ੂਬ ਸਜਾਏ ਹੁੰਦੇ ਹਨ।

ਸਿਖਰਲੀ – ਸਭ ਤੋਂ ਉਪਰਲੀ ਮੰਜ਼ਿਲ ਤੋਂ 80 ਮੀਲ ਦੂਰ ਤੱਕ ਵੇਖ ਸਕਦੇ ਹਾਂ।
ਚਰਨ ਪਾਉਣੇ – ਕਰਮਾਂ ਵਾਲਿਆਂ ਦੇ ਘਰ ਧੀਆਂ ਚਰਨ ਪਾਉਂਦੀਆਂ ਹਨ।
ਪ੍ਰਤੀਕ – ਚਿੱਟਾ ਰੰਗ ਸ਼ਾਂਤੀ ਦਾ ਪ੍ਰਤੀਕ ਹੈ।
ਗੰਧਲ਼ਾ – ਫੈਕਟਰੀਆਂ ਦੇ ਧੂੰਏ ਨੇ ਵਾਤਾਵਰਣ ਗੰਧਲ਼ਾ ਕਰ ਦਿੱਤਾ ਹੈ।
ਵਿਚਿੱਤਰ – ਹਵਾ ਮਹਿਲ ਇੱਕ ਵਿਚਿੱਤਰ ਇਮਾਰਤ ਹੈ।
ਵਾਕਈ – ਮੈਂ ਵਾਕਈ ਉਸ ਦੀ ਕਾਮਯਾਬੀ 'ਤੇ ਖ਼ੁਸ਼ ਹਾਂ।
ਸ਼ਾਹਕਾਰ – ਸੁਖਮਨੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਹੈ।

## ਜਮਾਤ – ਅੱਠਵੀਂ ਪਾਠ – 26 ਗੱਗੂ

## ਸਾਹਿਤ ਰੂਪ – ਕਹਾਣੀ ਲੇਖਕ – ਕੋਮਲ ਸਿੰਘ

**ਪ੍ਰਸ਼ਨ (ੳ) ਮੱਝ ਦਾ ਕੱਟਾ ਕਿਹੋ–ਜਿਹਾ ਸੀ?**
ਉੱਤਰ: ਮੱਝ ਦਾ ਕੱਟਾ ਪੰਜ-ਕਲਿਆਣਾ ਸੀ।ਉਸ ਦਾ ਰੰਗ ਸ਼ਾਹ ਕਾਲਾ ਸੀ ਪਰ ਉਸ ਦੇ ਖੁਰਾਂ ਵੱਲੋਂ ਲੱਤਾਂ ਦਾ ਕੁੱਝ ਹਿੱਸਾ ਤੇ ਪੂਛ ਦਾ ਕੁੱਝ ਹਿੱਸਾ ਚਿੱਟਾ ਸੀ ਅਤੇ ਮੱਥੇ ਵਿੱਚ ਚਿੱਟਾ ਫੁੱਲ ਸੀ।ਇਸ ਤਰ੍ਹਾਂ ਉਹ ਬੜਾ ਸੋਹਣਾ ਸੀ।
**ਪ੍ਰਸ਼ਨ (ਅ) ਮੱਝ ਕੱਟੇ ਨੂੰ ਕਿਵੇਂ ਮਮਤਾ ਦਿਖਾ ਰਹੀ ਸੀ?**
ਉੱਤਰ: ਮੱਝ ਕੱਟੇ ਨੂੰ ਚੱਟ ਕੇ ਬੜੇ ਪਿਆਰ ਨਾਲ ਮਮਤਾ ਵਿਖਾ ਰਹੀ ਸੀ।ਉਹ ਉਸ ਦੇ ਮਿੱਟੀ ਨਾਲ ਲਿਬੜੇ ਪਿੰਡੇ ਨੂੰ ਜੀਭ ਨਾਲ ਸਾਫ਼ ਕਰ ਰਹੀ ਸੀ।ਉਹ ਕਦੇ ਉਸ ਦੀਆਂ ਅੱਖਾਂ, ਕਦੇ ਮੱਥਾ, ਕਦੇ ਕੰਨ ਚੱਟਦੀ ਤੇ ਕਦੇ 'ਪੁੱਚ-ਪੁੱਚ' ਕਰਦੀ ਹੋਈ ਉਸ ਦੇ ਸਾਰੇ ਪਿੰਡੇ ਉੱਤੇ ਜੀਭ ਫੇਰਦੀ ਸੀ।
**ਪ੍ਰਸ਼ਨ (ੲ) ਕਿਹੜੀਆਂ ਗੱਲਾਂ ਤੋਂ ਲੇਖਕ ਅਤੇ ਗੱਗੂ ਦੇ ਪਿਆਰ ਦਾ ਪਤਾ ਲੱਗਦਾ ਹੈ?**
ਉੱਤਰ: ਲੇਖਕ ਦੁਆਰਾ ਗੱਗੂ ਦੇ ਸਿਰ ਤੇ ਹੱਥ ਫੇਰਨਾ, ਗੱਗੂ ਦੁਆਰਾ ਲੇਖਕ ਦਾ ਹੱਥ ਚੱਟਣਾ, ਲੇਖਕ ਦਾ ਗੱਗੂ ਨੂੰ ਕਿੱਲੇ ਤੋਂ ਖੋਲ੍ਹ ਕੇ ਦੁੱਧ ਚੁੰਘਣ ਦਾ ਮੌਕਾ ਦੇਣਾ, ਲੇਖਕ ਦੁਆਰਾ ਗੱਗੂ ਨੂੰ ਰੋਟੀ ਤੇ ਗੁੜ ਖੁਆਉਣਾ, ਗੱਗੂ ਨੂੰ ਵੇਚਣ ਤੋਂ ਬਾਦ ਲੇਖਕ ਦਾ ਤਿੰਨ ਦਿਨ ਰੋਟੀ ਨਾ ਖਾਣਾ, ਗੱਗੂ ਦਾ ਲੇਖਕ ਨੂੰ ਵੇਖ ਕੇ ਅੜਿੰਗਣਾ, ਅਤੇ ਰੁਕ ਜਾਣਾ, ਲੇਖਕ ਦੁਆਰਾ ਗੱਗੂ ਦੇ ਕੰਨ ਵਿੱਚ ਕੁਝ ਕਹਿਣਾ ਅਤੇ ਗੱਗੂ ਦੁਆਰਾ ਲੇਖਕ ਦੀ ਗੱਲ ਮੰਨਣਾ ਆਦਿ ਗੱਲਾਂ ਤੋਂ ਲੇਖਕ ਅਤੇ ਗੱਗੂ ਦੇ ਪਿਆਰ ਦਾ ਪਤਾ ਲੱਗਦਾ ਹੈ।
**ਪ੍ਰਸ਼ਨ (ਸ) ਨੱਥ ਨਾਲ਼ ਗੱਗੂ ਦੇ ਨੱਕ ਦਾ ਕੀ ਹਾਲ ਹੋਇਆ?**
ਉੱਤਰ: ਨੱਥ ਨਾਲ ਗੱਗੂ ਦੇ ਨੱਕ ਦਾ ਬਹੁਤ ਬੁਰਾ ਹਾਲ ਹੋਇਆ।ਪਹਿਲਾਂ ਉਹਦੇ ਨੱਕ ਵਿੱਚੋਂ ਤਿੱਖਾ ਸੂਆ ਲੰਘਾਇਆ ਗਿਆ ਅਤੇ ਫਿਰ ਮੋਰੀ ਵਿੱਚ ਦੀ ਰੱਸੀ ਦੀ ਨੱਥ ਪਾਈ ਗਈ।ਗੱਗੂ ਬਹੁਤ ਤੜਫਿਆ ਅਤੇ ਅੜਿੰਗਿਆ।
**ਪ੍ਰਸ਼ਨ (ਹ) ਲੇਖਕ ਦਲੀਪੇ ਕੋਲੋਂ ਗੱਗੂ ਨੂੰ ਕਿਸ ਤਰ੍ਹਾਂ ਲੈ ਆਇਆ?**
ਉੱਤਰ: ਜਦੋਂ ਲੇਖਕ ਗੱਗੂ ਦੇ ਕੋਲ਼ ਖੜਾ ਸੀ ਤੇ ਦਲੀਪਾ ਉਸ ਦੇ ਸੋਟੀਆ ਮਾਰ ਕੇ ਤੋਰਨ ਦੀ ਅਸਫਲ ਕੋਸ਼ਿਸ਼ ਕਰ ਰਿਹਾ ਸੀ।ਲੇਖਕ ਨੇ ਉਸ ਨੂੰ ਕਿਹਾ ਕਿ ਉਹ ਸਿਰਫ ਉਸ ਦੇ ਕਹਿਣ ਤੇ ਹੀ ਤੁਰੇਗਾ।ਇਹ ਆਖ ਕੇ ਉਸ ਨੇ ਗੱਗੂ ਦੇ ਕੰਨ ਵਿੱਚ ਉਸ ਨੂੰ ਘਰ ਚੱਲਣ ਲਈ ਕਿਹਾ।ਇਹ ਸੁਣਦਿਆਂ ਗੱਗੂ ਰੇਹੜੀ ਸਮੇਤ ਲੇਖਕ ਦੇ ਘਰ ਵੱਲ ਚੱਲ ਪਿਆ।ਇਹ ਵੇਖ ਕੇ ਦਲੀਪਾ ਛਾਲ ਮਾਰ ਕੇ ਉੱਤਰ ਗਿਆ ਤੇ ਗੱਗੂ ਲੇਖਕ ਨਾਲ ਉਸ ਦੇ ਘਰ ਵੱਲ ਚੱਲ ਪਿਆ।
**ਪ੍ਰਸ਼ਨ (ਕ) ਰੇੜ੍ਹੀ ਅੱਗੇ ਜੁੜੇ ਗੱਗੂ ਦੀ ਹਾਲਤ ਬਿਆਨ ਕਰੋ।**
ਉੱਤਰ: ਰੇਹੜੀ ਅੱਗੇ ਜੁੜਿਆ ਗੱਗੂ ਬਹੁਤ ਮੁਸ਼ਕਲ ਨਾਲ ਤੁਰ ਰਿਹਾ ਸੀ।ਦਲੀਪਾ ਗੱਗੂ ਨੂੰ ਤੇਜ਼ ਤੋਰਨ ਲਈ ਜ਼ੋਰ-ਜ਼ੋਰ ਨਾਲ ਸੋਟੀਆਂ ਮਾਰ ਰਿਹਾ ਸੀ।ਉਸ ਦੇ ਸਰੀਰ ਉੱਪਰ ਸੋਟੀਆਂ ਦੇ ਬਹੁਤ ਸਾਰੇ ਨਿਸ਼ਾਨ ਸਨ।ਗੱਗੂ ਤਰਸ ਭਰੀਆਂ ਨਜ਼ਰਾਂ ਨਾਲ ਲੇਖਕ ਵੱਲ ਵੇਖ ਰਿਹਾ ਸੀ।
**2. ਔਖੇ ਸ਼ਬਦਾਂ ਦੇ ਅਰਥ:**
ਮੀਣੀ: ਉਹ ਗਾਂ ਜਾਂ ਮੱਝ ਜਿਸ ਦੇ ਸਿੰਗ ਹੇਠਾਂ ਨੂੰ ਮੁੜੇ ਹੋਏ ਹੋਣ
ਪੰਜ ਕਲਿਆਣਾ: ਉਹ ਮੱਝ ਜਿਸ ਦੇ ਚਾਰੇ ਖੁਰ ਚਿੱਟੇ ਹੋਣ ਅਤੇ ਮੱਥੇ ਵਿੱਚ ਚਿੱਟਾ ਫੁੱਲ ਹੋਵੇ
ਗਪਲ਼-ਗਪਲ਼: ਗਟ-ਗਟ ਕਰ ਕੇ ਪੀ ਜਾਣਾ
ਅੜਿੰਗਦਾ: ਉੱਚੀ ਅਵਾਜ਼ ਨਾਲ ਬੋਲਣਾ
ਆੜੀ: ਮਿੱਤਰ, ਦੋਸਤ
**3. ਵਾਕਾਂ ਵਿੱਚ ਵਰਤੋ:**
1. ਪੈਰਾਂ ਹੇਠ ਅੱਗ ਮਚਾਉਣੀ – ਖਿਡੌਣਾ ਖਰੀਦਣ ਲਈ ਬੱਚੇ ਨੇ ਮਾਂ-ਬਾਪ ਦੇ ਪੈਰਾਂ ਹੇਠ ਅੱਗ ਮਚਾ ਦਿੱਤੀ
2. ਸਾਂਝ – ਛੋਟੇ ਬੱਚਿਆਂ ਦੀ ਮਾਂ ਨਾਲ ਬਹੁਤ ਸਾਂਝ ਹੁੰਦੀ ਹੈ।
3. ਮਹਿਸੂਸ – ਅੱਜ ਕਾਫ਼ੀ ਸਰਦੀ ਮਹਿਸੂਸ ਹੋ ਰਹੀ ਹੈ।
4. ਢੁੱਡ – ਕਈ ਪਸ਼ੂ ਕੋਲ ਜਾਣ ਤੇ ਢੁੱਡ ਮਾਰਦੇ ਹਨ।
5. ਅੱਚਵੀ ਲੱਗਣੀ – ਬੱਚੇ ਨੂੰ ਕੋਲ ਨਾ ਵੇਖ ਕੇ ਮਾਂ ਨੂੰ ਅੱਚਵੀ ਲੱਗ ਗਈ।
6. ਆੜੀ – ਗੱਗੂ ਲੇਖਕ ਦਾ ਪੱਕਾ ਆੜੀ ਸੀ।
7. ਸ਼ੂਟ ਵੱਟਣੀ – ਲੋਕਾਂ ਨੇ ਚੋਰ ਨੂੰ ਫੜਨ ਲਈ ਸ਼ੂਟ ਵੱਟ ਲਈ।

## ਜਮਾਤ – ਅੱਠਵੀਂ ਪਾਠ – 27 ਵੱਡੇ ਭੈਣ ਜੀ

## ਸਾਹਿਤ ਰੂਪ – ਇਕਾਂਗੀ ਲੇਖਕ – ਗੁਰਚਰਨ ਕੌਰ ਚੱਪੜਚਿੜੀ

**ਪ੍ਰਸ਼ਨ (ੳ) ਲਤਾ ਕਿੱਥੇ ਗਈ ਸੀ ਅਤੇ ਕਿਉਂ?**
ਉੱਤਰ:ਲਤਾ ਗੁਆਂਢੀਆਂ ਦੇ ਘਰ ਸਵਾਲ ਕੱਢਣ ਲਈ ਗਈ ਸੀ।
**ਪ੍ਰਸ਼ਨ (ਅ) ਸੋਨੂੰ ਅਨੁਸਾਰ ਲਤਾ ਗੁਆਂਢੀਆਂ ਦੇ ਘਰ ਕੀ ਕਰ ਰਹੀ ਸੀ?**
ਉੱਤਰ: ਸੋਨੂੰ ਅਨੁਸਾਰ ਲਤਾ ਗੁਆਂਢੀਆਂ ਦੇ ਘਰ ਸਵਾਲ ਨਹੀਂ ਕੱਢ ਰਹੀ ਸੀ। ਸਗੋਂ ਉਹ ਕੁਰਸੀ 'ਤੇ ਭੈਣ ਜੀ ਬਣ ਕੇ ਬੈਠੀ ਹੋਈ ਸੀ।ਉਸ ਨੇ ਬੁੱਲਾਂ ਨੂੰ ਲਾਲ ਸ਼ਾਹੀ, ਸਿਰ ਤੇ ਜੂੜਾ ਕੀਤਾ ਹੋਇਆ ਸੀ ਤੇ ਦੋ ਚੁੰਨੀਆਂ ਜੋੜ ਕੇ ਸਾੜ੍ਹੀ ਬੰਨ੍ਹੀ ਹੋਈ ਸੀ।
**ਪ੍ਰਸ਼ਨ (ੲ) ਵਿੱਦਿਆ ਆਪਣੀ ਧੀ ਦੇ ਭਵਿੱਖ ਬਾਰੇ ਕੀ ਸੋਚਦੀ ਹੈ ਅਤੇ ਕਿਉਂ?**
ਉੱਤਰ: ਵਿੱਦਿਆ ਆਪਣੀ ਧੀ ਨੂੰ ਇੱਕ ਚੰਗੀ ਅਧਿਐਕਾ ਬਣਾਉਣਾ ਚਾਹੁੰਦੀ ਹੈ ਜੋ ਬੱਚਿਆਂ ਨੂੰ ਚੰਗੀ ਸਿੱਖਿਆ ਦੇ ਕੇ ਚੰਗੇ ਬੱਚੇ ਬਣਾਵੇ।ਉਹ ਬੱਚੇ ਜਿਹੜੇ ਕਦੀ ਝੂਠ ਨਾ ਬੋਲਣ, ਕਦੇ ਚੋਰੀ ਨਾ ਕਰਨ।

**ਪ੍ਰਸ਼ਨ (ਸ) ਵਿੱਦਿਆ ਆਪਣੇ 'ਵੱਡੇ ਭੈਣ ਜੀ' ਨੂੰ ਇੱਕ ਆਦਰਸ਼ ਅਧਿਆਪਕਾ ਕਿਉਂ ਮੰਨਦੀ ਹੈ?**
ਉੱਤਰ: ਵਿੱਦਿਆ ਆਪਣੇ 'ਵੱਡੇ ਭੈਣ ਜੀ' ਨੂੰ ਇੱਕ ਆਦਰਸ਼ ਅਧਿਆਪਕਾ ਇਸ ਕਰਕੇ ਮੰਨਦੀ ਹੈ ਕਿਉਂਕਿ ਉਹ ਚੰਗੀਆਂ-ਚੰਗੀਆਂ ਗੱਲਾਂ ਸਿਖਾਉਂਦੀ ਸੀ।ਉਹ ਬੱਚਿਆਂ ਨੂੰ ਜੇ ਕਦੇ ਮਾਰਦੀ ਵੀ ਸੀ ਤਾਂ ਪਿੱਛੋਂ ਪਿਆਰ ਵੀ ਬਹੁਤ ਕਰਦੀ ਸੀ।

**2. ਔਖੇ ਸ਼ਬਦਾਂ ਦੇ ਅਰਥ:**
ਸੁਘੜ - ਸਿਆਣਾ, ਹੁਸ਼ਿਆਰ, ਸੁਸਿੱਖਿਅਤ
ਸ਼ਾਹੀ - ਸਿਆਹੀ, ਕਾਲਖ, ਦਵਾਤ ਵਿੱਚ ਪਾਉਣ ਵਾਲਾ ਰੰਗ
ਪਹਾੜਾ - ਕਿਸੇ ਅੰਕ ਦੇ ਗੁਣਨ-ਫ਼ਲਾਂ ਦੀ ਸਿਲਸਿਲੇਵਾਰ ਸੂਚੀ, ਗੁਣਨ-ਸੂਚੀ
ਅਫ਼ਸੋਸ - ਸ਼ੋਕ, ਰੰਜ, ਗ਼ਮ
ਚਾਅ - ਤੀਬਰ ਇੱਛਾ, ਲਾਲਸਾ, ਸੱਧਰ
ਆਚਰਨ - ਚਾਲ-ਚਲਣ, ਆਚਾਰ, ਵਤੀਰਾ

**3. ਵਾਕਾਂ ਵਿੱਚ ਵਰਤੋਂ:**
ਸਵਾਲ - ਵਿਦਿਆਰਥੀ ਸਵਾਲ ਕੱਢ ਰਿਹਾ ਹੈ
ਸੁਘੜ - ਵਿੱਦਿਆ ਸੁਘੜ-ਸਿਆਣੀ ਔਰਤ ਹੈ।
ਆਚਰਨ - ਵਿੱਦਿਆ ਭੈਣ ਜੀ ਦੇ ਆਚਰਨ ਤੋਂ ਬਹੁਤ ਪ੍ਰਭਾਵਿਤ ਸੀ।
ਬਾਲ-ਸਭਾ - ਸਾਡੇ ਸਕੂਲ ਵਿੱਚ ਹਰ ਸ਼ਨੀਵਾਰ ਬਾਲ-ਸਭਾ ਲੱਗਦੀ ਹੈ।
ਚਾਅ - ਬੱਚੇ ਬੜੇ ਚਾਅ ਨਾਲ ਪੜ੍ਹ ਰਹੇ ਹਨ।

**ਵਿਆਕਰਨ**
ਉਹ ਸ਼ਬਦ ਜਿਸ ਦੇ ਅਰਥ ਇੱਕ ਤੋਂ ਵੱਧ ਹੋਣ, ਉਸ ਨੂੰ ਬਹੁਅਰਥਕ ਸ਼ਬਦ ਕਿਹਾ ਜਾਂਦਾ ਹੈ।
**ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ**
ਉਹ ਸ਼ਬਦ ਜੋ ਇੱਕ ਤੋਂ ਵਧੇਰੇ ਸ਼ਬਦਾਂ ਜਾਂ ਪੂਰੇ ਵਾਕ ਲਈ ਵਰਤਿਆ ਜਾਂਦਾ ਹੈ, ਉਸ ਨੂੰ ਬਹੁਤੇ ਸ਼ਬਦਾਂ ਦੀ ਇੱਕ ਸ਼ਬਦ ਕਿਹਾ ਜਾਂਦਾ ਹੈ।

## ਛੱਬੀ ਜਨਵਰੀ (ਗਣਤੰਤਰ ਦਿਵਸ)

**ਭੂਮਿਕਾ -** 26 ਜਨਵਰੀ ਦਾ ਦਿਨ ਭਾਰਤ ਦੇ ਇਤਿਹਾਸ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਅਜ਼ਾਦੀ ਦੇ ਅੰਦੋਲਨ ਸਮੇਂ 31 ਦਸੰਬਰ, 1929 ਈ: ਨੂੰ ਕਾਂਗਰਸ ਪਾਰਟੀ ਨੇ ਇੱਕ ਸਮਾਗਮ ਵਿੱਚ ਅੰਗਰੇਜ਼ਾਂ ਨੂੰ ਭਾਰਤ ਦੀ ਅਜ਼ਾਦੀ ਦੀ ਮੰਗ ਕੀਤੀ ਤੇ ਨਾਲ ਹੀ 26 ਜਨਵਰੀ ਨੂੰ ਭਾਰਤ ਦੀ ਅਜ਼ਾਦੀ ਦਾ ਦਿਨ ਮਨਾਉਣ ਦਾ ਫ਼ੈਸਲਾ ਕੀਤਾ। ਅਣਗਿਣਤ ਕੁਰਬਾਨੀਆਂ ਸਦਕਾ 15 ਅਗਸਤ 1947 ਨੂੰ ਦੇਸ਼ ਅਜ਼ਾਦ ਹੋ ਗਿਆ।

**ਸੰਵਿਧਾਨ ਲਾਗੂ ਹੋਣਾ -** ਅਜ਼ਾਦੀ ਤੋਂ ਬਾਦ ਅੰਗਰੇਜ਼ਾਂ ਵੱਲੋਂ ਚਲਾਏ ਗਏ ਪ੍ਰਬੰਧਕੀ ਢਾਂਚੇ ਵਿੱਚ ਆਪਣੀਆਂ ਆਸਾਂ ਨੂੰ ਪੂਰਾ ਕਰਨਾ ਸੰਭਵ ਨਹੀਂ ਸੀ।ਇਸ ਲਈ ਨਵੇਂ ਸੰਵਿਧਾਨ ਦਾ ਨਿਰਮਾਣ ਕੀਤਾ ਗਿਆ।26 ਜਨਵਰੀ, 1950 ਨੂੰ ਇਹ ਸੰਵਿਧਾਨ ਲਾਗੂ ਕੀਤਾ ਗਿਆ।ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ. ਆਰ. ਅੰਬੇਦਕਰ ਹਨ।

**ਸਰਕਾਰੀ ਸਮਾਗਮ ਅਤੇ ਰੌਣਕਾਂ -** 26 ਜਨਵਰੀ ਦਾ ਦਿਨ ਸਾਰੇ ਦੇਸ਼ ਵਿੱਚ ਧੂਮਧਾਮ ਨਾਲ ਮਨਾਇਆ ਜਾਂਦਾ ਹੈ।ਸਰਕਾਰੀ ਸੰਸਥਾਵਾਂ ਅਤੇ ਇਮਾਰਤਾਂ ਉੱਤੇ ਰਾਸ਼ਟਰੀ ਝੰਡਾ ਲਹਿਰਾਇਆ ਜਾਂਦਾ ਹੈ।ਦਿੱਲੀ ਵਿਖੇ ਰਾਸ਼ਟਰਪਤੀ ਜੀ ਵਿਜੇ ਚੌਂਕ ਵਿੱਚ ਝੰਡਾ ਲਹਿਰਾਉਣ ਮਗਰੋਂ ਤਿੰਨਾਂ ਫ਼ੌਜਾਂ ਦੇ ਯੂਨਿਟਾਂ ਤੋਂ ਸਲਾਮੀ ਲੈਂਦੇ ਹਨ।

**26 ਜਨਵਰੀ ਮਨਾਉਣ ਦਾ ਉਦੇਸ਼ -** 26 ਜਨਵਰੀ ਮਨਾਉਣ ਦਾ ਖ਼ਾਸ ਉਦੇਸ਼ ਹੈ।ਇਸ ਮੌਕੇ ਮਹਾਨ ਸੁਤੰਤਰਤਾ ਸੰਗਰਾਮੀਆਂ ਨੂੰ ਯਾਦ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਦੇਸ਼ ਲਈ ਅਣਗਿਣਤ ਕਸ਼ਟ ਝੱਲ ਕੇ ਦੇਸ਼ ਨੂੰ ਅਜ਼ਾਦ ਕਰਵਾਇਆ।ਲੋਕਾਂ ਨੂੰ ਇਹ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਜੋ ਆਜ਼ਾਦੀ ਅਸੀਂ ਮਾਣ ਰਹੇ ਹਾਂ ਉਹ ਸੌਖੀ ਪ੍ਰਾਪਤ ਨਹੀਂ ਹੋਈ।ਨੌਜਵਾਨਾਂ ਨੂੰ ਉਨ੍ਹਾਂ ਦੇ ਫ਼ਰਜ਼ਾਂ ਪ੍ਰਤੀ ਸੁਚੇਤ ਕੀਤਾ ਜਾਂਦਾ ਹੈ।

## ਲੋਹੜੀ ਦਾ ਤਿਉਹਾਰ

**ਭੂਮਿਕਾ -** ਪੰਜਾਬ ਮੇਲਿਆਂ ਅਤੇ ਤਿਉਹਾਰਾਂ ਦੀ ਧਰਤੀ ਹੈ।ਸ਼ਾਇਦ ਹੀ ਕੋਈ ਅਜਿਹਾ ਮਹੀਨਾ ਹੋਵੇਗਾ ਜਿਸ ਵਿੱਚ ਕੋਈ ਮੇਲਾ ਜਾਂ ਤਿਉਹਾਰ ਨਾ ਮਨਾਇਆ ਜਾਂਦਾ ਹੋਵੇ।ਲੋਹੜੀ ਪੰਜਾਬ ਦਾ ਇੱਕ ਵਿਸ਼ੇਸ਼ ਤਿਉਹਾਰ ਹੈ।ਇਹ ਜਨਵਰੀ ਮਹੀਨੇ ਵਿੱਚ ਮਾਘੀ ਤੋਂ ਇੱਕ ਦਿਨ ਪਹਿਲਾਂ ਆਉਂਦਾ ਹੈ।

**ਅਰਥ -** ਲੋਹੜੀ ਸ਼ਬਦ 'ਤਿਲ' + ਰੋੜੀ ਤੋਂ ਮਿਲ ਕੇ ਬਣਿਆ ਹੈ। ਇਹ ਹੌਲੀ-ਹੌਲੀ ਲੋਹੜੀ ਦਾ ਰੂਪ ਧਾਰਨ ਕਰ ਗਿਆ।

**ਪ੍ਰਚੱਲਿਤ ਕਹਾਣੀਆਂ -**ਲੋਹੜੀ ਦੇ ਤਿਉਹਾਰ ਦਾ ਸੰਬੰਧ ਇੱਕ ਪੁਰਾਤਨ ਕਥਾ ਸਤੀ-ਦਹਿਨ ਨਾਲ ਜੁੜਿਆ ਹੋਇਆ ਹੈ।ਦੂਜਾ ਸੁੰਦਰੀ ਅਤੇ ਮੁੰਦਰੀ ਨਾਂ ਦੀਆਂ ਦੋ ਬ੍ਰਾਹਮਣ ਕੁੜੀਆਂ ਨਾਲ ਉਸ ਇਲਾਕੇ ਦਾ ਦੁਸ਼ਟ ਹਾਕਮ ਧੱਕੇ ਨਾਲ ਵਿਆਹ ਕਰਾਉਣਾ ਚਾਹੁੰਦਾ ਸੀ।ਦੁੱਲਾ ਭੱਟੀ ਨਾਂ ਦੇ ਇੱਕ ਡਾਕੂ ਨੇ ਉਨ੍ਹਾਂ ਕੁੜੀਆਂ ਦਾ ਵਿਆਹ ਆਪਣੀ ਹਾਜਰੀ ਵਿੱਚ ਕਰਵਾਇਆ ਅਤੇ ਪੰਡਤ ਦੀ ਖ਼ੂਬ ਮਦਦ ਕੀਤੀ।ਦੁੱਲੇ ਦੇ ਕੋਲ ਕੇਵਲ ਸ਼ੱਕਰ ਸੀ।ਉਸ ਨੇ ਸ਼ੱਕਰ ਹੀ ਲੜਕੀ ਦੀ ਝੋਲੀ ਵਿੱਚ ਪਾ ਦਿੱਤੀ।ਉਸ ਦਿਨ ਤੋਂ ਵੀ ਇਹ ਤਿਉਹਾਰ ਮਨਾਇਆ ਜਾਂਦਾ ਹੈ।

**ਸਮਾਜਿਕ ਕਾਰਨ -** ਲੋਹੜੀ ਤੋਂ ਕੁਝ ਦਿਨ ਪਹਿਲਾਂ ਹੀ ਛੋਟੇ-ਛੋਟੇ ਮੁੰਡੇ-ਕੁੜੀਆਂ ਗਲ਼ੀਆਂ ਵਿੱਚ ਗੀਤ ਗਾਉਂਦੇ ਹੋਏ ਲੋਹੜੀ ਮੰਗਦੇ ਹਨ।ਜਿਸ ਘਰ ਵਿੱਚ ਮੁੰਡਾ ਜੰਮਿਆ ਹੋਵੇ ਜਾਂ ਨਵਾਂ ਵਿਆਹ ਹੋਇਆ ਹੋਵੇ, ਉਨ੍ਹਾਂ ਘਰਾਂ ਵਿੱਚ ਲੋਹੜੀ ਮੰਗੀ ਜਾਂਦੀ ਹੈ ਅਤੇ ਮਨਾਈ ਜਾਂਦੀ ਹੈ।

**ਰੁੱਤ ਨਾਲ ਸੰਬੰਧ -** ਸਰਦੀ ਦੀ ਰੁੱਤ ਹੋਣ ਕਾਰਨ ਸਭ ਵਿੱਚ ਆਲਸ ਆ ਜਾਂਦਾ ਹੈ ਬੱਚੇ 'ਈਸ਼ਰ ਆਏ ਦਲਿੱਦਰ ਜਾਏ' ਤੁੱਕ ਗਾਉਂਦੇ ਹਨ ਇਸ ਤੋਂ ਭਾਵ ਹੈ ਕਿ ਟੱਬਰ ਦੇ ਜੀਆਂ ਵਿੱਚ ਹਿੰਮਤ, ਨਵਾਂ ਜੋਸ਼ ਪੈਦਾ ਹੋਵੇ ਤੇ ਆਲਸ ਖਤਮ ਹੋ ਜਾਵੇ ।

**ਪਿਆਰ ਦਾ ਪ੍ਰਤੀਕ -** ਇਹ ਤਿਉਹਾਰ ਪਿਆਰ ਅਤੇ ਏਕਤਾ ਦਾ ਪ੍ਰਤੀਕ ਹੈ।ਪਿੰਡਾਂ ਵਿੱਚ ਇੱਕ ਸਾਂਝੀ ਥਾਂ ਤੇ ਸਾਰੇ ਇਕੱਠੇ ਹੋ ਕੇ ਇਹ ਤਿਉਹਾਰ ਮਨਾਉਂਦੇ ਹਨ ਅਤੇ ਖ਼ੁਸ਼ੀ ਦੇ ਗੀਤ ਗਾਉਂਦੇ ਹਨ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ

**ਸਿੱਖਾਂ ਦੇ ਦਸਵੇਂ ਗੁਰੂ -** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਅਤੇ ਅੰਤਿਮ ਗੁਰੂ ਹੋਏ ਹਨ।ਆਪ ਨੇ ਭਾਰਤ ਦੀ ਸੁੱਤੀ ਕੌਮ ਨੂੰ ਜਗਾਇਆ ਤੇ ਉਸ ਦੀ ਮੁਰਦਾ ਰੂਹ ਵਿੱਚ ਜਾਨ ਪਾਈ ਆਪ ਮਹਾਨ ਕਵੀ, ਬਹਾਦਰ ਜਰਨੈਲ, ਸੂਝਵਾਨ ਆਗੂ ਅਤੇ ਦੁਖੀਆਂ ਦੇ ਦੁੱਖ ਦੂਰ ਕਰਨ ਵਾਲੇ ਸਨ।ਆਪ ਦੀ ਮਹਿਮਾ ਕਰਦਾ ਹੋਇਆ ਭਾਈ ਗੁਰਦਾਸ ਜੀ ਲਿਖਦੇ ਹਨ:-
'ਵਾਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ।ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'

**ਜਨਮ ਤੇ ਮਾਤਾ-ਪਿਤਾ -** ਆਪ ਦਾ ਜਨਮ 22 ਦਸੰਬਰ, 1666 ਈ: ਨੂੰ ਪਟਨਾ ਵਿਖੇ ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਘਰ, ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ।ਬਚਪਨ ਵਿੱਚ ਆਪ ਬਾਲਕਾਂ ਦੀਆਂ ਫ਼ੌਜਾਂ ਬਣਾ ਕੇ ਇੱਕ ਦੂਸਰੇ ਦੇ ਵਿਰੁੱਧ ਨਕਲੀ ਲੜਾਈਆਂ ਕਰਦੇ ਸਨ।

**ਪਿਤਾ ਦੀ ਕੁਰਬਾਨੀ -** ਔਰੰਗਜ਼ੇਬ ਨੇ ਹਿੰਦੂ ਧਰਮ ਨੂੰ ਖ਼ਤਮ ਕਰਨ ਲਈ ਅੱਤ ਚੁੱਕੀ ਹੋਈ ਸੀ। ਕਸ਼ਮੀਰੀ ਪੰਡਤ ਦੁਖੀ ਹੋ ਕੇ ਗੁਰੂ ਤੇਗ਼ ਬਹਾਦਰ ਸਾਹਿਬ ਕੋਲ ਸਹਾਇਤਾ ਲਈ ਆਏ।ਉਸ ਸਮੇਂ ਆਪ ਕੇਵਲ 9 ਸਾਲ ਦੇ ਸਨ।ਆਪ ਨੇ ਆਪਣੇ ਪਿਤਾ ਨੂੰ ਔਰੰਗਜ਼ੇਬ ਦੇ ਜ਼ੁਲਮਾਂ ਵਿਰੁੱਧ ਕੁਰਬਾਨੀ ਦੇਣ ਲਈ ਭੇਜ ਦਿੱਤਾ।

**ਜੰਗੀ ਤਿਆਰੀਆਂ –** ਪਿਤਾ ਦੀ ਸ਼ਹੀਦੀ ਤੋਂ ਬਾਦ ਆਪ ਨੇ ਮੁਗ਼ਲ ਰਾਜ ਨੂੰ ਖ਼ਤਮ ਕਰਨ ਲਈ ਸਿੱਖ ਕੌਮ ਨੂੰ ਇਕੱਠਾ ਕੀਤਾ ਅਤੇ ਉਨ੍ਹਾਂ ਨੂੰ ਸ਼ਸਤਰ ਵਿੱਦਿਆ ਦੇਣੀ ਸ਼ੁਰੂ ਕੀਤੀ।ਆਪ ਨੇ ਸਿੱਖਾਂ ਨੂੰ ਘੋੜੇ ਅਤੇ ਹਥਿਆਰ ਲਿਆਉਣ ਲਈ ਅਤੇ ਇੱਕ ਪੁੱਤਰ ਨੂੰ ਸੈਨਾ ਵਿੱਚ ਭੇਜਣ ਲਈ ਕਿਹਾ।ਗੁਰੂ ਜੀ ਦੀਆਂ ਸੈਨਿਕ ਤਿਆਰੀਆਂ ਨੂੰ ਪਹਾੜੀ ਰਾਜੇ ਬਰਦਾਸ਼ਤ ਨਾ ਕਰ ਸਕੇ। ਬਿਲਾਸਪੁਰ ਦੇ ਰਾਜੇ ਭੀਮ ਚੰਦ ਨਾਲ ਭੰਗਾਣੀ ਦੇ ਸਥਾਨ ਤੇ 1688 ਵਿੱਚ ਯੁੱਧ ਹੋਇਆ ਤੇ ਰਾਜਿਆਂ ਨੂੰ ਮੂੰਹ ਦੀ ਖਾਣੀ ਪਈ।

**ਖ਼ਾਲਸਾ ਪੰਥ ਦੀ ਸਥਾਪਨਾ –** 1699 ਈ: ਨੂੰ ਵਿਸਾਖੀ ਵਾਲੇ ਦਿਨ ਆਪ ਨੇ ਆਨੰਦਪੁਰ ਵਿੱਚ ਇੱਕ ਭਾਰੀ ਇਕੱਠ ਕਰ ਕੇ ਪੰਜ ਸਿਰਾਂ ਦੀ ਮੰਗ ਕੀਤੀ।ਪੰਜ ਸਿੱਖਾਂ ਨੇ ਗੁਰੂ ਜੀ ਦੀ ਮੰਗ ਵਾਰੋ-ਵਾਰੀ ਪੂਰੀ ਕੀਤੀ। ਗੁਰੂ ਜੀ ਨੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਅਤੇ 'ਪੰਜ ਪਿਆਰਿਆਂ' ਦੀ ਪਦਵੀ ਦਿੱਤੀ। ਬਾਅਦ ਵਿੱਚ ਆਪ ਨੇ ਉਨ੍ਹਾਂ ਤੋਂ ਆਪ ਅੰਮ੍ਰਿਤ ਛਕਿਆ।ਇਸ ਤਰ੍ਹਾਂ ਆਪ ਨੇ ਖ਼ਾਲਸਾ ਪੰਥ ਦੀ ਨੀਂਹ ਰੱਖੀ।ਆਪ ਨੇ ਕਿਹਾ – 'ਸਵਾ ਲਾਖ ਸੇ ਏਕ ਲੜਾਉਂ, ਤਬੈ ਗੋਬਿੰਦ ਸਿੰਘ ਨਾਮ ਕਹਾਉਂ।'

**ਮੁਗ਼ਲ ਫ਼ੌਜਾਂ ਨਾਲ ਲੜਾਈ ਅਤੇ ਕੁਰਬਾਨੀਆਂ –** ਗੁਰੂ ਜੀ ਨੂੰ ਜ਼ਾਲਮ ਮੁਗ਼ਲ ਹਾਕਮਾਂ ਵਿਰੁੱਧ ਆਨੰਦਪੁਰ,ਚਮਕੌਰ ਤੇ ਖਿਦਰਾਣਾ ਵਿਖੇ ਯੁੱਧ ਕਰਨੇ ਪਏ। ਆਪ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਨਵਾਬ ਨੇ ਨੀਹਾਂ ਵਿੱਚ ਵਿੱਚ ਚਿਣਵਾਂ ਦਿੱਤਾ।ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਗੜ੍ਹੀ ਲੜਾਈ ਵਿੱਚ ਸ਼ਹੀਦ ਹੋ ਗਏ। ਮਾਤਾ ਗੁਜਰੀ ਜੀ ਨੇ ਕਿਲੇ ਵਿੱਚ ਹੀ ਜਾਨ ਦਿੱਤੀ।ਇੰਨਾ ਕੁੱਝ ਹੋਣ ਤੇ ਵੀ ਆਪ ਨੇ ਹੌਸਲਾ ਨਾ ਹਾਰਿਆ।ਇਸ ਹੌਸਲੇ ਨੇ ਆਪ ਨੂੰ ਸਰਬੰਸ ਦਾਨੀ ਬਣਾ ਦਿੱਤਾ।

**ਬੰਦਾ ਬਹਾਦਰ ਨੂੰ ਅਸ਼ੀਰਵਾਦ –** ਮਾਛੀਵਾੜੇ ਦੇ ਜੰਗਲਾਂ ਵਿੱਚੋਂ ਹੋ ਕੇ ਆਪ ਤਲਵੰਡੀ ਸਾਬੋ ਪੁੱਜੇ ਇੱਥੇ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨ ਕੀਤਾ।ਫਿਰ ਦੀਨਾ ਕਾਂਗੜ ਤੋਂ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ। ਨੰਦੇੜ ਵਿੱਚ ਆਪ ਨੇ ਮਾਧੋਦਾਸ ਨੂੰ ਸਿੱਧੇ ਰਾਹ ਪਾਇਆ।ਉਸ ਨੂੰ ਬੰਦਾ ਬਹਾਦਰ ਨਾਂ ਦੇ ਕੇ ਮੁਗ਼ਲ ਰਾਜ ਦਾ ਟਾਕਰਾ ਕਰਨ ਲਈ ਪੰਜਾਬ ਵੱਲ ਤੋਰਿਆ।

**ਜੋਤੀ ਜੋਤ ਸਮਾਉਣਾ –** 1707 ਵਿੱਚ ਇੱਕ ਮੁਸਲਮਾਨ ਨੇ ਆਪ ਦੇ ਢਿੱਡ ਵਿੱਚ ਛੁਰਾ ਮਾਰ ਕੇ ਆਪ ਨੂੰ ਜ਼ਖ਼ਮੀ ਕਰ ਦਿੱਤਾ।ਅੰਤ ਆਪ 1708 ਈ: ਨੂੰ ਜੋਤੀ-ਜੋਤ ਸਮਾ ਗਏ।ਆਪ ਦੁਆਰਾ ਦੇਸ਼ ਤੇ ਕੌਮ ਲਈ ਕੁਰਬਾਨੀ ਭਾਰਤ ਦੇ ਇਤਿਹਾਸ ਵਿੱਚ ਸਦਾ ਅਮਰ ਰਹੇਗੀ।

## ਟੈਲੀਵਿਜ਼ਨ ਦੇ ਲਾਭ–ਹਾਨੀਆਂ

**ਭੂਮਿਕਾ –** ਟੈਲੀਵਿਜ਼ਨ 20ਵੀਂ ਸਦੀ ਦੀ ਮਹੱਤਵਪੂਰਨ ਕਾਢ ਹੈ।ਭਾਰਤ ਵਿੱਚ ਇਹ ਦਿਨੋ-ਦਿਨ ਹਰਮਨ-ਪਿਆਰਾ ਹੋ ਰਿਹਾ ਹੈ।ਇਸ ਦੇ ਜਿੱਥੇ ਅਨੇਕਾਂ ਲਾਭ ਹਨ ਉੱਥੇ ਇਸ ਦੀਆਂ ਕੁਝ ਹਾਨੀਆਂ ਵੀ ਹਨ।

**ਮਨੋਰੰਜਨ ਦਾ ਸਾਧਨ –** ਇਸ ਤੇ ਦਿਖਾਈਆਂ ਜਾਣ ਵਾਲੀਆਂ ਫ਼ਿਲਮਾਂ ਦਰਸ਼ਕਾਂ ਦਾ ਮਨੋਰੰਜਨ ਕਰਦੀਆਂ ਹਨ।ਨਾਟਕ, ਗੀਤ, ਅਤੇ ਹਾਸ-ਰਸ ਦੇ ਪ੍ਰੋਗਰਾਮ ਵੀ ਸਾਡਾ ਮਨੋਰੰਜਨ ਕਰਦੇ ਹਨ।ਅਜਿਹੇ ਪ੍ਰੋਗਰਾਮਾਂ ਨੂੰ ਦੇਖ ਕੇ ਅੱਕਿਆ-ਥੱਕਿਆ ਮਨੁੱਖ ਰਾਹਤ ਮਹਿਸੂਸ ਕਰਦਾ ਹੈ।

**ਗਿਆਨ ਦਾ ਸੋਮਾ –** ਇਹ ਗਿਆਨ ਦਾ ਸੋਮਾ ਹੈ।ਇਸ ਦੇ ਪ੍ਰੋਗਰਾਮ ਸਾਨੂੰ ਕਾਨੂੰਨ, ਸਿਹਤ, ਖੇਤੀਬਾੜੀ ਦੇ ਅਨੇਕਾਂ ਪੱਖਾਂ ਬਾਰੇ ਟੈਲੀਵਿਜ਼ਨ ਸਾਨੂੰ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ। ਇਸ ਤੋਂ ਵਿਦਿਆਰਥੀਆਂ ਨੂੰ ਸਿੱਖਿਆ ਵੀ ਦਿੱਤੀ ਜਾਂਦੀ ਹੈ।ਲਾਕਡਾਊਨ ਦੇ ਦੌਰਾਨ ਟੈਲੀਵਿਜ਼ਨ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

**ਸਮਾਜਿਕ ਬੁਰਾਈਆਂ ਦੂਰ ਕਰਨ ਦਾ ਸਾਧਨ –** ਟੈਲੀਵਿਜ਼ਨ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਦਾ ਸਾਧਨ ਵੀ ਹੈ।ਇਸ 'ਤੇ ਦਿਖਾਏ ਜਾਂਦੇ ਪ੍ਰੋਗਰਾਮ ਮਨੁੱਖ ਨੂੰ ਸਹੀ ਸੇਧ ਦਿੰਦੇ ਹਨ।

**ਵਪਾਰਕ ਲਾਭ –** ਟੈਲੀਵਿਜ਼ਨ ਤੋਂ ਵੱਖ-ਵੱਖ ਚੀਜ਼ਾਂ ਦੀ ਮਸ਼ਹੂਰੀ ਦਾ ਕੰਮ ਲਿਆ ਜਾਂਦਾ ਹੈ।ਇਸ ਤਰ੍ਹਾਂ ਟੈਲੀਵਿਜ਼ਨ ਵਪਾਰ ਦੇ ਵਾਧੇ ਵਿੱਚ ਵੀ ਸਹਾਇਕ ਹੈ।ਨਵੇਂ ਉਤਪਾਦਨ ਦੀ ਜਾਣਕਾਰੀ ਇਸ ਰਾਹੀਂ ਹੀ ਲੋਕਾਂ ਤੱਕ ਪਹੁੰਚਾਈ ਜਾਂਦੀ ਹੈ।

**ਰੁਜ਼ਗਾਰ ਦਾ ਸਾਧਨ –** ਸਾਡੇ ਦੇਸ ਦੇ ਟੀਵੀ ਕੇਂਦਰਾਂ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਮੁਲਾਜ਼ਮ ਹਨ।ਕਲਾਕਾਰ ਟੀਵੀ ਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਪੈਸਾ ਕਮਾਉਂਦੇ ਹਨ।

**ਹਾਨੀਆਂ –** ਲਗਾਤਾਰ ਟੈਲੀਵਿਜ਼ਨ ਵੇਖਣ ਨਾਲ ਅੱਖਾਂ ਦੀ ਰੋਸ਼ਨੀ ਘੱਟ ਜਾਂਦੀ ਹੈ।ਮਾਰ-ਧਾੜ ਵਾਲੀਆਂ ਫ਼ਿਲਮਾਂ ਬੱਚਿਆਂ ਨੂੰ ਹਿੰਸਾ ਵੱਲ ਲੈ ਜਾਂਦੀਆਂ ਹਨ।ਕਈ ਪ੍ਰੋਗਰਾਮਾਂ ਵਿੱਚਲੀ ਅਸਲੀਲਤਾ ਬੱਚਿਆਂ ਤੇ ਚਰਿੱਤਰ 'ਤੇ ਮਾੜਾ ਅਸਰਪਾਉਂਦੀ ਹੈ।ਕੀਮਤੀ ਸਮੇਂ ਨੂੰ ਬਰਬਾਦ ਕਰਦਾ ਹੈ।

**ਸਾਰੰਸ਼ –** ਇਸ ਦੇ ਲਾਭ ਵੀ ਹਨ ਅਤੇ ਨੁਕਸਾਨ ਵੀ।ਇਸ ਦੀ ਯੋਗ ਵਰਤੋਂ ਲਾਭਕਾਰੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਦਾ ਧਿਆਨ ਰੱਖਣ।ਟੀ.ਵੀ ਤੇ ਸਮਾਨਜ ਨੂੰ ਸੇਧ ਦੇਣ ਵਾਲੇ ਪ੍ਰੋਗਰਾਮ ਹੀ ਪੇਸ਼ ਕੀਤੇ ਜਾਣੇ ਚਾਹੀਦੇ ਹਨ।

### ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਚਰਿੱਤਰ ਸਰਟੀਫ਼ਿਕੇਟ ਲੈਣ ਲਈ ਬੇਨਤੀ-ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ.........ਸਕੂਲ,
............ ।

ਸ੍ਰੀਮਾਨ ਜੀ,

ਸਨਿਮਰ ਬੇਨਤੀ ਹੈ ਕਿ ਮੈਂ ਨਹਿਰੀ ਮਹਿਕਮੇ ਵਿੱਚ ਚਪੜਾਸੀ ਭਰਤੀ ਹੋਣ ਲਈ ਬੇਨਤੀ ਪੱਤਰ ਭੇਜਣਾ ਹੈ ਅਤੇ ਉਸ ਦੇ ਨਾਲ ਅੱਠਵੀਂ ਦਾ ਸਰਟੀਫ਼ਿਕੇਟ ਅਤੇ ਚਰਿੱਤਰ ਸਰਟੀਫ਼ਿਕੇਟ ਨੱਥੀ ਕਰਨਾ ਹੈ।ਮੈਂ ਆਪ ਦੇ ਸਕੂਲ ਵਿੱਚੋਂ ਅਪ੍ਰੈਲ 2018 ਵਿਚ ਅੱਠਵੀਂ ਪਾਸ ਕੀਤੀ ਸੀ।ਕਿਰਪਾ ਕਰਕੇ ਮੇਰਾ ਚਰਿੱਤਰ ਸਰਟੀਫ਼ਿਕੇਟ ਦਿੱਤਾ ਜਾਵੇ ਤਾਂ ਜੋ ਮੈਂ ਸਮੇਂ ਸਿਰ ਬੇਨਤੀ ਭੇਜ ਸਕਾਂ।ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹੋਵਾਂਗਾ ।

ਆਪ ਜੀ ਦਾ ਆਗਿਆਕਾਰ,
ਮਿਤੀ .../12/2020 ਹਰਮਨਦੀਪ ਸਿੰਘ।

### ਮਿਊਂਸੀਪਲ ਕਮੇਟੀ ਦੇ ਪ੍ਰਧਾਨ ਨੂੰ ਮੁਹੱਲੇ ਦੀ ਸਫ਼ਾਈ ਅਤੇ ਗੰਦੇ ਪਾਣੀ ਦੇ ਪ੍ਰਬੰਧ ਨੂੰ ਸੁਧਾਰਨ ਲਈ ਪੱਤਰ ਲਿਖੋ।

ਸੇਵਾ ਵਿਖੇ

ਪ੍ਰਧਾਨ ,
ਨਗਰ-ਨਿਗਮ,
......ਸ਼ਹਿਰ

ਸ੍ਰੀਮਾਨ ਜੀ,

ਮੈਂ ਆਪ ਜੀ ਦਾ ਧਿਆਨ ਆਪਣੇ ਪਿੰਡ ਦੇ ਪੰਡਤਾਂ ਵਾਲੇ ਮੁਹੱਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਉਸ ਮੁਹੱਲੇ ਦੀਆਂ ਗਲੀਆਂ ਵਿੱਚ ਬਹੁਤ ਵੱਡੇ-ਵੱਡੇ ਟੋਏ ਪਏ ਹੋਏ ਹਨ ਅਤੇ ਨਾਲ਼ੀਆਂ ਟੁੱਟੀਆਂ ਹੋਈਆਂ ਹਨ।ਬਰਸਾਤ ਹੋਣ ਕਾਰਨ ਗਲ਼ੀ ਦੇ ਉਹਨਾਂ ਟੋਇਆਂ ਵਿੱਚ ਬਹੁਤ ਪਾਣੀ ਅਤੇ ਗੰਦਗੀ ਜਮ੍ਹਾਂ ਹੋ ਚੁੱਕੀ ਹੈ।ਬਦਬੂ ਕਾਰਨ ਉੱਥੋਂ ਲੰਘਣਾ ਔਖਾ ਹੋ ਗਿਆ ਹੈ।ਉੱਥੇ ਸਫ਼ਾਈ ਕਰਨ ਵਾਲਾ ਕਰਮਚਾਰੀ ਵੀ ਸਹੀ ਤਰੀਕੇ ਨਾਲ ਸਫ਼ਾਈ ਨਹੀਂ ਕਰਦਾ।ਕਿਰਪਾ ਕਰਕੇ ਉਸ ਮੁਹੱਲੇ ਦੀ ਸਫ਼ਾਈ ਵੱਲ ਧਿਆਨ ਦਿੱਤਾ ਜਾਵੇ।ਨਾਲ਼ੀਆਂ ਦੀ ਮੁਰੰਮਤ ਕਰਵਾਈ

ਜਾਵੇ ਤਾਂ ਜੋ ਪਾਣੀ ਦਾ ਸਹੀ ਨਿਕਾਸ ਹੋ ਸਕੇ ਅਤੇ ਗੰਦਗੀ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ। ਉਮੀਦ ਹੈ ਤੁਸੀਂ ਮੇਰੀਆਂ ਉਪਰੋਕਤ ਗੱਲਾਂ ਵੱਲ ਜਰੂਰ ਧਿਆਨ ਦੇਵੋਗੇ।

ਤੁਹਾਡਾ ਸ਼ੁਭਚਿੰਤਕ,
ਮਿਤੀ-22-12-2020 ਪ੍ਰਭਜੋਤ,
ਪਿੰਡ …………।

**ਜ਼ੁਰਮਾਨਾ ਮੁਆਫ਼ੀ ਦੀ ਅਰਜ਼ੀ**

ਸੇਵਾ ਵਿਖੇ

ਮੁੱਖ ਅਧਿਆਪਕ ਜੀ,
ਸਰਕਾਰੀ…… ਸਕੂਲ,
……………।

ਸ੍ਰੀਮਾਨ ਜੀ,

ਸਨਿਮਰ ਬੇਨਤੀ ਹੈ ਕਿ ਮੈਂ ਆਪ ਜੀ ਦੇ ਸਕੂਲ ਵਿੱਚ ਅੱਠਵੀਂ ਜਮਾਤ ਦਾ ਵਿਦਿਆਰਥੀ ਹਾਂ। ਪਿਛਲੇ ਹਫ਼ਤੇ ਹੋਈ ਪ੍ਰੀਖਿਆ ਵਿੱਚ ਮੈਂ ਪੰਜਾਬੀ ਦਾ ਪੇਪਰ ਨਹੀਂ ਦੇ ਸਕਿਆ ਜਿਸ ਕਾਰਨ ਮੈਨੂੰ ਮੇਰੇ ਪੰਜਾਬੀ ਦੇ ਅਧਿਆਪਕ ਨੇ 50 ਰੁਪਏ ਜੁਰਮਾਨਾ ਲਗਾ ਦਿੱਤਾ ਹੈ। ਮੈਂ ਉਸ ਦਿਨ ਬਹੁਤ ਬਿਮਾਰ ਸੀ। ਕੋਸ਼ਿਸ਼ ਕਰਨ ਦੇ ਬਾਵਜੂਦ ਮੈਂ ਪ੍ਰੀਖਿਆ ਦੇਣ ਨਹੀਂ ਆ ਸਕਿਆ। ਮੇਰੇ ਪਿਤਾ ਜੀ ਦੀ ਆਮਦਨ ਬਹੁਤ ਘੱਟ ਹੈ,ਉਹ ਮੇਰੀ ਪੜ੍ਹਾਈ ਦਾ ਖ਼ਰਚਾ ਮੁਸ਼ਕਿਲ ਨਾਲ ਚਲਾਉਂਦੇ ਹਨ। ਕਿਰਪਾ ਕਰ ਕੇ ਮੇਰਾ ਜੁਰਮਾਨਾ ਮੁਆਫ਼ ਕੀਤਾ ਜਾਵੇ। ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰੀ,
ਕਰਨ ਕੁਮਾਰ,
ਜਮਾਤ ਅੱਠਵੀਂ।
ਮਿਤੀ …01/2020 ਰੋਲ ਨੰਬਰ 13

**ਯੋਜਕ ਕਿਸ ਨੂੰ ਕਿਹਾ ਜਾਂਦਾ ਹੈ?**

ਜਿਹੜੇ ਸ਼ਬਦ ਦੋ ਵਾਕਾਂ ਜਾਂ ਦੋ ਵਾਕੰਸ਼ਾਂ ਜਾਂ ਦੋ ਸ਼ਬਦਾਂ ਨੂੰ ਆਪਸ ਵਿੱਚ ਜੋੜਨ, ਉਸ ਨੂੰ ਯੋਜਕ ਕਿਹਾ ਜਾਂਸਾ ਹੈ। ਜਿਵੇਂ:-
(ੳ) ਭੈਣ ਤੇ ਭਰਾ ਜਾ ਰਹੇ ਹਨ।
(ਅ) ਹਰਜੀਤ ਨੇ ਆਖਿਆ ਕਿ ਮੈਂ ਅੱਜ ਬਿਮਾਰ ਹਾਂ।

**ਯੋਜਕ ਦੋ ਪ੍ਰਕਾਰ ਦਾ ਹੁੰਦਾ ਹੈ:**

1. ਸਮਾਨ ਯੋਜਕ: ਦੋ ਪੂਰਨ ਵਾਕਾਂ ਨੂੰ ਆਪਸ ਵਿੱਚ ਜੋੜਨ ਵਾਲਾ ਯੋਜਕ 'ਸਮਾਨ ਯੋਜਕ ਅਖਵਾਉਂਦਾ ਹੈ। ਜਿਵੇਂ:-
ਕ੍ਰਿਸ਼ਨ ਅਤੇ ਬਲਰਾਮ ਦੋਵੇਂ ਭਰਾ ਹਨ।
ਚਾਹ ਵੀ ਪੀਓ ਤੇ ਰੋਟੀ ਵੀ ਖਾਓ।
ਉਹ ਬੁਜ਼ਦਿਲ ਨਹੀਂ ਸਗੋਂ ਬਹਾਦਰ ਹੈ।
ਉਪਰਲੇ ਵਾਕਾਂ ਵਿੱਚ 'ਅਤੇ', 'ਤੇ', 'ਸਗੋਂ' ਸਮਾਨ ਯੋਜਕ ਹਨ।
2. ਅਧੀਨ ਯੋਜਕ: ਜਦੋਂ ਜੋੜੇ ਜਾਣ ਵਾਲੇ ਵਾਕਾਂ ਵਿੱਚੋਂ ਇੱਕ ਅਪੂਰਨ ਵਾਕ ਹੋਵੇ, ਤਾਂ ਉਨ੍ਹਾਂ ਨੂੰ ਜੋੜਨ ਵਾਲੇ ਯੋਜਕ ਨੂੰ ਅਧੀਨ ਯੋਜਕ ਕਿਹਾ ਜਾਂਦਾ ਹੈ। ਜਿਵੇ:-
ਭਾਵੇਂ ਉਹ ਗ਼ਰੀਬ ਹੈ ਫਿਰ ਵੀ ਇਮਾਨਦਾਰ ਹੈ।
ਮੈਂ ਤੁਹਾਡੇ ਲਈ ਮਿਹਨਤ ਕਰਦਾ ਹਾਂ ਤਾਂ ਕਿ ਤੁਸੀਂ ਕੁੱਝ ਬਣ ਸਕੋ।
ਮੈਂ ਜਾਣਦਾ ਹਾਂ ਕਿ ਤੂੰ ਕਿੰਨੇ ਕੁ ਪਾਣੀ ਵਿੱਚ ਹੈ।
ਉਪਰਲੇ ਵਾਕਾਂ ਵਿੱਚ 'ਫਿਰ ਵੀ', 'ਤਾਂ ਕਿ', 'ਕਿ' ਆਦਿ ਸ਼ਬਦ ਅਧੀਨ ਯੋਜਕ ਹਨ।

**ਵਿਸਮਿਕ ਕੀ ਹੁੰਦਾ ਹੈ?**

ਜਿਨ੍ਹਾਂ ਸ਼ਬਦਾਂ ਦੁਆਰਾ ਖ਼ੁਸ਼ੀ, ਗ਼ਮੀ, ਹੈਰਾਨੀ, ਡਰ, ਪ੍ਰਸੰਸਾ, ਆਦਿ ਦੇ ਭਾਵ ਪ੍ਰਗਟ ਹੋਣ, ਉਨਾਂ ਨੂੰ ਵਿਸਮਿਕ ਕਿਹਾ ਜਾਂਦਾ ਹੈ। ਜਿਵੇਂ:-
ਵਾਹ! ਆਹਾ! ਹਾਏ! ਉਹੋ! ਹੈਂ! ।

**ਵਿਸਮਿਕ ਦੀਆਂ ਹੇਠ ਲਿਖੀਆਂ ਕਿਸਮਾਂ ਹਨ:**

1. ਪ੍ਰਸੰਸਾ-ਵਾਚਕ ਵਿਸਮਿਕ – ਜਿਹੜੇ ਸ਼ਬਦਾਂ ਤੋਂ ਪ੍ਰਸੰਸਾ ਦੇ ਭਾਵ ਪ੍ਰਗਟ ਹੋਣ ਉਨ੍ਹਾਂ ਨੂੰ ਪ੍ਰਸੰਸਾ-ਵਾਚਕ ਵਿਸਮਿਕ ਆਖਦੇ ਹਨ। ਜਿਵੇਂ:- ਅਸ਼ਕੇ! ਆਹਾ! ਸ਼ਾਬਾਸ਼! ਸ਼ਾਵਾ! ਖ਼ੂਬ! ਬੱਲੇ! ।
2. ਸ਼ੋਕ-ਵਾਚਕ ਵਿਸਮਿਕ – ਜਿਹੜੇ ਸ਼ਬਦਾਂ ਤੋਂ ਦੁੱਖ ਦੇ ਭਾਵ ਪ੍ਰਗਟ ਹੋਣ ਉਨ੍ਹਾਂ ਨੂੰ ਸ਼ੋਕ-ਵਾਚਕ ਵਿਸਮਿਕ ਆਖਦੇ ਹਨ। ਜਿਵੇਂ:- ਉਫ਼! ਹਾਏ! ਉਹੋ! ਹਾਏ ਰੱਬਾ! ।
3. ਹੈਰਾਨੀ-ਵਾਚਕ ਵਿਸਮਿਕ – ਜਿਹੜੇ ਸ਼ਬਦ ਵਾਕਾਂ ਵਿੱਚ ਹੈਰਾਨੀ ਦੇ ਭਾਵ ਪ੍ਰਗਟ ਕਰਨ ਉਨ੍ਹਾਂ ਨੂੰ ਹੈਰਾਨੀ-ਵਾਚਕ ਵਿਸਮਿਕ ਆਖਦੇ ਹਨ। ਜਿਵੇਂ:- ਓ! ਆਹਾ! ਹੈਂ! ਹੈਂ-ਹੈਂ! ਵਾਹ! ।
4. ਸੂਚਨਾ-ਵਾਚਕ ਵਿਸਮਿਕ – ਜਿਹੜੇ ਸ਼ਬਦ ਸੂਚਨਾ ਦੇਣ ਜਾਂ ਸੁਚੇਤ ਕਰਨ ਲਈ ਵਰਤੇ ਜਾਂਦੇ ਹਨ ਉਨ੍ਹਾਂ ਨੂੰ ਸੂਚਨਾ-ਵਾਚਕ ਆਖਦੇ ਹਨ। ਜਿਵੇਂ:- ਸੁਣੋ ਜੀ! ਹਟੋ ਜੀ! ਖ਼ਬਰਦਾਰ! ਠਹਿਰ ਜਾ!
5. ਸੰਬੋਧਨੀ ਵਿਸਮਿਕ – ਜਿਹੜੇ ਸ਼ਬਦ ਕਿਸੇ ਨੂੰ ਬੁਲਾਉਣ ਲਈ ਬੋਲੇ ਜਾਣ ਅਤੇ ਉਨ੍ਹਾਂ ਦੇ ਪ੍ਰਸੰਗ ਤੋਂ ਪਤਾ ਲੱਗੇ ਕਿ ਸੰਬੋਧਨ ਦੇ ਸ਼ਬਦ ਖ਼ੁਸ਼ੀ, ਗ਼ਮੀ, ਹੈਰਾਨੀ, ਡਰ, ਪ੍ਰਸੰਸਾ, ਸ਼ੁਕਰਾਨਾ, ਆਦਿ ਦੇ ਭਾਵ ਨਾਲ ਜੁੜੇ ਹਨ ਉਦੋਂ ਵਿਸਮਿਕ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ:- ਨੀ ਕੁੜੀਏ!, ਓਏ ਮੁੰਡਿਆ!, ਓਏ ਕਾਕਾ!
6. ਸਤਿਕਾਰ-ਵਾਚਕ ਵਿਸਮਿਕ – ਜਿਹੜੇ ਸ਼ਬਦ ਵਾਕਾਂ ਵਿੱਚ ਸਤਿਕਾਰ ਜਾਂ ਪਿਆਰ ਦੇ ਭਾਵ ਪ੍ਰਗਟ ਕਰਨ ਉਨ੍ਹਾਂ ਨੂੰ ਸਤਿਕਾਰਵਾਚਕ ਕਿਹਾ ਜਾਂਦਾ ਹੈ। ਜਿਵੇਂ:- ਧੰਨ ਭਾਗ!, ਜੀ ਆਇਆਂ ਨੂੰ! ਆਓ ਜੀ!
7. ਫਿਟਕਾਰ-ਵਾਚਕ ਵਿਸਮਿਕ – ਜਿਹੜੇ ਸ਼ਬਦਾਂ ਤੋਂ ਵਾਕਾਂ ਵਿੱਚ ਫਿਟਕਾਰ ਜਾਂ ਲਾਹਨਤ ਦੇ ਭਾਵ ਪ੍ਰਗਟ ਹੋਣ ਉਨ੍ਹਾਂ ਨੂੰ ਫਿਟਕਾਰ-ਵਾਚਕ ਵਿਸਮਿਕ ਕਿਹਾ ਜਾਂਦਾ ਹੈ। ਜਿਵੇਂ:- ਲੱਖ ਲਾਹਨਤ! ਫਿੱਟੇ ਮੂੰਹ!
8. ਅਸੀਸ-ਵਾਚਕ ਵਿਸਮਿਕ – ਜਿਹੜੇ ਸ਼ਬਦ ਵਾਕਾਂ ਵਿੱਚ ਅਸੀਸ ਜਾਂ ਅਸ਼ੀਰਵਾਦ ਦੇ ਭਾਵ ਪ੍ਰਗਟ ਕਰਦੇ ਹਨ ਉਨ੍ਹਾਂ ਨੂੰ ਅਸੀਸ-ਵਾਚਕ ਵਿਸਮਿਕ ਕਿਹਾ ਜਾਂਦਾ ਹੈ। ਜਿਵੇਂ:- ਖ਼ੁਸ਼ ਰਹੁ!, ਜੁਆਨੀਆਂ ਮਾਣ!, ਜਿਉਂਦਾ ਰਹਿ!, ਸਾਂਈਂ ਜੀਵੇ! ।

9. ਇੱਛਾ-ਵਾਚਕ ਵਿਸਮਿਕ – ਜਿਹੜੇ ਸ਼ਬਦ ਮਨ ਦੀ ਇੱਛਾ ਦੇ ਭਾਵ ਪ੍ਰਗਟ ਕਰਨ ਉਨ੍ਹਾਂ ਨੂੰ ਇੱਛਾ-ਵਾਚਕ ਵਿਸਮਿਕ ਆਖਦੇ ਹਨ।ਜਿਵੇਂ:- ਹੇ ਕਰਤਾਰ!, ਹੇ ਵਾਹਿਗੁਰੂ!, ਜੇ ਕਦੇ!, ਕਾਸ਼!।

**ਸ਼ਬਦ-ਜੋੜ ਸ਼ੁੱਧ ਕਰਕੇ ਲਿਖੋ:**

| **ਸ਼ੁੱਧ – ਅਸ਼ੁੱਧ** | **ਸ਼ੁੱਧ – ਅਸ਼ੁੱਧ** | **ਸ਼ੁੱਧ – ਅਸ਼ੁੱਧ** |
|---|---|---|
| ਮੇਹਨਤ – ਮਿਹਨਤ | ਚੋਲ – ਚੌਲ | ਰੈਂਹਦਾ – ਰਹਿੰਦਾ |
| ਵੇਹੜਾ – ਵਿਹੜਾ | ਵੋਹਟੀ – ਵਹੁਟੀ | ਨੇਹਰ – ਨਹਿਰ |
| ਔਰਤ – ਔਰਤ | ਭਿਖਾਰਣ – ਭਿਖਾਰਨ | ਕਚੈਹਰੀ – ਕਚਹਿਰੀ |
| ਸ਼ੇਹਰ – ਸ਼ਹਿਰ | ਆਯਾ – ਆਇਆ | ਪੀਂਗ –ਪੀਂਘ |
| ਬੌਹਤਾ – ਬਹੁਤਾ | ਅਬਿਆਸ – ਅਭਿਆਸ | ਗੋਬੀ – ਗੋਭੀ |
| | ਦੁੱਦ – ਦੁੱਧ | ਸੌਂਹ – ਸਹੁੰ |

**ਬਹੁ-ਅਰਥਕ ਸ਼ਬਦ –** ਉਹ ਸ਼ਬਦ ਜਿਸ ਦੇ ਅਰਥ ਇੱਕ ਤੋਂ ਵੱਧ ਹੋਣ, ਉਸ ਨੂੰ ਬਹੁ ਅਰਥਕ ਸ਼ਬਦ ਕਿਹਾ ਜਾਂਦਾ ਹੈ।

**ਜੋੜ –** ਉਸ ਨੇ ਪੈਸਾ-ਪੈਸਾ ਜੋੜ ਕੇ ਆਪਣੀ ਧੀ ਨੂੰ ਪੜ੍ਹਾਇਆ।
ਉਸ ਨੂੰ ਸ਼ਬਦ-ਜੋੜ ਦੀ ਚੰਗੀ ਸਮਝ ਹੈ।
ਫ਼ਤਹਿਗੜ੍ਹ ਸਾਹਿਬ ਦਾ ਸ਼ਹੀਦੀ ਜੋੜ-ਮੇਲਾ ਪ੍ਰਸਿੱਧ ਹੈ।
ਉਸ ਨੇ ਮੈਨੂੰ ਦੂਰੋਂ ਹੀ ਹੱਥ ਜੋੜ ਦਿੱਤੇ।
ਉਸ ਦੇ ਹੱਥ ਦਾ ਜੋੜ ਟੁੱਟ ਗਿਆ।

**ਟਿੱਕੀ –** ਸੂਰਜ ਦੀ ਟਿੱਕੀ ਨਿਕਲ ਆਈ ਹੈ।
ਬੱਚੇ ਆਲੂ ਦੀ ਟਿੱਕੀ ਪਸੰਦ ਕਰਦੇ ਹਨ।
ਬੱਚੇ ਲਈ ਇੱਕ ਟਿੱਕੀ ਪਕਾ ਲਈ।
ਟਿੱਕੀ ਵਾਲੀ ਸਿਆਹੀ ਦਾ ਹੁਣ ਰਿਵਾਜ਼ ਨਹੀਂ।

**ਡੰਡੀ –** ਵਾਕ ਖ਼ਤਮ ਹੋਣ ਤੋਂ ਬਾਅਦ ਡੰਡੀ ਲਗਦੀ ਹੈ।
ਕੁੜੀ ਨੇ ਕੰਨਾਂ ਵਿੱਚ ਸੋਨੇ ਦੀਆਂ ਡੰਡੀਆਂ ਪਾਈਆਂ ਹਨ।
ਤੱਕੜੀ ਦੀ ਡੰਡੀ ਤੋਂ ਹੱਥ ਪਰੇ ਕਰੋ।
ਸਬਜ਼ੀ ਦੀ ਡੰਡੀ ਤੋਂ ਪਤਾ ਲਗਦਾ ਹੈ ਉਹ ਤਾਜ਼ੀ ਹੈ ਜਾਂ ਬਾਸੀ ।

**ਡੋਲ –** ਉਹ ਸੱਚ ਦੇ ਰਾਹ ਤੋਂ ਡੋਲ ਗਿਆ।
ਉੱਚੀ ਅਵਾਜ਼ ਨਾਲ ਜਖ਼ਮ ‘ਤੇ ਡੋਲ ਪੈਂਦਾ ਹੈ।
ਖੂਹ ਦਾ ਪਾਣੀ ਡੋਲ ਨਾਲ ਕੱਢਿਆ ਜਾਂਦਾ ਹੈ।

**ਤਰ –** ਇਸ ਨਦੀ ਨੂੰ ਤਰ ਕੇ ਹੀ ਪਾਰ ਕੀਤਾ ਜਾ ਸਕਦਾ ਹੈ।
ਜਦੋਂ ਤੱਕ ਕੰਧ ਨੂੰ ਤਰ ਨਹੀਂ ਕਰਦੇ ਸੀਮਿੰਟ ਨਹੀਂ ਠਹਿਰਦਾ।
ਰੋਟੀ ਨਾਲ ਤਰ ਖਾਣੀ ਬਹੁਤ ਲਾਭਕਾਰੀ ਹੈ।

**ਤਾਰ –** ਡਾਕ ਵਿਭਾਗ ਨੇ ਤਾਰ ਭੇਜਣ ਦੀ ਸਹੂਲਤ ਬੰਦ ਕਰ ਦਿੱਤੀ ਹੈ।
ਬਿਜਲੀ ਦੀ ਤਾਰ ਨੂੰ ਢੱਕ ਦਿਓ।
ਉਸ ਨੇ ਬਿਜਲੀ ਦਾ ਬਿੱਲ ਤਾਰ ਦਿੱਤਾ ਹੈ।

**ਧਾਰ –** ਮੈਂ ਧਾਰ ਲਿਆ ਹੈ ਕਿ ਮੈਂ ਅਧਿਆਪਕ ਹੀ ਬਣਨਾ ਹੈ।
ਮੱਝ ਦੀ ਧਾਰ ਕੱਢਣਾ ਵੀ ਕਲਾ ਹੈ।
ਸੱਚ ਬੋਲਣਾ ਤਲਵਾਰ ਦੀ ਧਾਰ ਤੇ ਤੁਰਨ ਬਰਾਬਰ ਹੈ।

**ਪੱਕਾ –** ਇਹ ਅੰਬ ਪੱਕਾ ਹੈ।
ਸਾਡਾ ਮਕਾਨ ਪੱਕਾ ਹੈ।
ਉਹ ਮੇਰਾ ਪੱਕਾ ਮਿੱਤਰ ਹੈ।
ਇਸ ਕੱਪੜੇ ਦਾ ਰੰਗ ਪੱਕਾ ਹੈ।
ਇਹ ਚਿੱਠੀ ਮੇਰੇ ਪੱਕੇ ਪਤੇ ‘ਤੇ ਭੇਜ ਦਿਓ।

**ਫੁੱਟ –** ਪਰਿਵਾਰ ਦੀ ਆਪਸੀ ਫੁੱਟ ਦਾ ਫ਼ਾਇਦਾ ਬਾਹਰ ਵਾਲੇ ਉਠਾਉਂਦੇ ਹਨ।
ਮਾਂ ਨੂੰ ਯਾਦ ਕਰ ਕੇ ਉਹ ਫੁੱਟ-ਫੁੱਟ ਕੇ ਰੋਣ ਲੱਗ ਪਿਆ।
ਫੁੱਟ ਦਾ ਫਲ ਬਹੁਤ ਘੱਟ ਲੋਕ ਖਾਂਦੇ ਹਨ।
ਜਵਾਨ ਹੋ ਰਹੇ ਮੁੰਡਿਆਂ ਦੇ ਮੁੱਛਾਂ ਫੁੱਟ ਆਉਂਦੀਆਂ ਹਨ।

**ਫੁੱਲ –** ਬਾਗ ਵਿੱਚ ਭਾਂਤ-ਭਾਂਤ ਦੇ ਫੁੱਲ ਹੁੰਦੇ ਹਨ।
ਮ੍ਰਿਤਕਾਂ ਦੇ ਫੁੱਲ ਪਵਿੱਤਰ ਨਦੀਆਂ ਵਿੱਚ ਪ੍ਰਵਾਹ ਕੀਤੇ ਜਾਂਦੇ ਹਨ।
ਥੋੜ੍ਹਾ ਭੱਜਣ ਨਾਲ ਕਮਜ਼ੋਰ ਬੰਦੇ ਦਾ ਸਾਹ ਫੁੱਲ ਜਾਂਦਾ ਹੈ।

**ਬੋਲੀ –** ਪੰਜਾਬੀ ਸਾਡੀ ਮਾਂ-ਬੋਲੀ ਹੈ।
ਬੋਲੀ ਗਿੱਧੇ ਦੀ ਆਤਮਾ ਹੁੰਦੀ ਹੈ।
ਬੈਂਕ ਨੇ ਉਸ ਦੇ ਮਕਾਨ ਦੀ ਬੋਲੀ ਲਗਾ ਦਿੱਤੀ।
ਸਾਨੂੰ ਕਦੇ ਕਿਸੇ ਨੂੰ ਬੋਲੀ ਨਹੀਂ ਮਾਰਨੀ ਚਾਹੀਦੀ।

**ਭਰ –** ਉਸ ਨੇ ਚਿੱਤਰ ਵਿੱਚ ਵਧੀਆ ਰੰਗ ਭਰ ਦਿੱਤੇ।
ਉਹ ਭਰ-ਜਵਾਨੀ ਵਿੱਚ ਸ਼ਹੀਦ ਹੋ ਗਿਆ।
ਉਸ ਦਾ ਦੁੱਖ ਸੁਣ ਕੇ ਮੇਰਾ ਮਨ ਭਰ ਆਇਆ।
ਸਮਾਂ ਵੱਡੇ ਜ਼ਖ਼ਮਾਂ ਨੂੰ ਵੀ ਭਰ ਦਿੰਦਾ ਹੈ।

**ਲੜ –** ਨਿੱਕੀ ਜਿਹੀ ਗੱਲ ਤੇ ਲੜਨਾ ਬੱਚਿਆਂ ਦੀ ਆਦਤ ਹੁੰਦੀ ਹੈ।
ਮੋਟਰ ਸਾਈਕਲ ਤੇ ਜਾਂਦੇ ਹੋਏ ਮੇਰੇ ਮੂੰਹ ਤੇ ਭਰਿੰਡ ਲੜ ਗਈ।
ਧੀ ਨੂੰ ਕਿਸੇ ਦੇ ਲੜ ਲਾਉਣ ਤੋਂ ਪਹਿਲਾਂ ਵਰ ਦੀ ਪੂਰੀ ਪੜਤਾਲ ਕਰੋ।
ਚੁੰਨੀ ਦੇ ਲੜ ਨਾਲ ਉਸ ਨੇ ਮੇਰਾ ਜਖਮ ਸਾਫ਼ ਕਰ ਦਿੱਤਾ।

**ਲਾਵਾਂ –** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਲਾਵਾਂ ਲਈਆਂ ਜਾਂਦੀਆਂ ਹਨ।
ਲਾਵਾਂ ਲਗ ਅੱਖਰ ਦੇ ਉੱਪਰ ਲੱਗਦੀ ਹੈ।
ਤੱਕੜੀ ਦੀਆਂ ਲਾਵਾਂ ਉੱਪਰ ਪੂਰਾ ਵਜਨ ਜਾਂਦਾ ਹੈ।

**ਵੱਟ –** ਖੇਤ ਦੀ ਵੱਟ ਉੱਪਰੋਂ ਮੇਰਾ ਪੈਰ ਤਿਲਕ ਗਿਆ।
ਜਦੋਂ ਵੱਟ ਵੱਧ ਜਾਵੇ ਤਾਂ ਮੀਂਹ ਆਉਣ ਦੀ ਸੰਭਾਵਨਾ ਹੁੰਦੀ ਹੈ।
ਹੱਥ ਨਾਲ ਸੇਵੀਆਂ ਵੱਟ ਲਓ ਮਸ਼ੀਨ ਨਾਲ ਉਹ ਗੱਲ ਨਹੀਂ ਬਣਦੀ।

**ਵਾਹ –** ਉਹ ਦੱਬ ਕੇ ਵਾਹ ਅਤੇ ਰੱਜ ਕੇ ਖਾਣ ਵਾਲੀ ਗੱਲ ਵਿੱਚ ਭਰੋਸਾ ਕਰਦਾ ਸੀ।
ਵਾਹ!ਕਿੰਨਾ ਸੋਹਣਾ ਫੁੱਲ ਹੈ।
ਡਾਕਟਰ ਨੇ ਮਰੀਜ਼ ਨੂੰ ਠੀਕ ਕਰਨ ਲਈ ਪੂਰੀ ਵਾਹ ਲਾ ਦਿੱਤੀ।

**ਵਾਰ –** ਸ਼ਹੀਦ ਭਗਤ ਸਿੰਘ ਨੇ ਦੇਸ ਲਈ ਆਪਣੀ ਜਾਨ ਵਾਰ ਦਿੱਤੀ।
ਚੰਡੀ ਦੀ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀ।
ਮੈਂ ਕਈ ਵਾਰ ਆਪਣੇ ਹੱਥ ਨਾਲ ਪੌਦੇ ਲਗਾਏ ਹਨ।
ਹਫ਼ਤੇ ਵਿੱਚ ਸੱਤ ਵਾਰ ਹੁੰਦੇ ਹਨ।

**ਵੇਲ –** ਬਾਂਦਰ ਨੇ ਅੰਗੂਰਾਂ ਦੀ ਸਾਰੀ ਵੇਲ ਖ਼ਰਾਬ ਕਰ ਦਿੱਤੀ।
ਉਸ ਨੇ ਦਸ ਰੁਪਏ ਦੀ ਵੇਲ ਵਰ ਦੇ ਸਿਰ ਤੋਂ ਕੀਤੀ।
ਰੋਟੀ ਵੇਲ ਵੇਲ ਕੇ ਉਹ ਥੱਕ ਗਿਆ ਪਰ ਰੋਟੀ ਨੂੰ ਗੋਲ ਨਾ ਕਰ ਸਕਿਆ।

**ਮੁਹਾਵਰਾ ਕੀ ਹੁੰਦਾ ਹੈ?**
ਸ਼ਬਦਾਂ ਦਾ ਉਹ ਸਮੂਹ ਜਿਸ ਦੇ ਜਿਸ ਦੇ ਸ਼ਾਬਦਿਕ ਅਰਥ ਕੁਝ ਹੋਰ ਅਤੇ ਭਾਵ ਅਰਥ ਕੁਝ ਹੋਰ ਹੋਣ, ਉਸ ਨੂੰ ਮੁਹਾਵਰਾ ਆਖਿਆ ਜਾਂਦਾ ਹੈ।
1. ਸਰ ਕਰਨਾ (ਜਿੱਤ ਲੈਣਾ) ਸਿੱਖਾਂ ਨੇ ਮੁਗ਼ਲਾਂ ਦੇ ਕਈ ਕਿਲੇ ਸਰ ਕਰ ਲਏ।
2. ਸਿਰੋਂ ਪਾਣੀ ਲੰਘਣਾ (ਹੱਦ ਹੋ ਜਾਣੀ) ਜਦੋਂ ਸਿਰੋਂ ਪਾਣੀ ਲੰਘ ਜਾਵੇ ਤਾਂ ਮਨੁੱਖ ਨੂੰ ਵਿਚਾਰ ਕਰ ਲੈਣਾ ਚਾਹੀਦਾ ਹੈ।
3. ਕੰਨਾਂ ਦਾ ਕੱਚਾ ਹੋਣਾ (ਲਾਈ-ਲੱਗ ਹੋਣਾ) ਹਰੀਸ਼ ਕੰਨਾਂ ਦਾ ਕੱਚਾ ਹੈ ਹਰ ਇੱਕ ਦੀ ਗੱਲ ਤੇ ਵਿਸ਼ਵਾਸ ਕਰ ਲੈਂਦਾ ਹੈ।
4. ਗੁੱਡੀ ਚੜ੍ਹਨੀ (ਮਾਣ-ਇਜ਼ਤ ਵਧਣਾ) ਆਪਣੇ ਚੰਗੇ ਕੰਮਾਂ ਕਰਕੇ ਹੀ ਇਨਸਾਨ ਦੀ ਗੁੱਡੀ ਚੜਦੀ ਹੈ।
5. ਜਾਨ ਤਲੀ ‘ਤੇ ਧਰਨਾ (ਜਾਨ ਨੂੰ ਖ਼ਤਰੇ ਵਿੱਚ ਪਾਉਣਾ) ਸੈਨਿਕ ਜਾਨ ਤਲੀ ‘ਤੇ ਧਰ ਕੇ ਦੇਸ ਦੀ ਰੱਖਿਆ ਕਰਦੇ ਹਨ।
6. ਢਿੱਡ ਵਿੱਚ ਚੂਹੇ ਨੱਚਣਾ (ਬਹੁਤ ਭੁੱਖ ਲੱਗਣੀ) ਸਾਰਾ ਦਿਨ ਲਗਾਤਾਰ ਕੰਮ ਕਰਦੇ ਰਹਿਣ ਕਾਰਨ ਮੇਰੇ ਢਿੱਡ ਵਿੱਚ ਚੂਹੇ ਨੱਚਣ ਲਗ ਪਏ।
7. ਪਿੱਠ ਠੋਕਣੀ (ਹੱਲਾਸ਼ੇਰੀ ਦੇਣੀ) ਮੇਰੇ ਪਿਤਾ ਜੀ ਨੇ ਚੰਗੇ ਕੰਮ ਲਈ ਮੇਰੀ ਪਿੱਠ ਠੋਕੀ।
8. ਮੱਖੀ ‘ਤੇ ਮੱਖੀ ਮਾਰਨੀ (ਇੰਨ-ਬਿੰਨ ਨਕਲ ਕਰਨੀ) ਮੱਖੀ ‘ਤੇ ਮੱਖੀ ਮਾਰਨ ਦਾ ਕੋਈ ਫਾਇਦਾ ਨਹੀਂ ਆਪਣੀ ਕਲਾ ਵੀ ਦਿਖਾਉਣੀ ਚਾਹੀਦੀ ਹੈ।
9. ਮੌਤ ਦੇ ਘਾਟ ਉਤਾਰਨਾ (ਮਾਰ ਦੇਣਾ) ਸੈਨਿਕਾਂ ਨੇ ਅੱਤਵਾਦੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ।
10. ਰੰਗ ਲੱਗਣਾ (ਸ਼ੋਭਾ ਵੱਧਣੀ) ਜਦੋਂ ਦਾ ਮੇਰੇ ਘਰ ਧੀ ਦਾ ਜਨਮ ਹੋਇਆ ਹੈ ਮੇਰੇ ਘਰ ਰੰਗ ਲਗ ਗਏ ਹਨ।

**ਅਖਾਣ ਕੀ ਹੁੰਦੀ ਹੈ?**
ਉਹ ਸੰਜਮ ਤੇ ਲੈਅ ਭਰਪੂਰ ਚੁਸਤ ਵਾਕ ਜਿਨ੍ਹਾਂ ਵਿੱਚ ਜੀਵਨ ਬਾਰੇ ਕੋਈ ਤੱਥ ਜਾਂ ਨਿਰਨਾ ਪ੍ਰਭਾਵਸ਼ਾਲੀ ਵਿਧੀ ਨਾਲ ਸਮੋਇਆ ਹੁੰਦਾ ਹੈ, ਅਖਾਣ ਕਹਾਉਂਦਾ ਹੈ।
**ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ ‘ਤੇ** (ਕਸੂਰ ਕਿਸੇ ਦਾ ਗੁੱਸਾ ਕਿਸੇ ‘ਤੇ) ਸਕੂਲੋਂ ਮਿਲਿਆ ਕੰਮ ਨਾ ਕਰਨ ਕਰਕੇ ਹਰਮੇਲ ਨੂੰ ਅਧਿਆਪਕ ਤੋਂ ਮਾਰ ਪਈ ਘਰ ਆ ਕੇ ਹਰਮੇਲ ਨੇ ਆਪਣੇ ਛੋਟੇ ਭਰਾ ਨੂੰ ਚਪੇੜ ਜੜ ਦਿੱਤੀ ਤਾਂ ਉਸ ਦੇ ਭਰਾ ਨੇ ਕਿਹਾ, ‘ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ ‘ਤੇ’ ।
**ਦਾਲ਼ ਵਿੱਚ ਕੁੱਝ ਕਾਲ਼ਾ ਹੋਣਾ** (ਮਾਮਲੇ ਵਿੱਚ ਕੁੱਝ ਹੇਰਾ-ਫੇਰੀ ਦਾ ਸ਼ੱਕ ਹੋਣਾ) ਜਦੋਂ ਮੁੱਖ ਅਧਿਆਪਕ ਨੇ ਸਕੂਲ ਪ੍ਰਬੰਧਕ ਕਮੇਟੀ ਕੋਲ ਵਧਾ-ਚੜ੍ਹਾ ਕੇ ਸ਼ਿਕਾਇਤ ਕੀਤੀ ਤਾਂ ਕਮੇਟੀ ਨੂੰ ਦਾਲ਼ ਵਿੱਚ ਕੁੱਝ ਕਾਲ਼ਾ ਜਾਪਿਆ।
**ਘਰ ਦੀ ਮੁਰਗੀ ਦਾਲ਼ ਬਰਾਬਰ** (ਘਰ ਦੀ ਚੰਗੀ ਚੀਜ਼ ਨੂੰ ਮਾੜਾ ਸਮਝਣਾ) ਭਾਰਤੀ ਕੋਚ ਵਿਦੇਸ਼ੀ ਕੋਚਾਂ ਨਾਲੋਂ ਕਿਤੇ ਵਧੀਆ ਹਨ।ਅਸੀਂ ਘਰ ਦੀ ਮੁਰਗੀ ਦਾਲ਼ ਬਰਾਬਰ ਸਮਝ ਕੇ ਉਹਨਾਂ ਦਾ ਮੁੱਲ ਨਹੀਂ ਪਾਉਂਦੇ।
**ਘਰ ਦਾ ਭੇਤੀ ਲੰਕਾ ਢਾਹੇ** (ਭੇਤੀ ਆਦਮੀ ਵਧੇਰੇ ਨੁਕਸਾਨ ਪਹੁੰਚਾ ਸਕਦਾ ਹੈ) ਭਾਰਤ ਨੂੰ ਬਰਬਾਦ ਕਰਨ ਵਾਲੇ ਭਾਰਤ ਦੇ ਹੀ ਮੰਤਰੀ ਹਨ, ਕਿਸੇ ਹੇ ਸੱਚ ਹੀ ਕਿਹਾ ਹੈ, ‘ਘਰ ਦਾ ਭੇਤੀ ਲੰਕਾ ਢਾਹੇ।’
**ਗਾਂ ਨਾਂ ਵੱਛੀ ਨੀਂਦਰ ਆਵੇ ਅੱਛੀ** (ਜਿਸ ਦੇ ਸਿਰ ‘ਤੇ ਕੋਈ ਜ਼ਿੰਮੇਵਾਰੀ ਨਾ ਹੋਵੇ) ਛੜਾ ਹੋਣ ਕਾਰਨ ਸੰਤੇ ਨੂੰ ਕਿਸੇ ਗੱਲ ਦੀ ਚਿੰਤਾ ਨਹੀਂ।ਸਿਆਣੇ ਕਹਿੰਦੇ ਹਨ, ‘ਗਾਂ ਨਾਂ ਵੱਛੀ ਨੀਂਦਰ ਆਵੇ ਅੱਛੀ।’

**ਤਿਆਰ ਕਰਤਾ: ਗੁਰਪ੍ਰੀਤ ਸਿੰਘ ਰੂਪਰਾ (ਪੰਜਾਬੀ ਮਾਸਟਰ) ਸਮਿਸ ਪੱਖੀ ਖੁਰਦ, ਫ਼ਰੀਦਕੋਟ ਅਤੇ ਹੋਰ ਅਧਿਆਪਕ**
**ਕੰਪਾਇਲ ਕਰਤਾ: ਅਜੈ ਕੁਮਾਰ, ਅੰਗ੍ਰੇਜ਼ੀ ਮਾਸਟਰ, ਸਹਸ ਬੋਪਾਰਾਏ ਕਲਾਂ, ਨਕੋਦਰ-2, ਜਲੰਧਰ**

# ਧੰਨਵਾਦ !